# ਕੈਨੇਡੀਅਨ ਪੰਜਾਬੀ ਪੋਸਟ

Award winning newspaper | Canadian Punjabi Post

Vol 19*Issue 210 | Friday, October 30, 2020 | Tel: 905-793-2202 | Fax: 905-793-2282 | news@punjabipost.ca

To view our online newspaper visit punjabipost.ca/epaper | THE ONLY DAILY PUNJABI NEWSPAPER | ਹੁਣ ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ



Fair Advice Care — RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

JOSHI LAW OFFICE
Barrister, Solicitor & Notary Public
Immigration
Real Estate
Commercial Law
Affidavit
Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON


## ਪੰਜਾਬ ਤੇ ਕੇਂਦਰ ਦੀ ਤਣਾ-ਤਣੀ

# ਕੈਪਟਨ ਅਮਰਿੰਦਰ ਸਿੰਘ ਨੇ ਰਾਸ਼ਟਰਪਤੀ ਤੋਂ ਮੁਲਾਕਾਤ ਲਈ ਸਮਾਂ ਲਿਆ

* ਰਾਸ਼ਟਰਪਤੀ ਨੇ 4 ਨਵੰਬਰ ਨੂੰ ਮਿਲਣ ਦਾ ਸਮਾਂ ਦਿੱਤਾ * ਸਾਰੀਆਂ ਪਾਰਟੀਆਂ ਦੇ ਵਿਧਾਇਕਾਂ ਨੂੰ ਨਾਲ ਚੱਲਣ ਦੀ ਅਪੀਲ

ਚੰਡੀਗੜ੍ਹ, 29 ਅਕਤੂਬਰ, (ਪੋਸਟ ਬਿਊਰੋ)- ਭਾਰਤ ਸਰਕਾਰ ਦੇ ਕੁਝ ਕਦਮਾਂ ਕਾਰਨ ਪੰਜਾਬ ਸਰਕਾਰ ਨਾਲ ਤਨਾਅ ਦੇ ਵਧਦੇ ਜਾਣ ਵਾਲੇ ਹਾਲਾਤ ਵਿੱਚਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਅੱਜ ਭਾਰਤ ਦੇ ਰਾਸ਼ਟਰਪਤੀ ਨੂੰ ਮਿਲਣ ਦਾ ਸਮਾਂ ਮੰਗ ਲਿਆ ਹੈ। ਰਾਸ਼ਟਰਪਤੀ ਭਵਨ ਨੇ ਉਨ੍ਹਾਂ ਨੂੰ 4 ਨਵੰਬਰ ਨੂੰ ਮਿਲਣ ਲਈ ਸਮਾਂ ਦੇ ਦਿੱਤਾ ਹੈ। ਇਸ ਦੇ ਨਾਲ ਕੈਪਟਨ ਅਮਰਿੰਦਰ ਸਿੰਘ ਨੇ ਪੰਜਾਬ ਦੀਆਂ ਸਾਰੀਆਂ ਰਾਜਨੀਤਕ ਪਾਰਟੀਆਂ ਦੇ ਵਿਧਾਇਕਾਂ ਨੂੰ ਇਸ ਮੌਕੇ ਉਨ੍ਹਾਂ ਦੇ ਨਾਲ ਰਾਸ਼ਟਰਪਤੀ ਕੋਲ ਚੱਲਣ ਦੀ ਅਪੀਲ ਕੀਤੀ ਹੈ।

ਕੈਪਟਨ ਅਮਰਿੰਦਰ ਸਿੰਘ ਨੇ ਪੰਜਾਬ ਦੀਆਂ ਸਭ ਰਾਜਸੀ ਪਾਰਟੀਆਂ ਦੇ ਵਿਧਾਇਕਾਂ ਨੂੰ ਅੱਜ ਇਹ ਅਪੀਲ ਕੀਤੀ ਹੈ ਕਿ ਕੇਂਦਰ ਸਰਕਾਰ ਦੇ ਕਿਸਾਨ-ਮਾਰੂ ਖੇਤੀ ਕਾਨੂੰਨਾਂ ਨੂੰ ਬੇਅਸਰ ਕਰਨ ਲਈ ਪੰਜਾਬ ਵਿਧਾਨ ਸਭਾ ਵੱਲੋਂ ਪਾਸ ਕੀਤੇ ਖੇਤੀ ਸੋਧ ਕਾਨੂੰਨਾਂ



ਉੱਤੇ ਛੇਤੀ ਸਹਿਮਤੀ ਪ੍ਰਾਪਤ ਕਰਨ ਲਈ 4 ਨਵੰਬਰ ਨੂੰ ਭਾਰਤ ਦੇ ਰਾਸ਼ਟਰਪਤੀ ਨੂੰ ਮਿਲਣ ਤੇ ਯਾਦ ਪੱਤਰ ਦੇਣ ਲਈ ਉਹ ਵੀ ਉਨ੍ਹਾਂ ਨਾਲ ਚੱਲਣ। ਅੱਜ ਏਥੇ ਮੁੱਖ ਮੰਤਰੀ ਦਫ਼ਤਰ ਦੇ ਬੁਲਾਰੇ ਨੇ ਦੱਸਿਆ ਕਿ ਮੁੱਖ ਮੰਤਰੀ ਨੇ ਪ੍ਰੈੱਸ ਬਿਆਨ ਰਾਹੀਂ ਸਾਰੇ ਵਿਧਾਇਕਾਂ ਨੂੰ ਪੰਜਾਬ ਦੇ ਸਾਂਝੇ ਹਿੱਤਾਂ ਦੀ ਰਾਖੀ ਲਈ ਖੜੇ ਹੋਣ ਅਤੇ ਪਾਰਟੀ ਲੀਹਾਂ ਤੋਂ ਉਪਰ ਉੱਠ ਕੇ ਸਾਥ ਦੇਣ ਦੀ ਅਪੀਲ ਕਰਦਿਆਂ ਕਿਹਾ ਕਿ ਕੇਂਦਰ ਸਰਕਾਰ ਵੱਲੋਂਸਾਡੇ ਹਿੱਤਾਂ ਨੂੰ ਲਿਤਾੜਿਆ ਜਾ ਰਿਹਾ ਹੈ ਅਤੇ ਕੇਂਦਰ ਸਰਕਾਰ ਵੱਲੋਂਪਿੱਛੇ ਜਿਹੇ ਪਾਸ ਕੀਤੇ ਤਿੰਨ ਖੇਤੀ ਕਾਨੂੰਨ ਪੰਜਾਬ ਦੇ ਕਿਸਾਨ ਭਾਈਚਾਰੇ ਲਈ ਮਾਰੂ ਸਿੱਧ ਹੋਣਗੇ। ਉਨ੍ਹਾਂ ਕਿਹਾ ਕਿ ਕਿਸਾਨੀ ਸਾਡੇ ਆਰਥਿਕ ਢਾਂਚੇ ਦੇ ਨਾਲ ਮੰਡੀ ਪ੍ਰਣਾਲੀ ਤੇ ਘੱਟੋ-ਘੱਟ ਸਮਰਥਨ ਮੁੱਲ ਦੀ ਰੀੜ੍ਹ ਦੀ ਹੱਡੀ ਹੈ। ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਦੇ ਹਿੱਤਾਂ ਦੀ ਰਾਖੀ ਕਰਨਾ ਉਨ੍ਹਾਂ ਦਾ ਫਰਜ਼ ਹੈ ਤੇ ਪੰਜਾਬ ਵਿਧਾਨ ਸਭਾ ਵਿੱਚ ਪਾਸ ਕੀਤੇ ਸੋਧ ਬਿੱਲ ਇਸ ਦਾ ਸਬੂਤ ਹਨ। ਵਰਨਣ ਯੋਗ ਹੈ ਕਿ ਮੁੱਖ ਮੰਤਰੀ ਪਹਿਲਾਂ ਰਾਸ਼ਟਰਪਤੀ ਤੋਂ ਸਮਾਂ ਮੰਗ ਚੁੱਕੇ ਹਨ। ਇਸ ਦੌਰਾਨ ਮੁੱਖ ਮੰਤਰੀ ਨੇ ਕੇਂਦਰ ਸਰਕਾਰ ਵੱਲੋਂ ਪੰਜਾਬ ਨੂੰ ਜਾਂਦੀਆਂ ਮਾਲ ਗੱਡੀਆਂ ਰੋਕਣ ਤੇ ਪੇਂਡੂ ਵਿਕਾਸ ਫੰਡ ਰੋਕ ਲੈਣ ਉੱਤੇ ਗੰਭੀਰ ਚਿੰਤਾ ਜ਼ਾਹਰ ਕੀਤੀ ਹੈ, ਜੋ ਪਿੰਡਾਂ ਦੇ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਬਣਾਉਣ ਲਈ ਬੜਾ ਅਹਿਮ ਹੈ ਅਤੇ ਇਸ ਕਦਮ ਤੋਂਪੰਜਾਬ ਦੀ ਵਿੱਤੀ ਅਤੇ ਆਰਥਿਕ ਨਾਕਾਬੰਦੀ ਦਾ ਪ੍ਰਭਾਵ ਮਿਲਦਾ ਹੈ।

## ਅੰਦਰ ਪੜ੍ਹੋ

ਵਿਆਜ਼ ਦਰਾਂ 'ਚ ਵਾਧਾ ਨਹੀਂ ਕਰੇਗਾ ਬੈਂਕ ਆਫ ਕੈਨੇਡਾ




ਪੰਨਾ 04

ਫੋਰਡ ਸਰਕਾਰ ਨੇ ਹਸਪਤਾਲਾਂ ਵਿੱਚ 760 ਬੈੱਡਜ਼ ਵਧਾਉਣ ਦਾ ਕੀਤਾ ਐਲਾਨ



ਪੰਨਾ 14

## ਫੂਡ ਡਲਿਵਰ ਕਰਨ ਵਾਲੇ ਐਪਸ ਵੱਲੋਂ ਵੱਧ ਚਾਰਜ ਕਰਨ ਖਿਲਾਫ ਸਿਟੀ ਕਾਉਂਸਲ ਨੇ ਪੁਗਾਇਆ ਮਤਾ



ਟੋਰਾਂਟੋ, 29 ਅਕਤੂਬਰ (ਪੋਸਟ ਬਿਊਰੋ) : ਟੋਰਾਂਟੋ ਸਿਟੀ ਕਾਉਂਸਲ ਵੱਲੋਂ ਉਸ ਮਤੇ ਦੇ ਪੱਖ ਵਿੱਚ ਸਰਬਸੰਮਤੀ ਨਾਲ ਵੋਟ ਪਾਈ ਗਈ ਹੈ ਜਿਸ ਵਿੱਚ ਡਲਿਵਰੀ ਐਪਸ ਵੱਲੋਂ ਫੂਡ ਡਲਿਵਰ ਕਰਨ ਲਈ ਰੈਸਟੋਰੈਂਟਸ ਤੋਂ ਚਾਰਜ ਕੀਤੀ ਜਾਣ ਵਾਲੀ ਫੀਸ ਨੂੰ ਠੱਲ੍ਹ ਪਾਉਣ ਦੀ ਪੈਰਵੀ ਕੀਤੀ ਗਈ ਹੈ।

ਮਹਾਂਮਾਰੀ ਦੀ ਸ਼ੁਰੂਆਤ ਤੋਂ ਲੈ ਕੇ ਹੁਣ ਤੱਕ ਫੂਡ ਡਲਿਵਰੀ ਐਪ ਕਾਫੀ ਹਰਮਨਪਿਆਰੇ ਹੋਏ ਹਨ। ਇਸ ਰਾਹੀਂ ਲੋਕਾਂ ਦੇ ਸੰਪਰਕ ਵਿੱਚ ਬਹੁਤ ਘੱਟ ਆਏ ਬਿਨਾਂ ਤੁਹਾਨੂੰ ਤੁਹਾਡਾ ਪਸੰਦੀਦਾ ਖਾਣਾ ਘਰ ਦੇ ਦਰਵਾਜ਼ੇ ਉੱਤੇ ਹੀ ਮਿਲ ਜਾਂਦਾ ਹੈ।

ਭਰ ਕੁੱਝ ਐਪਸ 30 ਫੀ ਸਦੀ ਫੀਸ ਵਸੂਲਦੇ ਹਨ। ਇਹ ਫੀਸ ਉਨ੍ਹਾਂ ਰੈਸਟੋਰੈਂਟਸ ਲਈ ਕਾਫੀ ਜ਼ਿਆਦਾ ਹੈ ਜਿਹੜੇ ਪਹਿਲਾਂ ਹੀ ਮਹਾਂਮਾਰੀ ਕਾਰਨ ਸੰਘਰਸ਼ ਕਰ ਰਹੇ ਹਨ। ਮੇਅਰ ਜੌਹਨ ਟੋਰੀ ਚਾਹੁੰਦੇ ਹਨ ਕਿ ਇਸ ਪਾਸੇ ਕੁੱਝ ਹੋਵੇ। ਉਨ੍ਹਾਂ ਨੂੰ ਪੂਰੀ ਆਸ ਹੈ ਕਿ ਕੰਪਨੀਆਂ ਆਪ ਹੀ ਇਸ ਬਾਰੇ ਕੁੱਝ ਸੋਚਣਗੀਆਂ ਤੇ ਫੀਸਾਂ ਘਟਾਉਣਗੀਆਂ। ਉਨ੍ਹਾਂ ਆਖਿਆ ਕਿ ਇਸ ਦੀ ਕੋਈ ਤੁਕ ਨਹੀਂ ਬਣਦੀ ਕਿ ਖਾਣਾ ਡਲਿਵਰ ਕਰਨ ਨਾਲ ਅਖੀਰ ਵਿੱਚ ਉਨ੍ਹਾਂ ਨੂੰ ਹੀ ਨੁਕਸਾਨ ਹੋਵੇ।

ਕਾਉਂਸਲਰ ਮਾਈਕਲ ਫੋਰਡ ਨੇ ਆਖਿਆ ਕਿ ਇਹ ਸਹੀ ਦਿਸ਼ਾ ਵੱਲ ਚੁੱਕਿਆ ਗਿਆ ਸਹੀ ਕਦਮ ਹੈ। ਪ੍ਰੀਮੀਅਰ ਫੋਰਡ ਦਾ ਵੀ ਇਹੋ ਕਹਿਣਾ ਹੈ ਕਿ ਇਹ ਫੀਸਾਂ ਕਾਫੀ ਜ਼ਿਆਦਾ ਹਨ। ਉਨ੍ਹਾਂ ਆਖਿਆ ਕਿ ਇਸ ਬਾਰੇ ਉਹ ਮੇਅਰ ਟੋਰੀ ਨਾਲ ਗੱਲਬਾਤ ਕਰਨ ਦੇ ਚਾਹਵਾਨ ਹਨ।

## ਪੰਜਾਬ ਵਿੱਚ ਟਰੇਨ ਸਰਵਿਸ ਕੇਂਦਰ ਸਰਕਾਰ ਵੱਲੋਂ ਅਜੇ ਵੀ ਨਹੀਂ ਚਲਾਈ ਜਾਵੇਗੀ

* ਬੀਕੇਯੂ (ਉਗਰਾਹਾਂ) ਵੱਲੋਂ ਰੇਲ ਲਾਈਨਾਂ ਤੋਂ ਧਰਨਾ ਚੁੱਕਣ ਤੋਂ ਇਨਕਾਰ



ਚੰਡੀਗੜ੍ਹ, 29 ਅਕਤੂਬਰ, (ਪੋਸਟ ਬਿਊਰੋ)- ਪੰਜਾਬ ਵਿੱਚ ਰੇਲ ਗੱਡੀਆਂ ਦੀ ਸੇਵਾ ਮੁੜ ਕੇ ਸ਼ੁਰੂ ਹੋਣ ਵਿੱਚ ਹੋਰ ਸਮਾਂ ਲੱਗ ਸਕਦਾ ਹੈ, ਕਿਉਂਕਿ ਭਾਰਤੀ ਕਿਸਾਨ ਯੂਨੀਅਨ (ਏਕਤਾ ਉਗਰਾਹਾਂ) ਨੇ ਤਿੰਨ ਥਰਮਲ ਪਲਾਂਟਾ ਵਿੱਚੋਂ ਦੋਂਹ ਨੂੰ ਜਾਣ ਵਾਲੀ ਸਰਵਿਸ ਚਾਲੂ ਕਰਨ ਲਈ ਰੇਲਵੇ ਟਰੈਕਾਂ ਉੱਤੇਲੱਗੇ ਧਰਨੇ ਚੁੱਕਣ ਤੋਂ ਇਨਕਾਰ ਕਰ ਦਿੱਤਾ ਹੈ।

ਇਸ ਸੰਬੰਧ ਵਿੱਚ ਅੱਜ ਵੀਰਵਾਰ ਦੁਪਹਿਰ ਨੂੰ ਪੰਜਾਬ ਦੇ ਮੰਤਰੀਆਂ ਦੀ ਤਿੰਨ ਮੈਂਬਰੀ ਕਮੇਟੀ ਨੇਪੰਜਾਬ ਦੀ ਸਭ ਤੋਂ ਵੱਡੀ ਕਿਸਾਨ ਯੂਨੀਅਨ ਦੇ ਪ੍ਰਤੀਨਿਧਾਂ ਨਾਲ ਇੱਕ ਹੰਗਾਮੀ ਮੀਟਿੰਗ ਸੱਦੀ ਸੀ ਤਾਂ ਜੋ ਉਹ ਇਸ ਯੂਨੀਅਨ ਨੂੰ ਧਰਨਾ ਹਟਾਉਣ ਲਈ ਮਨਾ ਸਕਣ। ਭਾਰਤ ਸਰਕਾਰ ਦੇ ਰੇਲ ਮੰਤਰਾਲੇ ਨੇ ਪੰਜਾਬ ਦੀ ਕਾਂਗਰਸ ਸਰਕਾਰ ਨੂੰ ਸਾਫਕਿਹਾ ਹੈ ਕਿ ਉਹ ਸਾਰੇ ਧਰਨਾ ਹਟਾਏ ਜਾਣ ਤੱਕ ਇਸ ਰਾਜਦੀ ਰੇਲ ਸੇਵਾ ਚਾਲੂਨਹੀਂ ਕਰਨਗੇ।ਬਾਕੀ ਦੀਆਂ 30 ਕਿਸਾਨ ਯੂਨੀਅਨਾਂ ਪਹਿਲਾਂ ਹੀ ਇਸ ਅੰਦੋਲਨ ਦੌਰਾਨ ਰੇਲ ਪਟੜੀਆਂ ਤੋਂ ਧਰਨੇ ਹਟਾ ਕੇ ਕੇਂਦਰ ਦੀ ਭਾਜਪਾ ਦੀ ਅਗਵਾਈ ਵਾਲੀ ਸਰਕਾਰ ਵਿਰੁੱਧ ਸੰਘਰਸ਼ ਦਾ ਰੁਖ ਮੋੜ ਰਹੀਆਂ ਹਨ।

...ਬਾਕੀ ਪੰਨਾ 6 'ਤੇ

## ਓਕਵਿੱਲ ਦੇ ਸਕੂਲ ਵਿੱਚ ਪੱਖਪਾਤ ਸਬੰਧੀ ਮਿਲੀਆਂ ਸ਼ਿਕਾਇਤਾਂ ਦੀ ਕਰਵਾਈ ਜਾਵੇਗੀ ਜਾਂਚ



ਹਾਲਟਨ, 29 ਅਕਤੂਬਰ (ਪੋਸਟ ਬਿਊਰੋ) : ਓਕਵਿੱਲ ਹਾਈ ਸਕੂਲ ਵਿੱਚ ਹੋ ਰਹੇ ਪ੍ਰਣਾਲੀਗਤ ਪੱਖਪਾਤ ਦੇ ਸਬੰਧ ਵਿੱਚ ਮਿਲ ਰਹੀਆਂ ਦਰਜਨਾਂ ਸ਼ਿਕਾਇਤਾਂ ਤੋਂ ਬਾਅਦ ਹਾਲਟਨ ਡਿਸਟ੍ਰਿਕਟ ਸਕੂਲ ਬੋਰਡ ਵੱਲੋਂ ਤੀਜੀ ਧਿਰ ਤੋਂ ਜਾਂਚ ਕਰਵਾਉਣ ਦਾ ਫੈਸਲਾ ਕੀਤਾ ਗਿਆ ਹੈ।

ਓਕਵਿੱਲ ਦੇ ਟਰੈਫਲਗਰ ਹਾਈ ਸਕੂਲ ਦੇ 12ਵੀਂ ਕਲਾਸ ਦੀ ਵਿਦਿਆਰਥਣ ਨੇ ਦੱਸਿਆ ਕਿ ਯੂਨੀਵਰਸਿਟੀ ਐਪਲੀਕੇਸ਼ਨ ਲਈ ਉਸ ਨੂੰ ਜਿੰਨੇਂ ਅੰਕ ਚਾਹੀਦੇ ਸਨ ਉਨ੍ਹਾਂ ਨੂੰ ਗਾਈਡੈਂਸ ਕਾਉਂਸਲਰ ਵੱਲੋਂ ਮਨਮਾਨੇ ਢੰਗ ਨਾਲ ਘਟਾਇਆ ਗਿਆ।ਸਬੰਧਤ ਵਿਦਿਆਰਥਣ ਨੂੰ ਯੂਕੇ ਦੇ ਸਕੂਲ ਵਿੱਚ ਦਾਖਲੇ ਲਈ ਖਾਸ ਗ੍ਰੇਡਜ਼ ਚਾਹੀਦੇ ਸਨ ਪਰ ਐਂਟੀ ਬਲੈਕ ਨਸਲਵਾਦ ਕਾਰਨ ਉਸ ਨੂੰ ਘੱਟ ਅੰਕ ਦਿੱਤੇ ਗਏ।

ਇਨਸਟਾਗ੍ਰਾਮ ਉੱਤੇ ਇੱਕ ਪੋਸਟ ਵਾਇਰਲ ਹੋਣ ਤੋਂ ਬਾਅਦ ਮੈਡੀਨਾ ਜੋਨਜ਼ ਨੇ ਆਖਿਆ ਕਿ ਕਈ ਪੁਰਾਣੇ ਤੇ ਨਵੇ ਵਿਦਿਆਰਥੀਆਂ ਨੇ ਨਸਲਵਾਦ ਨਾਲ ਜੁੜੀਆਂ ਆਪਣੀਆਂ ਸਟੋਰੀਜ਼ ਪਾਉਣੀਆਂ ਸ਼ੁਰੂ ਕਰ ਦਿੱਤੀਆਂ।ਇਸ ਲੜਕੀ ਤੇ ਉਸ ਦੀ ਮਾਂ ਨੇ ਡਾਇਰੈਕਟਰ ਆਫ ਐਜੂਕੇਸ਼ਨ ਨਾਲ ਮੁਲਾਕਾਤ ਕੀਤੀ, ਜਿਸ ਨੇ ਦੱਸਿਆ ਕਿ ਇਸ ਮਾਮਲੇ ਦੀ ਜਾਂਚ ਕਰਵਾਈ ਜਾਵੇਗੀ।

ਹਾਲਟਨ ਸਕੂਲ ਬੋਰਡ ਦੇ ਬੁਲਾਰੇ ਨੇ ਦੱਸਿਆ ਕਿ ਇੱਕ ਸਟਾਫ ਮੈਂਬਰ ਨੂੰ ਪ੍ਰਸ਼ਾਸਕੀ ਛੁੱਟੀ ਉੱਤੇ ਭੇਜਿਆ ਗਿਆ ਹੈ। ਪਰ ਉਨ੍ਹਾਂ ਇਹ ਵੀ ਆਖਿਆ ਕਿ ਕੰਮ ਵਾਲੀ ਥਾਂ ਉੱਤੇ ਹੋਣ ਵਾਲੀ ਜਾਂਚ ਗੁਪਤ ਰੱਖੀ ਜਾਵੇਗੀ।


ਮਹਿੰਦੀ ਲਵਾਓ
ਕਰਵਾਚੌਥ ਮੌਕੇ ਆਪਣੇ ਘਰ ਬੈਠੇ ਹੱਥਾਂ ਉੱਤੇ ਮਹਿੰਦੀ ਲਵਾਉਣ ਲਈ ਸੰਪਰਕ ਕਰੋ : 416-628-6468

Best Insurance Rates
Auto Home Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Bath
Address: 1550 South Gateway Rd. Suite 220 Mississauga, ON L4W 5G6

NOW HIRING !!!
ALLKIND INSURANCE
Life Insurance
Critical illness Ins
Travel & Visitor Ins
RESP & TFSA & RRSP
Super Visa Insurance
Mortgage Insurance
Disability Insurance
Funeral Insurance
SIMRAN SAINI 416.994.7272
www.allkindinsurance.com

INSURANCE
Home
Business
Life Insurance
Auto
Trucking
Commercial
647-206-2452
Sukhwinder K Singh
7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352)
Manwinder Mangat Broker
Aaxel InsuranceBrokers Ltd.
1332 Khalsa Dr, Unit # 11, Mississauga, ON L5S 0A2

SOS IMMIGRATION & SETTLEMENT SERVICES
ਸਾਡੇ ਕੋਲ ਤੁਹਾਡੀਆਂ ਸਾਰੀਆਂ ਇਮੀਗ੍ਰੇਸ਼ਨ ਮਾਮਲਿਆਂ ਦਾ ਹੱਲ ਹੈ
Student Visa / Study Permit
LMIA / Work permit
Permanent Residency
Family Sponsorship
Nanny
Visitor Visa
Business Immigration
Call us for Professional, Reliable & High Quality Services
Rahul Sagar 647-780-2022
120 Woodstream Blvd, Woodbridge, ON, L4L 7Z1
Lic # R534503

Canada Consumer Credit Assistance ਕਰਜ਼ਾ ਰਹਿਤ ਜਿੰਦਗੀ ਜੀਓ
ਕਰਜ਼ੇ ਦੀ ਸਿਰਦਰਦੀ ?
• ਪਾਵਰ ਆਫ ਸੇਲ ਨੋਟਿਸ ?
• ਗਾਰਨਿਸ਼ਮੈਂਟ?
• ਬੈਂਕ ਵਲੋਂ ਪੈਸੇ ਦੀ ਮੰਗ ?
• ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available
1888 864 3131
Jasbir Singh Hundal Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

HELPING YOU PLAN TODAY...FOR TOMORROW
• Supervisa / Visitor Insurance
• Life /Mortgage/Funeral Insurance
• Disability Insurance
• Critical Illness Insurance
• RESP /RRSP
www.ufsinsurance.com
JATINDERBIR S BAJWA Insurance Broker
Dir:647-928-4990
# 25-831 Bovarid Dr. W. Brampton, ON L6X0T9 | www.ufsinsurance.com

Law Office of Aman Sharma
Real Estate - Commercial Lease
Business Purchase & Sale
Notarizations & Affidavits
Wills & Power Of Attorney
Fax: 905-913-2344 Tel: 905-913-2355
Aman Sharma
25 Cherrycrest Drive, Unit # 6 Brampton, ON, L6P 3W4
Open Saturday
Providing excellent quality legal services to our clients

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill Certified & Licenced Exterminator

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
Avon Financial Inc. Brokerage Lic. 12538
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

NM Money Exchange
ਦੁਨੀਆਂ ਦੇ ਕਿਸੇ ਵੀ ਕੋਨੇ ਤੋਂ ਪੈਸੇ ਮੰਗਵਾਉਣ ਅਤੇ ਭੇਜਣ ਦਾ ਮੌਕਾ ਜ਼ਰੂਰ ਦਿਓ
Best INR Rate
Fastest Service
24x7 Service
Secure Transaction
Special Business Account
Send - Exchange - Receive
Toll Free: 1833 823 5439 | 647 783 0049

Royal Pest Control
Residential Commercial Industrial
Specialist in Bedbugs Service
All Pest Control :
Mouse & Rats • Spiders & Fleas • Bedbugs • Wasps
Cockroaches • Carpenter Ants • Silver Fish • Racoons
Call : PARESH PATEL (Government Approved Licensed Technician)
416 938 4598

ਨਵਾਂ ਘਾਹ ਲਵਾਉ
647-784-1213
www.aaalandscaping.ca
1 ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2 ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
3 ਨਵਾਂ ਘਾਹ ਲਵਾਉ
4 ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com


SEHMBI RENOVATIONS
ਰੈਨੋਵੇਸ਼ਨ ਦੇ ਕਿਸੇ ਵੀ ਕੰਮ ਲਈ ਸਾਡੀਆਂ ਪਰੋਫੈਸ਼ਨਲ ਤੇ ਭਰੋਸੇਯੋਗ ਸੇਵਾਵਾ ਦਾ ਲਾਭ ਉਠਾਓ
• Custom Kitchen Cabinets • Completly Furnished
• Legal Basement • Painting & Flooring
ਵਾਜਿਬ ਕੀਮਤ ਤੇ ਸਮੇਂ ਸਿਰ ਕੰਮ
Jaswant Sehmbi: 647.524.0885

KELLEY LAW OFFICE
Immigration
Family Law
Corporate
Real Estate
Business Closing
Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley Barrister, Solicitor & Notary Public
905-362-0755

MANN LAW FIRM
• Real Estate Law • Business Law
• Wills & Estates • Family Law
• Power of Attorney • Civil Litigation
• Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor


NOW
HIRING
U.S. CROSS BORDER
SINGLES & TEAMS
AND CANADIAN TEAMS
US Singles $0.64/mile
US Teams $0.66/mile
Canadian teams $0.62/mile
LIGHT SPEED Logistics Inc.
OUR FAMILY WELCOMES YOU
U.S. Singles – Dedicated Truck
Desirable Lanes to the U.S.
U.S. Teams – New Dedicated Truck
Canadian Teams – New Dedicated Truck
Comprehensive Company Benefits
Flexible Work Schedule
LIGHT SPEED HAS YOU COVERED
Steve Hunt O 905.696.0700 x7224 C 905.229.9011 E shunt@lslinc.com
6015 Kestrel Road, Mississauga, ONTARIO L5T 1S8
www.lslinc.com


NATION-WIDE
TALK, TEXT &
DATA PLAN
4.5GB
$40/mo.
chatr
AUTHORIZED DEALER
379 Main St. North, Brampton | 905-451-0379
2456 Lake shore Blvd West, Etobicoke | 416-259-3654
905-451-0379
Offer subject to change without notice. Get 4.5GB at 3G speed. Once you reach your 3G speed data allotment, your data speed will be reduced until your next anniversary date. Taxes extra. ™ Trademarks used under license ©2020

# ਬੀਸੀ ਬਾਰਡਰ ਉਤੇ ਨਸ਼ਿਆਂ ਨਾਲ ਭਰੇ ਪੰਜ ਬੈਗ ਮਿਲੇ, ਦੋ ਕਾਬੂ

ਵੈਨਕੂਵਰ, 29 ਅਕਤੂਬਰ (ਪੋਸਟ ਬਿਊਰੋ) : ਇਸ ਮਹੀਨੇ ਦੇ ਸ਼ੁਰੂ ਵਿੱਚ ਸਰਹੱਦੋਂ ਪਾਰ ਅਮਰੀਕਾ ਵਾਲੇ ਪਾਸੇ ਨਸ਼ੀਲੇ ਪਦਾਰਥਾਂ ਨਾਲ ਭਰੇ ਪੰਜ ਬੈਗ ਮਿਲਣ ਤੋਂ ਬਾਅਦ ਪੁਲਿਸ ਅਧਿਕਾਰੀਆਂ ਵੱਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

ਯੂਐਸ ਕਸਟਮਜ਼ ਐਂਡ ਬਾਰਡਰ ਪ੍ਰੋਟੈਕਸ਼ਨ ਦਾ ਕਹਿਣਾ ਹੈ ਕਿ ਇਹ ਬੈਗ ਕ੍ਰੈਸਟਨ, ਬੀਸੀ ਦੇ ਦੱਖਣ ਵੱਲ ਬੋਨਰਜ਼ ਫੈਰੀ, ਇਦਾਹੋ ਨੇੜੇ ਮਿਲੇ। ਇਸ ਹਫਤੇ ਦੇ ਸ਼ੁਰੂ ਵਿੱਚ ਸੀ ਬੀ ਪੀ ਨੇ ਇੱਕ ਨਿਊਜ਼ ਰਲੀਜ਼ ਵਿੱਚ ਦੱਸਿਆ ਕਿ ਉਨ੍ਹਾਂ ਦੇ ਏਜੰਟਾਂ ਨੂੰ ਬਾਰਡਰ ਲਾਗੇ ਦੂਰ ਦਰਾਜ ਦੀ ਫੌਰੈਸਟ ਸਰਵਿਸ ਰੋਡ ਉੱਤੇ ਸ਼ੱਕੀ ਗਤੀਵਿਧੀ ਬਾਰੇ ਜਾਣਕਾਰੀ ਮਿਲੀ ਸੀ।

ਸੀ ਬੀ ਪੀ ਨੇ ਦੱਸਿਆ ਕਿ ਉਸ ਇਲਾਕੇ ਵਿੱਚ ਇੱਕ ਏਜੰਟ ਨੂੰ ਭੇਜਿਆ ਗਿਆ ਸੀ ਤੇ ਉੱਥੇ ਦੋ ਵਿਅਕਤੀ ਲੁਕਣ ਦੀ ਕੋਸ਼ਿਸ਼ ਕਰ ਰਹੇ ਸਨ। ਨਿਊਜ਼ ਰਲੀਜ਼ ਅਨੁਸਾਰ ਪਹੁੰਚ ਕਰਨ ਉੱਤੇ ਇਹ ਜੋੜਾ ਕੈਨੇਡਾ ਵਿੱਚ ਫਰਾਰ ਹੋ ਗਿਆ ਪਰ ਇਹ ਬੈਗ ਉੱਥੇ ਬਰਫ ਵਿੱਚ ਪਏ ਮਿਲੇ ਜਿੱਥੇ ਇਹ ਜੋੜਾ ਲੁਕਣ ਦੀ ਕੋਸ਼ਿਸ਼ ਕਰ ਰਿਹਾ ਸੀ।



ਕਸਟਮਜ਼ ਅਧਿਕਾਰੀਆਂ ਦਾ ਕਹਿਣਾ ਹੈ ਕਿ ਇਨ੍ਹਾਂ ਬੈਗਜ਼ ਵਿੱਚ 84 ਪਾਊਂਡ ਕੋਕੀਨ ਪਾਈ ਗਈ ਹੈ ਜਿਸ ਦੀ ਬਾਜ਼ਾਰ ਵਿੱਚ ਕੀਮਤ 1.2 ਮਿਲੀਅਨ ਡਾਲਰ ਹੈ। ਇਨ੍ਹਾਂ ਵਿੱਚ 198 ਪਾਊਂਡ ਮੈਥਾਮਫੈਟਾਮਾਈਨ ਵੀ ਪਾਈ ਗਈ, ਜਿਸ ਦੀ ਕੀਮਤ ਅੰਦਾਜ਼ਨ 960,000 ਅਮਰੀਕੀ ਡਾਲਰ ਦੱਸੀ ਜਾਂਦੀ ਹੈ।

ਸੀ ਬੀ ਪੀ ਨੇ ਦੱਸਿਆ ਕਿ ਏਜੰਟ ਨੇ ਉਸ ਇਲਾਕੇ ਨੂੰ ਛੱਡ ਕੇ ਜਾਂਦੀ ਇੱਕ ਗੱਡੀ ਵੇਖੀ ਤੇ ਇੱਕ ਮਸ਼ਕੂਕ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ ਹੈ। ਆਰਸੀਐਮਪੀ ਵੱਲੋਂ ਦੋ ਮਸ਼ਕੂਕਾਂ ਦੀ ਪੈੜ ਵੀ ਨੱਪ ਲਈ ਗਈ ਹੈ ਤੇ ਉਨ੍ਹਾਂ ਨੂੰ ਕੈਨੇਡਾ ਵਿੱਚ ਗ੍ਰਿਫਤਾਰ ਕਰਕੇ ਉਨ੍ਹਾਂ ਤੋਂ ਪੁੱਛਗਿੱਛ ਕੀਤੀ ਜਾ ਰਹੀ ਹੈ।

## ਚੋਣ ਤੋਂ ਪਹਿਲਾਂ ਸਰਵੇਖਣ ਵਿੱਚ ਰਾਸ਼ਟਰਪਤੀ ਵਜੋਂ ਟਰੰਪ ’ਤੇ ਜੋਅ ਬਿਡੇਨ ਅਜੇ ਵੀ ਭਾਰੂ

* ਬਿਡੇਨ 54 ਫ਼ੀਸਦੀ ਅਤੇ ਟਰੰਪ 42 ਫ਼ੀਸਦੀ ਲੋਕਾਂ ਦੀ ਪਸੰਦ

ਵਾਸ਼ਿੰਗਟਨ, 29 ਅਕਤੂਬਰ, (ਪੋਸਟ ਬਿਊਰੋ)- ਅਮਰੀਕਾ ਵਿੱਚ ਰਾਸ਼ਟਰਪਤੀ ਅਹੁਦੇ ਦੀ ਚੋਣ ਲਈ ਸਰਗਰਮੀਜਦੋਂ ਸਿਖਰ ਉੱਤੇ ਹੈ, ਇਸ ਦੌਰਾਨ ਨਵੇਂ ਕੌਮੀ ਸਰਵੇਖਣ ਵਿਚ ਡੈਮੋਕਰੇਟਿਕ ਪਾਰਟੀ ਦੇ ਉਮੀਦਵਾਰ ਜੋਅ ਬਿਡੇਨ ਨੂੰ ਵੋਟਰਾਂ ਦੀ ਪਸੰਦ ਦੇ ਆਧਾਰ ਉੱਤੇ ਅੱਗੇ ਦੱਸਿਆ ਗਿਆ ਹੈ। ਸਰਵੇਖਣ ਵਿਚ ਬਿਡੇਨ ਆਪਣੇ ਵਿਰੋਧੀ ਰਿਪਬਲਿਕਨ ਪਾਰਟੀ ਦੇ ਉਮੀਦਵਾਰ ਡੋਨਾਲਡ ਟਰੰਪ ਤੋਂ 12 ਪੁਆਇੰਟ ਅੱਗੇ ਦੱਸੇ ਗਏ ਹਨ।

ਇਸ ਬਾਰੇ ਅਮਰੀਕਾ ਦੀ ਨਿਊਜ਼ ਵੈੱਬਸਾਈਟ ‘ਦ ਹਿਲ’ ਨੇ ਸੀ ਐੱਨ ਐੱਨ ਵੱਲੋਂ ਕੀਤੇ ਗਏ ਕੌਮੀ ਸਰਵੇਖਣ ਦੇ ਹਵਾਲੇ ਨਾਲ ਸੂਚਨਾ ਦਿੱਤੀ ਹੈ ਕਿ ਜੋਅ ਬਿਡੇਨ ਨੂੰ 54 ਫ਼ੀਸਦੀ ਵੋਟਰਾਂ ਨੇ ਪਸੰਦ ਕੀਤਾ ਹੈ ਤੇ ਡੋਨਾਲਡ ਟਰੰਪ ਨੂੰ ਪਸੰਦ ਕਰਨ ਵਾਲੇ 42 ਫ਼ੀਸਦੀ ਮਿਲੇ ਹਨ। ਹਾਲੇ ਤਕ ਦੇ ਕੌਮੀ ਸਰਵੇਖਣਾਂ ਵਿਚ ਦੋਵਾਂ ਵਿਚਾਲੇ ਇਹ ਸਭ ਤੋਂ ਵੱਡਾ ਫਰਕ ਹੈ। ਇਸ ਸਰਵੇਖਣ ਵਿਚ ਇਸ ਗੱਲ ਦੀ ਸੰਭਾਵਨਾ ਦੱਸੀ ਗਈ ਹੈ ਕਿ ਵੋਟਿੰਗ ਦੇ ਦਿਨ ਜੋਅ ਬਿਡੇਨ ਡੈਮੋਕ੍ਰੇਟ ਪਾਰਟੀ ਵੱਲੋਂ ਪਿਛਲੀ ਚੋਣ ਵਿਚ ਉਮੀਦਵਾਰ ਰਹੀ ਹਿਲੇਰੀ ਕਲਿੰਟਨ ਤੋਂਵੱਧ ਸਮਰਥਨ ਹਾਸਲ ਕਰਨਗੇ। ਸਰਵੇਖਣ ਵਿਚ ਸੀਨੀਅਰ ਸਿਟੀਜ਼ਨਜ਼ ਦਾ ਸਮਰਥਨ ਵੀ ਜੋਅ ਬਿਡੇਨ ਲਈ ਵੱਧ ਦੇਖਣ ਨੂੰ ਮਿਲਿਆ ਹੈ। ਚੋਣ ਪ੍ਰਚਾਰ ਵਿਚ ਬਿਡੇਨ ਵੱਲੋਂ ਵੱਖ-ਵੱਖ ਮੁੱਦਿਆਂ ਉੱਤੇ ਦਿੱਤੇ ਜਾ ਰਹੇ ਵਿਚਾਰਾਂ ਨਾਲ 55 ਫ਼ੀਸਦੀ ਲੋਕ ਸਹਿਮਤ ਰਹੇ, ਜਦਕਿ 42 ਫ਼ੀਸਦੀ ਲੋਕ ਉਨ੍ਹਾਂ ਦੀ ਸੋਚਨਾਲ ਸਹਿਮਤ ਨਹੀਂ ਹਨ ਅਤੇ ਟਰੰਪ ਦੇ ਮਾਮਲੇ ਵਿਚ ਇਹ ਗਿਣਤੀ ਇਕਦਮ ਉਲਟੀ ਹੈ।

ਅਮਰੀਕੀ ਚੋਣ ਇਤਿਹਾਸ ਵਿਚ ਇਸ ਵਾਰ ਦੀ ਰਾਸ਼ਟਰਪਤੀ ਚੋਣ ਸਭ ਤੋਂਮਹਿੰਗੀ ਹੋਣ ਵਾਲੀ ਹੈ। ਇਸ ਚੋਣ ਵਿਚ 14 ਅਰਬ ਡਾਲਰ ਖ਼ਰਚ ਹੋਣ ਜਾ ਰਹੇ ਹਨ। ਇਕ ਖੋਜੀ ਗਰੁੱਪ ਸੈਂਟਰ ਆਫ ਰਿਸਪੌਂਸਿਵ ਪਾਲਿਟਿਕਸ ਦੇ ਅਨੁਸਾਰ ਪਿਛਲੀ ਚੋਣ ਵੇਲੇ 2016 ਵਿਚ 11 ਅਰਬ ਡਾਲਰ ਖ਼ਰਚ ਹੋਏ ਸਨ। ਚੋਣ ਤੋਂ ਪਹਿਲਾਂ ਹੁੰਦੀ ਵੋਟਿੰਗ ਵਿਚ ਡੈਮੋਕ੍ਰੇਟਿਕ ਪਾਰਟੀ ਦੇ ਰਾਸ਼ਟਰਪਤੀ ਅਹੁਦੇ ਵਾਸਤੇ ਉਮੀਦਵਾਰ ਜੋਅ ਬਿਡੇਨ ਨੇ ਆਪਣੇ ਰਾਜ ਡੇਲਾਵੇਅਰ ਵਿਚ ਵੋਟ ਪਾਈ ਹੈ। ਉਹ ਆਪਣੀ ਪਤਨੀ ਜਿਲ ਨਾਲ ਵੋਟ ਪਾਉਣ ਗਏ ਸਨ। ਇਸ ਦੌਰਾਨ ਫਲੋਰੀਡਾ ਦੇ ਗਵਰਨਰ ਰਾਨ ਡੇਸੈਂਟਿਸ ਇਸ ਆਪਣਾ ਵੋਟ ਨਹੀਂ ਪਾ ਸਕੇ। ਕਿਸੇ ਨੇ ਉਨ੍ਹਾਂ ਦੇ ਆਨਲਾਈਨ ਐਡਰੈੱਸ ਵਿੱਚ ਗ਼ੈਰ-ਕਾਨੂੰਨੀ ਤਬਦੀਲੀ ਕਰ ਦਿੱਤੀ ਸੀ।

## ਟੋਰਾਂਟੋ ਸਿਟੀ ਕਾਉਂਸਲ ਨੇ ਜ਼ਿਮਨੀ ਚੋਣ ਦੇ ਹੱਕ ’ਚ ਲਿਆ ਫੈਸਲਾ



ਟੋਰਾਂਟੋ, 29 ਅਕਤੂਬਰ (ਪੋਸਟ ਬਿਊਰੋ) : ਵਾਰਡ 22 ਵਿੱਚ ਜਿੰਮ ਕਿਰਿਯਾਨਿਸ ਦੀ ਥਾਂ ਲੈਣ ਲਈ ਟੋਰਾਂਟੋ ਸਿਟੀ ਕਾਉਂਸਲ ਵੱਲੋਂ ਸਿਫਰ ਦੇ ਮੁਕਾ-ਬਲੇ 24 ਵੋਟਾਂ ਪਾ ਕੇ ਇੱਥੇ ਜ਼ਿਮਨੀ ਚੋਣ ਕਰਵਾਉਣ ਦੇ ਫੈਸਲੇ ਲਈ ਹਾਮੀ ਭਰੀ ਹੈ।

ਜਿੰਮ ਕਿਰਿਯਾਨਿਸ ਨੂੰ ਚੋਣਾਂ ਵਿੱਚ ਮਿਥੀ ਗਈ ਹੱਦ ਨਾਲੋਂ ਜ਼ਿਆਦਾ ਪੈਸੇ ਖਰਚਣ ਦੇ ਸਬੰਧ ਵਿੱਚ ਲੰਮੀਂ ਕਾਨੂੰਨੀ ਲੜਾਈ ਤੋਂ ਬਾਅਦ ਹਾਰ ਦਾ ਮੂੰਹ ਵੇਖਣਾ ਪਿਆ ਸੀ।

ਕਾਉਂਸਲ ਕੋਲ ਕਿਸੇ ਨੂੰ ਆਪ ਨਿਯੁਕਤ ਕਰਨ ਦਾ ਬਦਲ ਵੀ ਮੌਜੂਦ ਹੈ। ਪਰ ਇਸ ਦੇ ਬਾਵਜੂਦ ਇੱਥੇ ਜ਼ਿਮਨੀ ਚੋਣ ਕਰਵਾਉਣ ਦੀ ਸਹਿਮਤੀ ਹੀ ਬਣੀ।

## ਫਰਾਂਸ ਵਿੱਚ ਚਰਚ ਉੱਤੇ ਹਮਲੇ ਕਾਰਨ 3 ਲੋਕਾਂ ਦੀ ਮੌਤ, ਹਮਲਾਵਰ ਨੇ ਇੱਕ ਔਰਤ ਦਾ ਸਿਰ ਵੱਢਿਆ

ਪੈਰਿਸ, 29 ਅਕਤੂਬਰ, (ਪੋਸਟ ਬਿਊਰੋ)- ਪੈਗੰਬਰ ਮੁਹੰਮਦ ਦੇ ਕਾਰਟੂਨ ਵਿਵਾਦ ਵਿੱਚ ਫਰਾਂਸ ਵਿਚ ਇੱਕ ਟੀਚਰ ਦੀ ਗਲਾ ਵੱਢ ਕੇ ਹੱਤਿਆ ਕੀਤੇ ਜਾਣ ਤੋਂ ਬਾਅਦ ਅੱਜ ਇਸ ਦੇਸ਼ ਵਿੱਚ ਇਕ ਹੋਰ ਅਜਿਹੀ ਘਟਨਾ ਵਾਪਰੀ ਹੈ। ਇੱਕ ਫ੍ਰੈਂਚ ਚਰਚ ਵਿੱਚ ਇੱਕ ਹਮਲਾਵਰ ਨੇ ਇੱਕ ਔਰਤ ਦਾ ਗਲਾ ਵੱਢ ਦਿੱਤਾ ਅਤੇ ਦੋ ਹੋਰ ਲੋਕਾਂ ਦੀ ਬੇਰਹਿਮੀ ਨਾਲ ਹੱਤਿਆ ਕਰ ਦਿੱਤੀ ਹੈ। ਇਹ ਘਟਨਾ ਫਰਾਂਸ ਦੇ ਨੀਸ ਸ਼ਹਿਰ ਦੀ ਹੈ।



ਨੀਸ ਸ਼ਹਿਰ ਦੇ ਮੇਅਰ ਕ੍ਰਿਸ਼ਚੀਅਨ ਇਸਤੋਰਸੀ ਨੇ ਇਸ ਖੌਫਨਾਕ ਘਟਨਾ ਨੂੰ ਅੱਤਵਾਦੀ ਹਮਲਾ ਕਿਹਾ ਹੈ। ਉਨ੍ਹਾ ਕਿਹਾ ਕਿ ਚਾਕੂ ਨਾਲ ਹਮਲੇ ਦੀ ਘਟਨਾ ਸ਼ਹਿਰ ਦੇ ਨੋਟਰੇ ਡੈਮ ਚਰਚ ਵਿਚ ਹੋਈ ਹੈ। ਪੁਲਿਸ ਨੇ ਹਮਲਾ ਕਰਨ ਵਾਲੇ ਨੂੰ ਗ੍ਰਿਫਤਾਰ ਕਰ ਲਿਆ ਤੇ ਦੱਸਿਆ ਕਿ ਤਿੰਨ ਲੋਕਾਂ ਦੀ ਮੌਤ ਦੀ ਪੁਸ਼ਟੀ ਹੋਈ ਹੈ ਅਤੇ ਕਈ ਹੋਰ ਜ਼ਖਮੀ ਹੋਏ ਹਨ। ਇਕ ਪੁਲਿਸ ਅਧਿਕਾਰੀ ਨੇ ਦੱਸਿਆ ਕਿ ਕਾਤਲ ਨੇ ਔਰਤ ਦਾ ਗਲਾ ਵੱਢ ਦਿੱਤਾ ਹੈ। ਫਰਾਂਸ ਦੇ ਅੱਤਵਾਦ ਰੋਕੂ ਵਿਭਾਗ ਨੂੰ ਅੱਜ ਦੇ ਇਸ ਹਮਲੇ ਵਾਲੀ ਵਾਰਦਾਤ ਦੀ ਸਮੁੱਚੀ ਜਾਂਚ ਕਰਨ ਦੀ ਜ਼ਿੰਮੇਵਾਰੀ ਦਿੱਤੀ ਗਈ ਹੈ।

ਵਰਨਣ ਯੋਗ ਹੈ ਕਿ ਇਹ ਹਮਲਾ ਓਦੋਂਹੋਇਆ ਹੈ, ਜਦੋਂ ਕੁਝ ਸਮਾਂ ਪਹਿਲਾਂ ਪੈਗੰਬਰ ਦਾ ਕਾਰਟੂਨ ਦਿਖਾਏ ਜਾਣ ਕਰ ਕੇ ਇੱਕ ਟੀਚਰ ਦੀ ਹੱਤਿਆ ਕਰ ਦਿੱਤੀ ਗਈ ਸੀ। ਹਾਲੇ ਇਹ ਸਪਸ਼ਟ ਨਹੀਂ ਹੋ ਸਕਿਆ ਕਿ ਚਰਚ ਵਿੱਚ ਲੋਕਾਂ ਨੂੰ ਚਾਕੂ ਨਾਲ ਹਮਲਾ ਕਰਕੇ ਮਾਰਨ ਦੇ ਪਿੱਛੇ ਕੀ ਅਰਥ ਸੀ ਜਾਂ ਪੈਗੰਬਰ ਦੇ ਕਾਰਟੂਨ ਨਾਲ ਇਸਦਾ ਕੋਈ ਸੰਬੰਧ ਹੈ। ਇਸ ਤੋਂ ਪਹਿਲਾਂ ਫਰਾਂਸ ਵਿਚ ਪੈਗੰਬਰ ਦਾ ਕਾਰਟੂਨ ਦਿਖਾਉਣ ਕਾਰਨ ਟੀਚਰ ਦੀ ਹੱਤਿਆਦੇ ਬਾਅਦ ਫਰਾਂਸ ਦੇ ਰਾਸ਼ਟਰਪਤੀ ਇਮੈਨੁਅਲ ਮੈਕਰੋਂ ਨੇ ਵਿਚਾਰਾਂ ਦੇ ਪ੍ਰਗਟਾਵੇ ਦੀ ਆਜ਼ਾਦੀਤੇ ਧਰਮ ਦਾ ਮਜ਼ਾਕ ਉਡਾਉਣ ਦੇ ਹੱਕਦਾ ਪੁਰਜ਼ੋਰ ਸਮਰਥਨ ਕੀਤਾ ਸੀ ਅਤੇ ਓਦੋਂਤੋਂ ਉਹ ਮੁਸਲਿਮ ਦੇਸ਼ਾਂ ਦੀ

## ਅਦਾਕਾਰਾ ਅਮੀਸ਼ਾ ਪਟੇਲ ਨੂੰ ਧਮਕੀ ਦੇ ਕੇ ਚੋਣ ਪ੍ਰਚਾਰ ਲਈ ਭੀੜ ਵਿੱਚ ਉਤਾਰਿਆ



ਪਟਨਾ, 29 ਅਕਤੂਬਰ (ਪੋਸਟ ਬਿਊਰੋ)-ਚੋਣ ਪ੍ਰਚਾਰ ਲਈ ਫਿਲਮੀ ਕਲਾਕਾਰਾਂ ਨੂੰ ਬੁਲਾਉਣਾ ਨੇਤਾਵਾਂ ਦਾ ਇੱਕ ਸ਼ੁਗਲ ਹੈ ਪਰ ਬਾਲੀਵੁੱਡ ਅਦਾਕ-ਾਰਾ ਅਮੀਸ਼ਾ ਪਟੇਲ ਨੂੰ ਪ੍ਰਚਾਰ ਲਈ ਆਉਣਾ ਬਹੁਤ ਭਾਰੀ ਪਿਆ।

ਬਿਹਾਰ ਵਿਧਾਨ ਸਭਾ ਚੋਣਾਂ ਵਿੱਚ ਓਬਰਾ ਸੀਟ ਤੋਂ ਲੋਕ ਜਨ ਸ਼ਕਤੀ ਪਾਰਟੀ ਦੇ ਉਮੀਦਵਾਰ ਡਾ. ਪ੍ਰਕਾਸ਼ ਚੰਦਰਾ ਨੇ ਅਮੀਸ਼ਾ ਪਟੇਲ ਨੂੰ ਆਪਣਾ ਚੋਣ ਪ੍ਰਚਾਰ ਕਰਨ ਲਈ ਬੁਲਾਇਆ, ਪਰ ਸ਼ਾਮ ਹੁੰਦੇ ਜਦੋਂ ਅਮੀਸ਼ਾ ਮੁੰਬਈ ਪਰਤਣ ਦੀ ਗੱਲ ਕਹਿਣ ਲੱਗੀ ਤਾਂ ਉਸ ਦੀ ਪ੍ਰੇਸ਼ਾਨੀ ਸ਼ੁਰੂ ਹੋ ਗਈ। ਸਵੇਰੇ ਅਮੀਸ਼ਾ ਪਟੇਲ ਦਾ ਇੱਕ ਵੀਡੀਓ ਵਾਇਰਲ ਹੋ ਗਿਆ, ਜਿਸ ਵਿੱਚ ਉਸ ਨੇ ਡਾ. ਪ੍ਰਕਾਸ਼ ਚੰਦਰਾ ’ਤੇ ਬਲੈਕ ਮੇਲ ਕਰਨ ਅਤੇ ਗਲਤ ਵਰਤਾਓ ਕਰਨ ਦਾ ਦੋਸ਼ ਲਗਾਇਆ। ਉਸ ਨੇ ਆਡੀਓ ਵਿੱਚ ਕਿਹਾ ਕਿ ਚੋਣ ਪ੍ਰਚਾਰ ਦੌਰਾਨ ਹਜ਼ਾਰਾਂ ਲੋਕਾਂ ਦੀ ਭੀੜ ਪਾਗਲਾਂ ਵਾਂਗ ਗੱਡੀ ਨੂੰ ਠੋਕ ਰਹੀ ਸੀ। ਪ੍ਰਕਾਸ਼ ਚੰਦਰਾ ਨੇ ਮੈਨੂੰ ਗੱਡੀ ਤੋਂ ਉਤਾਰ ਕੇ ਭੀੜ ਵਿਚਾਲਿਉਂ ਜਾਣ ਨੂੰ ਕਿਹਾ, ਜਿੱਥੇ ਭੀੜ ਕੱਪੜੇ ਖਿਚਣ ਦੀ ਤਿਆਰੀ ਵਿੱਚ ਸੀ। ਮੈਂ ਸ਼ਾਮ ਨੂੰ ਮੁੰਬਈ ਦੀ ਫਲਾਈਟ ਫੜਨੀ ਸੀ, ਪਰ ਪ੍ਰਕਾਸ਼ ਚੰਦਰਾ ਨੇ ਮੇਰੇ ਕੋਲੋਂ ਜ਼ਬਰਦਸਤੀ ਚੋਣ ਪ੍ਰਚਾਰ ਕਰਵਾਇਆ। ਜਦੋਂ ਮੈਂ ਜਾਣ ਦੀ ਗੱਲ ਕਹੀ ਤਾਂ ਉਨ੍ਹਾਂ ਨੇ ਕਿਹਾ ਕਿ ਅਸੀਂ ਤੁਹਾਨੂੰ ਇਸ ਪਿੰਡ ਵਿੱਚ ਇਕੱਲੀ ਛੱਡ ਕੇ ਚਲੇ ਜਾਵਾਂਗੇ।

## ਦਲ-ਬਦਲੂ ਭਾਜਪਾ ਆਗੂ ਕਪਿਲ ਮਿਸ਼ਰਾ ਨੇ ਮੰਤਰੀ ਸਤੇਂਦਰ ਜੈਨ ਤੋਂ ਕੋਰਟ ਵਿੱਚ ਮੁਆਫ਼ੀ ਮੰਗੀ

ਨਵੀਂ ਦਿੱਲੀ, 29 ਅਕਤੂਬਰ, (ਪੋਸਟ ਬਿਊਰੋ)- ਦਿੱਲੀ ਸਰਕਾਰ ਦੇ ਮੰਤਰੀ ਸਤੇਂਦਰ ਜੈਨ ਵਲੋਂ ਭਾਜਪਾ ਦੇ ਨੇਤਾ ਕਪਿਲ ਮਿਸ਼ਰਾ ਖਿਲਾਫ ਦਾਇਰ ਕੀਤੇ ਅਪਰਾਧਿਕ ਕੇਸਬਾਰੇ ਦੋਵੇਂ ਧਿਰਾਂ ਵਿੱਚ ਸੁਲ੍ਹਾ-ਸਫਾਈ ਹੋ ਗਈ ਹੈ।

ਅਸਲ ਵਿੱਚ ਕਰੀਬ 3 ਸਾਲ ਪਹਿਲਾਂ ਦਿੱਲੀ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਦੇ ਸਿਹਤ ਮੰਤਰੀ ਸਤੇਂਦਰ ਜੈਨ ਉੱਤੇ ਭ੍ਰਿਸ਼ਟਾਚਾਰ ਦਾ ਗੰਭੀਰ ਦੋਸ਼ ਲਾਉਣ ਵਾਲੇ ਕਪਿਲ ਮਿਸ਼ਰਾ ਨੇ ਮੁਆਫ਼ੀ ਮੰਗ ਲਈ ਹੈਅਤੇਇਸਤੋਂ ਬਾਅਦ ਸਤੇਂਦਰ ਜੈਨ ਨੇ ਕੇਸ ਵਾਪਸ ਲੈ ਲਿਆ ਹੈ।ਇਸ ਕੇਸਬਾਰੇ ਆਮ ਆਦਮੀ ਪਾਰਟੀ ਨੇ ‘ਸੱਚ ਦੀ ਜਿੱਤ ਹੈ’ ਕਹਿ ਕੇ ਇੱਕ ਟਵੀਟ ਕੀਤਾ ਹੈ। ਪਾਰਟੀ ਨੇ ਟਵੀਟ ਕਰਦੇ ਹੋਏ ਕਿਹਾ ਕਿ ‘ਸੱਚ ਦੀ ਜਿੱਤ ਹੁੰਦੀ ਹੈ। ਕਪਿਲ ਮਿਸ਼ਰਾ ਨੇ ਸਤੇਂਦਰ ਜੈਨ ਤੋਂ ਬਿਨਾਂ ਸ਼ਰਤ ਮੁਆਫ਼ੀ ਮੰਗੀ ਹੈ, ਜਿਸ ਤੋਂ ਸਿੱਧ ਹੁੰਦਾ ਹੈ ਕਿ ਸਾਰੇ ਦੋਸ਼ ਝੂਠੇ ਸਨ।’



ਵਰਨਣ ਯੋਗ ਹੈ ਕਿ ਦਿੱਲੀ ਸਰਕਾਰ ਤੋਂਬਰਖਾਸਤ ਕੀਤੇ ਗਏ ਮੰਤਰੀ ਤੇ ਮੌਜੂਦਾ ਭਾਜਪਾ ਨੇਤਾ ਕਪਿਲ ਮਿਸ਼ਰਾ ਨੇ ਮਈ 2017 ਵਿੱਚ ਸਤੇਂਦਰ ਜੈਨ ਉੱਤੇ ਦੋਸ਼ ਲਾਇਆ ਸੀ ਕਿ ਉਸ ਨੇ ਉਸ ਦੀਆਂ ਅੱਖਾਂ ਦੇ ਸਾਹਮਣੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ 2 ਕਰੋੜ ਰੁਪਏ ਦਿੱਤੇ ਹਨ। ਇਸ ਪਿੱਛੋਂ ਸਤੇਂਦਰ ਜੈਨ ਨੇ ਕਪਿਲ ਮਿਸ਼ਰਾ ਦੇ ਖਿਲਾਫ ਅਪਰਾਧਿਕ ਮਾਣਹਾਨੀ ਦਾ ਕੇਸ ਦਾਇਰ ਕੀਤਾ ਸੀ। ਅਦਾਲਤ ਨੇ ਕਪਿਲ ਮਿਸ਼ਰਾ ਨੂੰ ਸਬੂਤ ਪੇਸ਼ ਕਰਨ ਲਈ ਕਿਹਾ ਸੀ, ਪਰ ਉਹ ਸਬੂਤ ਪੇਸ਼ ਨਹੀਂ ਕਰ ਸਕੇ। ਇਸੇ ਕਰਕੇ ਉਸ ਨੂੰ ਮੁਆਫ਼ੀ ਮੰਗਣੀ ਪਈ ਹੈ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ?
ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ ‘ਨਾਂਹ’,
ਅਸੀਂ ਕਰਾਂਗੇ ‘ਹਾਂ’
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated

19 Woodbine Downs Blvd, #201, Etobicoke, ON M9W 6N5
Jaspal Singh Gahunia
#M08006400
416.677.0047

NEED A LAWYER ??
Red Seal NOTARY
KAUR LAW OFFICE

MANJEET KAUR
LL.B., (London UK)
Barrister, Solicitor & Notary Public
REAL ESTATE LAWYER
• Residential & Commercial
• Sale/Purchase of House
• Mortgage & Refinancing
• Drafting/Reviewing Agreements
• Title Transfer
• 2nd Mortgage
IMMIGRATION
Skilled Worker Category
Spousal & Family Sponsorship
• Student Permits Visa & Renewals
• PR Renewal/ Citizenship Application
FAMILY LAWYER
• Child & Spousal support
• Custody & Access
• Divorce
• Equalization
BUSINESS LAW
• Incorporation & Shareholder agreements
• Sales & Purchase of Assets & Shares
• Notarization & Affidavits
WILLS & ESTATE
• Wills
• Certificate of Estate Trustee with/without Will
• Power of attorney for Property & Personal Care
Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

jobs! jobs! jobs! jobs! jobs!
DUNDAS·JAFINE
HELP WANTED
ਕਾਮਿਆਂ ਦੀ ਲੋੜ
ਜਨਰਲ ਲੇਬਰ ਦਾ ਕੰਮ ਉਪਲੱਬਧ ਹੈ
ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।
ਤਿੰਨੋਂ ਸ਼ਿਫਟਾਂ : Day ਅਤੇ Afternoon Available ਹਨ
ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ
ਅਪਲਾਈ ਕਰਨ ਲਈ ਆਪ ਪਹੁੰਚੋ:
110 Glidden Rd., Brampton
ਜਾਂ ਫੇਰ ਈ-ਮੇਲ ਕਰੋ:
jbrown@dundasjafine.com
kkaur@dundasjafine.com

SherGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill
(MBA,LL.B.)
Tel: 905-790-3636

2565 Steeles Ave E Unit #20, Brampton, ON L6T 4L6
Emergency Contact:
416.910.5676
www.shergilllawfirm.ca

# ਫੋਰਡ ਸਰਕਾਰ 5 ਨਵੰਬਰ ਨੂੰ ਪੇਸ਼ ਕਰੇਗੀ ਆਪਣਾ ਬਜਟ



ਓਨਟਾਰੀਓ, 29 ਅਕਤੂਬਰ (ਪੋਸਟ ਬਿਊਰੋ) : ਕੋਵਿਡ-19 ਮਹਾਂਮਾਰੀ ਦਰਮਿਆਨ ਓਨਟਾਰੀਓ ਦੇ ਲੋਕਾਂ ਦੀ ਹਿਫਾਜ਼ਤ ਉੱਤੇ ਧਿਆਨ ਕੇਂਦਰਿਤ ਕਰਨ ਵਾਲੀ ਫੋਰਡ ਸਰਕਾਰ ਨੇ ਐਲਾਨ ਕੀਤਾ ਹੈ ਕਿ ਉਨ੍ਹਾਂ ਵੱਲੋਂ 5 ਨਵੰਬਰ ਨੂੰ ਸਾਲ 2020 ਦਾ ਆਪਣਾ ਬਜਟ ਜਾਰੀ ਕੀਤਾ ਜਾਵੇਗਾ।

ਪ੍ਰੀਮੀਅਰ ਡੱਗ ਫੋਰਡ ਦਾ ਕਹਿਣਾ ਹੈ ਕਿ ਇਸ ਨਾਲ ਪਰਿਵਾਰਾਂ, ਵਰਕਰਜ਼ ਤੇ ਇੰਪਲੌਇਰਜ਼ ਨੂੰ ਲੋੜੀਂਦਾ ਸਹਿਯੋਗ ਮਿਲੇਗਾ। ਸੋਮਵਾਰ ਨੂੰ ਕੋਵਿਡ-19 ਬ੍ਰੀਫਿੰਗ ਦੌਰਾਨ ਫੋਰਡ ਨੇ ਆਖਿਆ ਕਿ ਰਿਕਵਰੀ ਲਈ ਸਾਨੂੰ ਸਿਹਤਮੰਦ ਵਰਕਫੋਰਸ ਚਾਹੀਦੀ ਹੈ। ਇਸ ਲਈ ਅਸੀਂ ਮਹਾਂਮਾਰੀ ਦੌਰਾਨ ਹਰੇਕ ਓਨਟਾਰੀਓ ਵਾਸੀ ਦੀ ਸਿਹਤ ਤੇ ਸੇਫਟੀ ਨੂੰ ਤਰਜੀਹ ਦਿੱਤੀ ਹੈ।

ਉਨ੍ਹਾਂ ਆਖਿਆ ਕਿ ਲੋਕਾਂ ਨੂੰ ਕੰਮ ਉੱਤੇ ਵਾਪਿਸ ਲਿਆਉਣਾ, ਰੋਜ਼ਗਾਰ ਦੇ ਹੋਰ ਮੌਕੇ ਪੈਦਾ ਕਰਨਾ ਤੇ ਨਿਵੇਸ਼ ਆਕਰਸ਼ਿਤ ਕਰਨਾ ਵੀ ਸਾਡੀ ਸਰਕਾਰ ਦੀਆਂ ਅਹਿਮ ਤਰਜੀਹਾਂ ਵਿੱਚੋਂ ਚੰਦ ਹਨ। ਆਉਣ ਵਾਲੇ ਬਜਟ ਨਾਲ ਇੱਕ ਤਰ੍ਹਾਂ ਦਾ ਸੰਤੁਲਨ ਪੈਦਾ ਹੋ ਜਾਵੇਗਾ ਜਿਸ ਨਾਲ ਹਰ ਕਿਸੇ ਦੀ ਸਿਹਤ ਤੇ ਸੇਫਟੀ ਉੱਤੇ ਧਿਆਨ ਕੇਂਦਰਿਤ ਹੋ ਸਕੇਗਾ ਤੇ ਇਸ ਦੇ ਨਾਲ ਹੀ ਸਾਡੀ ਆਰਥਿਕ ਰਿਕਵਰੀ ਲਈ ਵੀ ਸਾਜ਼ਗਾਰ ਹਾਲਾਤ ਪੈਦਾ ਹੋ ਸਕਣਗੇ।

ਅਸਲ ਵਿੱਚ ਪ੍ਰੋਵਿੰਸ ਦਾ ਬਜਟ ਇਸ ਸਾਲ ਮਾਰਚ ਵਿੱਚ ਜਾਰੀ ਹੋਣਾ ਸੀ ਪਰ ਮਹਾਂਮਾਰੀ ਦੇ ਚੱਲਦਿਆਂ ਪ੍ਰੋਵਿੰਸ ਵੱਲੋਂ ਆਪਣਾ ਬਜਟ ਦੇਰ ਨਾਲ ਪੇਸ਼ ਕੀਤਾ ਜਾ ਰਿਹਾ ਹੈ। ਵਿੱਤ ਮੰਤਰੀ ਰੌਡ ਫਿਲਿਪ ਨੇ ਆਖਿਆ ਕਿ ਖਰਚਿਆਂ ਸਬੰਧੀ ਪੈਕੇਜ ਮਹਾਂਮਾਰੀ ਸਬੰਧੀ ਮਾਪਦੰਡਾਂ ਉੱਤੇ ਕੇਂਦਰਿਤ ਹੋਵੇਗਾ। ਉਨ੍ਹਾਂ ਇਹ ਵੀ ਆਖਿਆ ਕਿ ਬਜਟ ਤਿੰਨ ਸਾਲਾ ਐਕਸ਼ਨ ਪਲੈਨ ਹੋਵੇਗਾ।

ਜ਼ਿਕਰਯੋਗ ਹੈ ਕਿ ਫਿਲਿਪ ਨੇ ਅਗਸਤ ਵਿੱਚ ਆਖਿਆ ਸੀ ਕਿ ਮਹਾਂਮਾਰੀ ਦੇ ਚੱਲਦਿਆਂ ਅਜੇ ਕਈ ਬਿਲੀਅਨ ਹੋਰ ਦਾ ਖਰਚਾ ਆਵੇਗਾ ਤੇ ਇਹ ਅੰਕੜਾ 38.5 ਬਿਲੀਅਨ ਡਾਲਰ ਤੱਕ ਪਹੁੰਚਣ ਦੀ ਸੰਭਾਵਨਾ ਹੈ। ਇਸ ਦੌਰਾਨ ਫੋਰਡ ਨੇ ਆਖਿਆ ਕਿ ਨਵਾਂ ਬਜਟ ਓਨਟਾਰੀਓ ਦੇ ਐਕਸ਼ਨ ਪਲੈਨ ਉੱਤੇ ਕਾਇਮ ਹੋਵੇਗਾ।

# ਅਮਰੀਕਾ 'ਚ ਹੋਣ ਜਾ ਰਹੀਆਂ ਰਾਸ਼ਟਰਪਤੀ ਚੋਣਾਂ ਦਾ ਨਤੀਜਾ ਕੈਨੇਡਾ ਲਈ ਹੋਵੇਗਾ ਅਹਿਮ : ਫਰੀਲੈਂਡ



ਓਟਵਾ, 29 ਅਕਤੂਬਰ (ਪੋਸਟ ਬਿਊਰੋ) : ਕੈਨੇਡਾ ਦੀ ਡਿਪਟੀ ਪ੍ਰਧਾਨ ਮੰਤਰੀ ਤੇ ਵਿੱਤ ਮੰਤਰੀ ਕ੍ਰਿਸਟੀਆ ਫਰੀਲੈਂਡ ਦਾ ਕਹਿਣਾ ਹੈ ਕਿ ਅਗਲੇ ਹਫਤੇ ਅਮਰੀਕਾ ਵਿੱਚ ਹੋਣ ਜਾ ਰਹੀਆਂ ਰਾਸ਼ਟਰਪਤੀ ਦੇ ਅਹੁਦੇ ਦੀਆਂ ਚੋਣਾਂ ਦਾ ਜੋ ਵੀ ਨਤੀਜਾ ਨਿਕਲੇਗਾ ਉਹ ਕੈਨੇਡਾ ਲਈ ਅਹਿਮ ਹੋਵੇਗਾ।

ਟੋਰਾਂਟੋ ਗਲੋਬਲ ਫੋਰਮ ਸਾਹਮਣੇ ਦਿੱਤੇ ਗਏ ਵਰਚੂਅਲ ਭਾਸ਼ਣ ਵਿੱਚ ਫਰੀਲੈਂਡ ਨੇ ਆਖਿਆ ਕਿ ਪ੍ਰਧਾਨ ਮੰਤਰੀ ਟਰੂਡੋ ਪਹਿਲਾਂ ਵੀ ਇਹ ਆਖ ਚੁੱਕੇ ਹਨ ਕਿ 3 ਨਵੰਬਰ ਨੂੰ ਅਮਰੀਕਾ ਵਿੱਚ ਹੋਣ ਜਾ ਰਹੀਆਂ ਚੋਣਾਂ ਦਾ ਜੋ ਵੀ ਨਤੀਜਾ ਨਿਕਲੇਗਾ ਉਸ ਬਾਰੇ ਫੈਡਰਲ ਸਰਕਾਰ ਪਹਿਲਾਂ ਤੋਂ ਹੀ ਹਰ ਪੱਖ ਤੇ ਨਜ਼ਰੀਏ ਨਾਲ ਤਿਆਰੀ ਕਰ ਰਹੀ ਹੈ।

ਫਰੀਲੈਂਡ ਨੇ ਆਖਿਆ ਕਿ ਉਹ ਕੈਨੇਡੀਅਨਜ਼ ਨੂੰ ਇਹ ਭਰੋਸਾ ਦਿਵਾਉਣਾ ਚਾਹੁੰਦੀ ਹੈ ਕਿ ਜਿਵੇਂ ਅਸੀਂ 2016 ਵਿੱਚ ਸਾਵਧਾਨੀ ਨਾਲ ਤਿਆਰੀ ਕੀਤੀ ਸੀ ਉਸੇ ਤਰ੍ਹਾਂ ਹੀ ਅਸੀਂ ਇਸ ਵਾਰੀ ਵੀ ਚੋਣਾਂ ਦੇ ਸੰਭਾਵੀ ਨਤੀਜਿਆਂ ਬਾਰੇ ਤਿਆਰੀ ਕਰ ਰਹੇ ਹਾਂ। ਫਰੀਲੈਂਡ ਨੇ ਆਖਿਆ ਕਿ ਜਿਵੇਂ ਕਿ ਅਸੀਂ ਪਿਛਲੇ ਚਾਰ ਸਾਲਾਂ ਵਿੱਚ ਕਰਦੇ ਆਏ ਹਾਂ ਉਸੇ ਤਰ੍ਹਾਂ ਹੀ ਅਸੀਂ ਅੱਗੇ ਵੀ ਇਸ ਰਿਸ਼ਤੇ ਨੂੰ ਨਿਭਾਉਣਾ ਜਾਰੀ ਰੱਖਾਂਗੇ ਫਿਰ ਭਾਵੇਂ ਡੌਨਲਡ ਟਰੰਪ ਅਮਰੀਕਾ ਦੇ ਰਾਸ਼ਟਰਪਤੀ ਚੁਣੇ ਜਾਣ ਤੇ ਜਾਂ ਫਿਰ ਡੈਮੋਕ੍ਰੈਟਿਕ ਉਮੀਦਵਾਰ ਜੋਅ ਬਾਇਡਨ ਜਿੱਤਣ।

# ਬਰੈਂਪਟਨ ਕਾਊਂਸਲ ਵੱਲੋਂ ਡਰਾਈਵ-ਵੇਅ ਡਿਜ਼ਾਈਨ ਪਾਲਿਸੀ ਦੇ ਸਬੰਧ ਵਿਚ ਕੀਤਾ ਗਿਆ ਵਿਚਾਰ ਵਟਾਂਦਰਾ



ਬਰੈਂਪਟਨ, 29 ਅਕਤੂਬਰ (ਪੋਸਟ ਬਿਊਰੋ) : ਅੱਜ ਹੋਈ ਸਿਟੀ ਕਾਊਂਸਲ ਦੀ ਮੀਟਿੰਗ ਵਿੱਚ ਰੀਜਨਲ ਕਾਊਂਸਲਰ ਗੁਰਪ੍ਰੀਤ ਸਿੰਘ ਢਿੱਲੋਂ ਵੱਲੋਂ ਡਰਾਈਵ-ਵੇਅ ਡਿਜ਼ਾਈਨ ਪਾਲਿਸੀ ਦੇ ਸਬੰਧ ਵਿੱਚ ਵਿਚਾਰ ਚਰਚਾ ਛੇੜੀ ਗਈ। ਸਥਾਨਕ ਰੈਜ਼ੀਡੈਂਟਸ ਵੱਲੋਂ ਡਰਾਈਵ-ਵੇਅ ਤੇ ਹਾਊਸਿੰਗ ਡਿਜ਼ਾਈਨਜ਼ ਵਿੱਚ ਨੁਕਸ ਹੋਣ ਦੀਆਂ ਸ਼ਿਕਾਇਤਾਂ ਮਿਲਣ ਤੇ ਇਸ ਸਬੰਧ ਵਿੱਚ ਪਿੱਛੇ ਜਿਹੇ ਵਾਇਰਲ ਹੋਏ ਵੀਡੀਓ ਦੇ ਸਬੰਧ ਵਿੱਚ ਇਹ ਵਿਚਾਰ ਵਟਾਂਦਰਾ ਕੀਤਾ ਗਿਆ।

ਕਾਊਂਸਲਰ ਢਿੱਲੋਂ ਵੱਲੋਂ ਕੀਤੇ ਗਏ ਸਵਾਲਾਂ ਦੌਰਾਨ ਸਿਟੀ ਸਟਾਫ ਵੱਲੋਂ ਇਹ ਪਾਇਆ ਗਿਆ ਕਿ ਜਿਸ ਡਰਾਈਵ-ਵੇਅ ਦੀ ਵੀਡੀਓ ਵਾਇਰਲ ਹੋਈ ਹੈ ਉਹ ਉਸ ਪਾਇਲਟ ਪ੍ਰੋਜੈਕਟ ਦਾ ਹਿੱਸਾ ਸੀ ਜਿਸ ਨੂੰ 2013 ਵਿੱਚ ਪਿਛਲੀ ਕਾਊਂਸਲ ਵੱਲੋਂ ਪਾਸ ਕੀਤਾ ਗਿਆ ਸੀ। ਇਹ ਵੀ ਪਾਇਆ ਗਿਆ ਕਿ ਇਹ ਖਾਸ ਡਿਜ਼ਾਈਨ ਆਪਸ਼ਨਲ ਸੀ ਤੇ ਘਰ ਦੇ ਅਸਲ ਮਾਲਕਾਂ ਵੱਲੋਂ ਇਸ ਲਈ ਸਹਿਮਤੀ ਦਿੱਤੀ ਗਈ ਸੀ।

ਸਿਟੀ ਆਫ ਬਰੈਂਪਟਨ ਦੀ ਮੌਜੂਦਾ ਪਾਲਿਸੀ ਆਖਦੀ ਹੈ ਕਿ ਗੈਰਾਜ ਡੋਰ ਤੋਂ ਪ੍ਰਾਪਰਟੀ ਲਾਈਨ ਤੱਕ ਡਰਾਈਵ-ਵੇਅ ਦੀ ਲੰਬਾਈ ਘੱਟ ਤੋਂ ਘੱਟ 5.5 ਮੀਟਰ ਹੋਣੀ ਚਾਹੀਦੀ ਹੈ। ਹਾਲਾਂਕਿ ਪਿਛਲੇ ਸਾਲਾਂ ਵਿੱਚ ਬਰੈਂਪਟਨ ਰੈਜ਼ੀਡੈਂਸ਼ੀਅਲ ਲੌਟ ਤੇ ਡਰਾਈਵ-ਵੇਅ ਸਾਈਜ਼ਿਜ਼ ਵਿੱਚ ਕਾਫੀ ਕਮੀ ਆਈ ਹੈ ਜਦਕਿ ਬੋਲੀਵੀਆਰਡ ਦੇ ਸਾਈਜ਼ਿਜ਼ ਵਿੱਚ ਵਾਧਾ ਹੋਇਆ ਹੈ। ਸਿਟੀ ਸਟਾਫ ਦਾ ਕਹਿਣਾ ਹੈ ਕਿ ਅੰਡਰਗ੍ਰਾਊਂਡ ਸਿਟੀ ਇਨਫਰਾਸਟ੍ਰਕਚਰ ਮੁਕੰਮਲ ਤੌਰ ਉੱਤੇ ਸਿਟੀ ਦੀ ਮਲਕੀਅਤ ਵਾਲੇ ਬੋਲੀਵੀਆਰਡ ਵਿੱਚ ਹੀ ਰਹੇਗਾ। ਫਿਰ ਵੀ ਸਥਾਨਕ ਰੈਂਜ਼ੀਡੈਂਟਸ ਇਸ ਤੋਂ ਪਰੇਸ਼ਾਨ ਹਨ। ਕਾਊਂਸਲਰ ਢਿੱਲੋਂ ਨੇ ਆਖਿਆ ਹਾਲਾਂਕਿ ਮੌਜੂਦਾ ਡਿਵੈਲਪਮੈਂਟਸ ਉਨ੍ਹਾਂ ਦੇ ਤੇ ਉਨ੍ਹਾਂ ਦੇ ਕੁਲੀਗਜ਼ ਦੇ ਕਾਰਜਕਾਲ ਤੋਂ ਪਹਿਲਾਂ ਹੀ ਮਨਜ਼ੂਰ ਕੀਤੀਆਂ ਜਾ ਚੁੱਕੀਆਂ ਸਨ ਪਰ ਉਨ੍ਹਾਂ ਭਰੋਸਾ ਦਿਵਾਇਆ ਕਿ ਅਗਾਂਹ ਤੋਂ ਸਥਾਨਕ ਰੈਜ਼ੀਡੈਂਟਸ ਦੇ ਆਲੇ ਦੁਆਲੇ ਦੇ ਡਿਜ਼ਾਈਨ ਤੇ ਵਿਸ਼ੇਸ਼ਤਾਈਆਂ ਬਾਰੇ ਉਨ੍ਹਾਂ ਦੀ ਆਵਾਜ਼ ਤੇ ਦੁੱਖ ਤਕਲੀਫ ਸੁਣੀ ਜਾਵੇਗੀ। ਸਾਨੂੰ ਇਹ ਯਕੀਨ ਦਿਵਾਉਣਾ ਹੋਵੇਗਾ ਕਿ ਘਰ ਤੇ ਡਰਾਈਵ-ਵੇਅ ਸਾਡੇ ਰੈਜ਼ੀਡੈਂਟਸ ਦੀਆਂ ਲੋੜਾਂ ਪੂਰੀਆਂ ਕਰਨ ਲਈ ਤਿਆਰ ਕੀਤੇ ਜਾਂਦੇ ਹਨ ਨਾ ਕਿ ਬਿਲਡਰਜ਼ ਤੇ ਡਿਵੈਲਪਰਜ਼ ਨੂੰ ਵੱਧ ਤੋਂ ਵੱਧ ਮੁਨਾਫਾ ਕਮਾਉਣ ਤੇ ਖੁਸ਼ ਕਰਨ ਲਈ।

ਇਸ ਵਿਚਾਰ ਵਟਾਂਦਰੇ ਨੂੰ ਕਾਊਂਸਲਰ ਢਿੱਲੋਂ ਵੱਲੋ ਦਸੰਬਰ ਪਲੈਨਿੰਗ ਐਂਡ ਡਿਵੈਲਪਮੈਂਟ ਕਮੇਟੀ ਦੀ ਮੀਟਿੰਗ ਲਈ ਰੈਫਰ ਕਰ ਦਿੱਤਾ ਗਿਆ ਤਾਂ ਕਿ ਸਟਾਫ ਵੱਲੋਂ ਹੋਰ ਜਾਣਕਾਰੀ ਸਾਹਮਣੇ ਲਿਆਂਦੀ ਜਾ ਸਕੇ ਤੇ ਕਾਊਂਸਲ ਮੈਂਬਰਜ਼ ਨੂੰ ਇਸ ਮਾਮਲੇ ਸਬੰਧੀ ਰਿਸਰਚ ਕਰਨ ਦਾ ਸਮਾਂ ਮਿਲ ਸਕੇ। ਸਿਟੀ ਆਫ ਬਰੈਂਪਟਨ ਦੀ ਦਸੰਬਰ ਪਲੈਨਿੰਗ ਐਂਡ ਡਿਵੈਲਪਮੈਂਟ ਮੀਟਿੰਗ 7 ਦਸੰਬਰ, 2020 ਨੂੰ ਸ਼ਾਮੀਂ 7:00 ਵਜੇ ਹੋਵੇਗੀ।

# ਕੋਵਿਡ-19 ਕਾਰਨ ਹੁਣ ਤੱਕ ਕੈਨੇਡਾ ਵਿੱਚ ਹੋਈਆਂ 10,000 ਮੌਤਾਂ





ਓਟਵਾ, 29 ਅਕਤੂਬਰ (ਪੋਸਟ ਬਿਊਰੋ): ਕੋਵਿਡ-19 ਮਹਾਂਮਾਰੀ ਕਾਰਨ 10,000 ਕੈਨੇਡੀਅਨਜ਼ ਹੁਣ ਤੱਕ ਮਾਰੇ ਜਾ ਚੁੱਕੇ ਹਨ। ਪਰ ਅਜੇ ਵੀ ਮਹਾਂਮਾਰੀ ਖਤਮ ਹੋਣ ਦਾ ਨਾਂ ਨਹੀਂ ਲੈ ਰਹੀ।

ਮੰਗਲਵਾਰ ਨੂੰ ਕਿਊਬਿਕ, ਓਨਟਾਰੀਓ, ਮੈਨੀਟੋਬਾ ਤੇ ਅਲਬਰਟਾ ਵਿੱਚ 28 ਨਵੀਆਂ ਮੌਤਾਂ ਦਰਜ ਕੀਤੀਆਂ ਗਈਆਂ, ਜਿਸ ਨਾਲ ਮੌਤਾਂ ਦੀ ਗਿਣਤੀ 1001 ਤੱਕ ਅੱਪੜ ਗਈ। 5000 ਮੌਤਾਂ ਦਾ ਅੰਕੜਾ ਤਾਂ 12 ਮਈ ਨੂੰ ਹੀ ਪਾਰ ਹੋ ਗਿਆ ਸੀ। ਗਰਮੀਆਂ ਵਿੱਚ ਕੋਵਿਡ-19 ਮਾਮਲਿਆਂ ਦੀ ਗਿਣਤੀ ਘੱਟ ਰਹੀ ਪਰ ਇਨ੍ਹਾਂ ਆਖਰੀ ਮਹੀਨਿਆਂ ਵਿੱਚ ਇਨ੍ਹਾਂ ਵਿੱਚ ਇੱਕ ਵਾਰੀ ਮੁੜ ਵਾਧਾ ਦਰਜ ਕੀਤਾ ਜਾ ਰਿਹਾ ਹੈ। ਸੈਂਟਰਲ ਤੇ ਵੈਸਟਰਨ ਕੈਨੇਡਾ ਵਿੱਚ ਨਿਯਮਿਤ ਤੌਰ ਉੱਤੇ ਕੋਵਿਡ-19 ਦੇ ਮਾਮਲੇ ਜ਼ਿਆਦਾ ਸਾਹਮਣੇ ਆ ਰਹੇ ਹਨ।

ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਇਸ ਮਹਾਂਮਾਰੀ ਨੂੰ ਖਤਰਨਾਕ ਕੌਮੀ ਤ੍ਰਾਸਦੀ ਦਾ ਦਰਜਾ ਦਿੱਤਾ ਗਿਆ ਹੈ ਤੇ ਉਨ੍ਹਾਂ ਇਸ ਤੋਂ ਵੀ ਬਦਤਰ ਹਾਲਾਤ ਲਈ ਕੈਨੇਡੀਅਨਾਂ ਨੂੰ ਤਿਆਰ ਰਹਿਣ ਲਈ ਆਖਿਆ ਹੈ। ਓਟਵਾ ਵਿੱਚ ਬ੍ਰੀਫਿੰਗ ਦੌਰਾਨ ਟਰੂਡੋ ਨੇ ਆਖਿਆ ਕਿ ਕਈ ਪਰਿਵਾਰਾਂ ਦੇ ਬੇਹੱਦ ਅਜ਼ੀਜ਼ਾਂ ਦੀ ਮੌਤ ਹੋ ਚੁੱਕੀ ਹੈ ਤੇ ਇਸ ਤਰ੍ਹਾਂ ਦੀਆਂ ਤ੍ਰਾਸਦੀਆਂ ਕਾਰਨ ਕੈਨੇਡੀਅਨਾਂ ਦਾ ਕਾਫੀ ਨੁਕਸਾਨ ਹੋਇਆ ਹੈ।

ਅਪਰੈਲ ਤੇ ਮਈ ਵਿੱਚ ਮੌਤਾਂ ਦੀ ਰਫਤਾਰ ਮੱਠੀ ਸੀ ਪਰ ਪਿਛਲੇ ਮਹੀਨੇ ਇਸ ਸਿਲਸਿਲੇ ਵਿੱਚ ਕਾਫੀ ਵਾਧਾ ਹੋਇਆ। ਇੱਕਲੇ ਅਕਤੂਬਰ ਵਿੱਚ ਹੀ 600 ਲੋਕ ਮਾਰੇ ਗਏ ਜਦਕਿ ਸਤੰਬਰ ਵਿੱਚ ਇਹ ਅੰਕੜਾ 165 ਹੀ ਸੀ। ਇਹ ਖੁਲਾਸਾ ਪਬਲਿਕ ਹੈਲਥ ਏਜੰਸੀ ਆਫ ਕੈਨੇਡਾ ਵੱਲੋਂ ਕੀਤਾ ਗਿਆ।

ਮੰਗਲਵਾਰ ਨੂੰ ਓਨਟਾਰੀਓ ਵਿੱਚ ਕੋਵਿਡ-19 ਦੇ 827, ਕਿਊਬਿਕ ਵਿੱਚ 963, ਮੈਨੀਟੋਬਾ ਵਿੱਚ 184 ਨਵੇਂ ਮਾਮਲੇ ਰਿਪੋਰਟ ਕੀਤੇ ਗਏ ਤੇ ਇਸ ਵਾਇਰਸ ਕਾਰਨ ਕ੍ਰਮਵਾਰ 4, 19 ਤੇ 3 ਮੌਤਾਂ ਹੋਈਆਂ। ਅਲਬਰਟਾ ਵਿੱਚ ਕੋਵਿਡ-19 ਕਾਰਨ ਦੋ ਮੌਤਾਂ ਹੋਈਆਂ।

# ਨਿਯਮਾਂ ਦਾ ਪਾਲਣ ਨਾ ਕਰਨ ਵਾਲੇ ਅਧਿਆਪਕ ਨੂੰ ਲਿਚੇ ਨੇ ਲਿਆ ਲੰਮੇਂ ਹੱਥੀ



ਟੋਰਾਂਟੋ, 29 ਅਕਤੂਬਰ (ਪੋਸਟ ਬਿਊਰੋ) : ਲੇਬਰ ਮੰਤਰਾਲੇ ਵੱਲੋਂ ਮਾਸਕ ਨਾ ਪਾਉਣ ਵਾਲੇ ਟੋਰਾਂਟੋ ਦੇ ਕੈਥੋਲਿਕ ਟੀਚਰ ਨੂੰ ਚਾਰਜ ਕਰਨ ਦੀ ਖਬਰ ਤੋਂ ਸਿੱਖਿਆ ਮੰਤਰੀ ਸਟੀਫਨ ਲਿਚੇ ਬਿਲਕੁਲ ਵੀ ਖੁਸ਼ ਨਹੀਂ ਹਨ।

ਉਨ੍ਹਾਂ ਦਾ ਕਹਿਣਾ ਹੈ ਕਿ ਜੇ ਅਧਿਆਪਕ ਹੀ ਨਿਯਮਾਂ ਦਾ ਪਾਲਣ ਨਹੀਂ ਕਰਨਗੇ ਤਾਂ ਕਿਵੇਂ ਚੱਲੇਗਾ। ਉਨ੍ਹਾਂ ਆਖਿਆ ਕਿ ਚੀਫ ਮੈਡੀਕਲ ਆਫੀਸਰ ਤੇ ਲੋਕਲ ਪਬਲਿਕ ਹੈਲਥ ਵੱਲੋਂ ਕਾਇਮ ਕੀਤੀਆਂ ਗਈਆਂ ਪ੍ਰੋਟੋਕਾਲਜ਼ ਦੀ ਪਾਲਣਾ ਕਰਨ ਵਿੱਚ ਕੀਤੀ ਜਾਣ ਵਾਲੀ ਕੁਤਾਹੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ।

ਇਸ ਮਹੀਨੇ ਦੇ ਸ਼ੁਰੂ ਵਿੱਚ ਇਹ ਮਿਊਜ਼ਿਕ ਟੀਚਰ ਕੋਵਿਡ-19 ਪਾਜ਼ੀਟਿਵ ਪਾਇਆ ਗਿਆ ਸੀ, ਜਿਸ ਤੋਂ ਬਾਅਦ ਸੇਂਟ ਚਾਰਲਸ ਕੈਥੋਲਿਕ ਸਕੂਲ ਨੂੰ ਹਫਤੇ ਭਰ ਲਈ ਬੰਦ ਕਰ ਦਿੱਤਾ ਗਿਆ। ਲਿਚੇ ਦਾ ਕਹਿਣਾ ਹੈ ਕਿ ਅਸੀਂ ਸਕੂਲਾਂ ਨੂੰ ਉਸ ਸੂਰਤ ਵਿੱਚ ਹੀ ਖੁੱਲ੍ਹਾ ਰੱਖ ਸਕਦੇ ਹਾਂ ਜੇ ਸਾਰੇ ਹੀ ਨਿਯਮਾਂ ਦੀ ਪਾਲਣਾ ਕਰਨ।

ਲੇਬਰ ਮੰਤਰੀ ਮੌਂਟੀ ਮੈਕਨੌਟਨ ਨੇ ਆਖਿਆ ਕਿ ਇਹ ਮਾਮਲਾ ਕਾਫੀ ਚਿੰਤਾਜਨਕ ਹੈ। ਉਨ੍ਹਾਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਆਖਿਆ ਕਿ ਸਾਰਿਆਂ ਨੂੰ ਨਿਯਮਾਂ ਦਾ ਪਾਲਣ ਕਰਨਾ ਚਾਹੀਦਾ ਹੈ। ਜੇ ਤੁਹਾਡੇ ਇੰਪਲੌਇਰ ਵੱਲੋਂ ਪੀਪੀਈ ਤੇ ਮਾਸਕ ਪਾਉਣ ਲਈ ਆਖਿਆ ਜਾਂਦਾ ਹੈ ਤਾਂ ਉਸ ਨੂੰ ਜ਼ਰੂਰ ਪਾਓ। ਮੈਕਨੌਟਨ ਨੇ ਆਖਿਆ ਕਿ ਲੇਬਰ ਮੰਤਰਾਲੇ ਵੱਲੋਂ ਮਹਾਂਮਾਰੀ ਦੌਰਾਨ 25,000 ਮਾਮਲਿਆਂ ਦੀ ਜਾਂਚ ਤੋਂ ਬਾਅਦ 22,000 ਆਰਡਰਜ਼ ਜਾਰੀ ਕੀਤੇ ਗਏ।

ਇਸ ਦੌਰਾਨ ਪ੍ਰੀਮੀਅਰ ਡੱਗ ਫੋਰਡ ਨੇ ਆਖਿਆ ਕਿ ਜਿਸ ਅਧਿਆਪਕ ਨੂੰ ਚਾਰਜ ਕੀਤਾ ਗਿਆ ਹੈ ਉਸ ਬਾਰੇ ਉਨ੍ਹਾਂ ਨੂੰ ਇੱਕ ਵਿਦਿਆਰਥੀ ਦੀ ਮਾਂ ਦਾ ਮੈਸੇਜ ਮਿਲਿਆ ਸੀ। ਹੈਲਥ ਇੰਸਪੈਕਟਰਜ਼ ਵੱਲੋਂ ਸੇਂਟ ਚਾਰਲਸ ਕੈਥੋਲਿਕ ਸਕੂਲ ਦਾ ਮੁਆਇਨਾ ਕਰਨ ਸਮੇਂ ਇਸ ਟੀਚਰ ਨੂੰ ਚਾਰਜ ਕੀਤਾ ਗਿਆ ਤੇ ਹੁਣ ਇਹ ਟੀਚਰ ਛੁੱਟੀ ਉੱਤੇ ਚੱਲ ਰਿਹਾ ਹੈ। ਜ਼ਿਕਰਯੋਗ ਹੈ ਕਿ ਇਸ ਲਈ 1000 ਡਾਲਰ ਜੁਰਮਾਨਾ ਰੱਖਿਆ ਗਿਆ ਹੈ।

# ਵਿਆਜ਼ ਦਰਾਂ ਵਿੱਚ ਵਾਧਾ ਨਹੀ ਕਰੇਗਾ ਬੈਂਕ ਆਫ ਕੈਨੇਡਾ





ਓਟਵਾ, 29 ਅਕਤੂਬਰ (ਪੋਸਟ ਬਿਊਰੋ) : ਬੈਂਕ ਆਫ ਕੈਨੇਡਾ ਵੱਲੋਂ ਆਪਣੀਆਂ ਵਿਆਜ਼ ਦਰਾਂ ਵਿੱਚ ਵਾਧਾ ਨਾ ਕਰਨ ਦਾ ਫੈਸਲਾ ਕੀਤਾ ਗਿਆ ਹੈ। ਬੈਂਕ ਦਾ ਕਹਿਣਾ ਹੈ ਕਿ ਕੋਵਿਡ-19 ਮਹਾਂਮਾਰੀ ਕਾਰਨ ਦੇਸ਼ ਦੇ ਅਰਥਚਾਰੇ ਨੂੰ ਲੱਗੀ ਢਾਹ ਕਾਰਨ ਸਾਲ 2022 ਤੱਕ ਇਹ ਮਸ੍ਹਾਂ ਲੀਹ ਉੱਤੇ ਆਵੇਗਾ। ਸੈਂਟਰਲ ਬੈਂਕ ਵੱਲੋਂ ਆਪਣੀਆਂ ਵਿਆਜ਼ ਦਰਾਂ 0.25 ਫੀ ਸਦੀ ਹੀ ਰੱਖੀਆਂ ਜਾ ਰਹੀਆਂ ਹਨ। ਜੁਲਾਈ ਵਿੱਚ ਬੈਂਕ ਆਫ ਕੈਨੇਡਾ ਨੇ ਇਹ ਆਖਿਆ ਸੀ ਕਿ ਮਹਾਂਮਾਰੀ ਦੌਰਾਨ ਵੀ ਦੇਸ਼ ਬਦਹਾਲੀ ਵਿੱਚ ਜਾਣ ਤੋਂ ਬਚ ਗਿਆ। ਬੈਂਕ ਨੇ ਬੁੱਧਵਾਰ ਨੂੰ ਜਾਰੀ ਕੀਤੀ ਗਈ ਆਪਣੀ ਅਪਡੇਟ ਵਿੱਚ ਆਖਿਆ ਕਿ ਸਾਲ ਦੇ ਪਹਿਲੇ ਅੱਧ ਵਿੱਚ ਪਈ ਮਾਰ ਨਾਲੋਂ ਹੁਣ ਸਥਿਤੀ ਕਾਫੀ ਬਿਹਤਰ ਹੈ ਤੇ ਉਮੀਦ ਨਾਲੋਂ ਵੀ ਚੰਗੀ ਹੈ।

ਮੌਨੈਟਰੀ ਪਾਲਿਸੀ ਰਿਪੋਰਟ ਵਿੱਚ ਲਾਏ ਗਏ ਅੰਦਾਜ਼ੇ ਮੁਤਾਬਕ ਇਸ ਸਾਲ ਅਰਥਚਾਰਾ 5.7 ਫੀ ਸਦੀ ਸੁੰਗੜੇਗਾ ਪਰ ਅਗਲੇ ਸਾਲ 4.2 ਫੀ ਸਦੀ ਤੇ 2022 ਵਿੱਚ 3.7 ਫੀ ਸਦੀ ਨਾਲ ਇਸ ਦਾ ਵਿਕਾਸ ਹੋਵੇਗਾ। ਰਿਪੋਰਟ ਵਿੱਚ ਇਹ ਪੇਸ਼ੀਨਿਗੋਈ ਵੀ ਕੀਤੀ ਗਈ ਹੈ ਕਿ ਦੇਸ਼ ਦਾ ਮਹਿੰਗਾਈ ਸਬੰਧੀ ਬੈਰੋਮੀਟਰ, ਸਟੈਟੇਸਟਿਕਸ ਕੈਨੇਡਾ ਦਾ ਕੰਜ਼ਿਊਮਰ ਪ੍ਰਾਈਸ ਇੰਡੈਕਸ, 2022 ਵਿੱਚ ਬੈਂਕ ਦੇ ਦੋ ਫੀ ਸਦੀ ਟਾਰਗੈਟ ਤੋਂ ਹੇਠਾਂ ਰਹੇਗੀ।

# ਕੋਵਿਡ-19 ਸਬੰਧੀ ਦਸਤਾਵੇਜ਼ ਮੁਹੱਈਆ ਕਰਾਵੇਗੀ ਫੈਡਰਲ ਸਰਕਾਰ : ਟਰੂਡੋ



ਓਟਵਾ, 29 ਜੁਨ (ਪੋਸਟ ਬਿਊਰੋ) : ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦਾ ਕਹਿਣਾ ਹੈ ਕਿ ਕੋਵਿਡ-19 ਬਾਰੇ ਫੈਡਰਲ ਸਰਕਾਰ ਦੀ ਹੁਣ ਤੱਕ ਦੀ ਕਾਰਗੁਜ਼ਾਰੀ ਦਾ ਅਧਿਐਨ ਕਰਨ ਲਈ ਹਾਊਸ ਆਫ ਕਾਮਨਜ਼ ਦੀ ਹੈਲਥ ਕਮੇਟੀ ਨੂੰ ਸਰਕਾਰ ਜਿੰਨਾਂ ਸੰਭਵ ਹੋ ਸਕੇਗਾ ਜਾਣਕਾਰੀ ਮੁਹੱਈਆ ਕਰਾਵੇਗੀ ਪਰ ਇਸ ਗੱਲ ਦੀ ਵੀ ਇੱਕ ਹੱਦ ਹੋਵੇਗੀ ਕਿ ਉਸ ਵਿੱਚੋਂ ਕਿੰਨੀ ਜਾਣਕਾਰੀ ਉਜਾਗਰ ਕੀਤੀ ਜਾਂਦੀ ਹੈ।

ਟਰੂਡੋ ਨੇ ਆਖਿਆ ਕਿ ਕੰਜ਼ਰਵੇਟਿਵਾਂ ਵੱਲੋਂ ਲਿਆਂਦੇ ਗਏ ਮਤੇ ਦੇ ਸਬੰਧ ਵਿੱਚ ਕਈ ਅਹਿਮ ਪ੍ਰਾਈਵੇਟ ਸੈਕਟਰਾਂ ਵੱਲੋਂ ਇਹ ਚਿੰਤਾ ਜ਼ਾਹਿਰ ਕੀਤੀ ਗਈ ਸੀ ਕਿ ਉਨ੍ਹਾਂ ਦੀ ਗੁਪਤ ਤੇ ਸੰਵੇਦਨਸ਼ੀਲ ਜਾਣਕਾਰੀ ਜੱਗ ਜਾਹਿਰ ਹੋਣ ਦਾ ਡਰ ਹੈ। ਟਰੂਡੋ ਨੇ ਆਖਿਆ ਕਿ ਅਸੀਂ ਕੈਨੇਡੀਅਨਾਂ ਨੂੰ ਖਤਰੇ ਵਿੱਚ ਪਾਏ ਬਿਨਾਂ ਜਿੰਨਾਂ ਪਾਰਦਰਸ਼ੀ ਹੋ ਸਕਿਆ ਰਹਿਣ ਦੀ ਕੋਸ਼ਿਸ਼ ਕਰਾਂਗੇ।

ਜ਼ਿਕਰਯੋਗ ਹੈ ਕਿ ਲਿਬਰਲਾਂ ਤੇ ਸਟੇਕਹੋਲਡਰਜ਼ ਦੀਆਂ ਚਿੰਤਾਵਾਂ ਦੇ ਬਾਵਜੂਦ ਸਾਰੀਆਂ ਪਾਰਟੀਆਂ ਵੱਲੋਂ ਕੰਜ਼ਰਵੇਟਿਵਾਂ ਦੇ ਲਿਆਂਦੇ ਇਸ ਮਤੇ ਨੂੰ ਪਾਸ ਕੀਤਾ ਗਿਆ ਕਿ ਕੋਵਿਡ-19 ਬਾਰੇ ਫੈਡਰਲ ਸਰਕਾਰ ਦੀ ਕਾਰਗੁਜ਼ਾਰੀ ਦਾ ਲੇਖਾ ਜੋਖਾ ਹੋਣਾ ਚਾਹੀਦਾ ਹੈ ਤੇ ਸਬੰਧਤ ਧਿਰ ਦੀ ਜਵਾਬਦੇਹੀ ਵੀ ਜ਼ਰੂਰੀ ਹੈ। ਮੰਗਲਵਾਰ ਨੂੰ ਐਨਡੀਪੀ ਆਗੂ ਜਗਮੀਤ ਸਿੰਘ ਨੇ ਆਖਿਆ ਕਿ ਇੰਜ ਲੱਗਦਾ ਹੈ ਕਿ ਲਿਬਰਲ ਆਗੂ ਆਪਣੀ ਜਵਾਬਦੇਹੀ ਤੈਅ ਕੀਤੇ ਜਾਣ ਤੋਂ ਡਰਦੇ ਹਨ। ਇਹ ਬਿਲਕੁਲ ਸਧਾਰਨ ਗੱਲ ਹੈ ਕਿ ਵਿਰੋਧੀ ਧਿਰ ਇਹ ਜਾਨਣ ਦਾ ਹੱਕ ਰੱਖਦੀ ਹੈ ਕਿ ਕੀ ਕੈਨੇਡੀਅਨਾਂ ਦੇ ਪੈਸੇ ਦਾ ਉਨ੍ਹਾਂ ਨੂੰ ਪੂਰਾ ਮੁੱਲ ਮੁੜ ਰਿਹਾ ਹੈ? ਅਜਿਹੇ ਸਵਾਲ ਬਿਲਕੁਲ ਪੁੱਛੇ ਜਾਣੇ ਚਾਹੀਦੇ ਹਨ।

# ਗਾਰਡਰੇਲ ਤੋੜ ਕੇ ਗੱਡੀ ਖੱਡ ਵਿੱਚ ਡਿੱਗੀ, 2 ਜ਼ਖ਼ਮੀ



ਟੋਰਾਂਟੋ, 29 ਅਕਤੂਬਰ (ਪੋਸਟ ਬਿਊਰੋ) : ਡੌਨ ਵੈਲੀ ਪਾਰਕਵੇਅ ਤੇ ਡੌਨ ਮਿੱਲਜ਼ ਵਿੱਚ ਇੱਕ ਕਾਰ ਦੇ ਗਾਰਡਰੇਲ ਤੋੜ ਕੇ ਖੱਡ ਵਿੱਚ ਡਿੱਗ ਜਾਣ ਨਾਲ ਦੋ ਵਿਅਕਤੀ ਜ਼ਖ਼ਮੀ ਹੋ ਗਏ। ਇਹ ਜਾਣਕਾਰੀ ਟੋਰਾਂਟੋ ਪੁਲਿਸ ਨੇ ਦਿੱਤੀ।

ਪੁਲਿਸ ਅਧਿਕਾਰੀਆਂ ਨੇ ਦੱਸਿਆ ਕਿ ਇਹ ਹਾਦਸਾ ਅੱਜ ਦੁਪਹਿਰੇ 1:00 ਵਜੇ ਬੇਅਵਿਊ ਦੇ ਉੱਤਰ ਤੇ ਬਲੂਅਰ ਸਟਰੀਟ ਦੇ ਐਗਜ਼ਿਟ ਉੱਤੇ ਵਾਪਰਿਆ। ਪੁਲਿਸ ਅਨੁਸਾਰ ਡਰਾਈਵਰ ਨੂੰ ਮਾਮੂਲੀ ਸੱਟਾਂ ਲੱਗੀਆਂ ਪਰ ਨਾਲ ਬੈਠੀ ਸਵਾਰੀ ਨੂੰ ਇਲਾਜ ਲਈ ਹਸਪਤਾਲ ਲਿਜਾਇਆ ਗਿਆ।

ਅਮਲੇ ਵੱਲੋਂ ਗਾਰਡਰੇਲ ਦੀ ਮੁਰੰਮਤ ਕੀਤੇ ਜਾਣ ਕਾਰਨ ਇਸ ਇਲਾਕੇ ਵਿੱਚ ਥੋੜ੍ਹੀ ਦੇਰ ਲਈ ਆਵਾਜਾਈ ਬੰਦ ਰਹੇਗੀ।




ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ

Super Visa

- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration

We do appeal for Refusal cases also

Sponsor Your Family

MacroGlobal Immigration Services Ltd.

Seema Bhayana

iccrc

Ph: 905 452 0000, 905 452 9999

180 Wilkinson Road, Unit 18 Brampton, ON L6T 4M3

Fax: 905 452 9996 Email: macroglobal@rogers.com

www.macroimmigration.com



Paramjit Deol Broker

CELL: 416-993-7378

7071 Airport Rd, Suit 201, Mississauga, ON



1. For top dollars, fast sale, Call Paramjit Deol
2 .New listings urgently needed in your area.
3. Qualified buyers waiting!!
4. Sell your Property in 60 days guaranteed.
5. Low commission packages available

Century 21 Leading Edge Realty Ltd Brokerage* Independently Owned and Operated.

Tel:905-405-8484

www.paramjitdeol.com

Email: pdeol3@yahoo.ca

"Your neighborhood broker, Call Paramjit Deol Today"

**Mississauga $749,000**




**7089 Torbram Rd:** Well Established Banquet Hall Business For Sale Over 20 Years In Business, One Of Kind And Hall In High Demand Area Close To The Airport Ideal For Wedding Reception, Anniversary, Birthday Celebrations. Thousands Spent On Upgrades.

**Vaughan $499,000**



**3210 Highway 7 Rd 5511:** Location, Location! Spacious Layout With Large Balcony Condo For Sale, High Floor. A Place To Live, Work, Sleep & Play. Minutes To Highway 400,401, 407 & Walking Distance To Transit & Subway.

**Kitchener $599,000**



**Westmount/Blockline Rd:** Fabulous Detached Home In Kitchener, 3+1 Bedroom In-Law Suite Finished Bsmt W/Separate Entrance, This Home Offers Great Size Living & Dining Area, Family Size Kitchen W/Breakfast Area, 3 Generous Size Br, Gleaming Wood Floors Throughout The Home.

**Brampton $699,000**



**39 Shiff Cres:** This Is Your Chance 3+1 Bedrooms 3 Storey Townhouse Corner End Unit Feels Like A Semi, Lots Of Sunlight, Double Door Entry. Open Concept, 9Ft Ceiling, Bedroom On Main Floor Back Door Entry Through Backyard, Entrance Garage From Inside.

**MISSISSAUGA $299,000**

Photo Not Available

**7885 Tranmere Dr:** Turn Key Operation, Banquet Hall/ Restaurant Business For Sale, Located In Desirable Area W/ High Density Of Industrial & Commercial Business. Full Size Commercial Kitchen, Thousands Spent On Upgrades. Newer Floors, Bar, Equipment. Very Low rent.

**Misissisauga $749,000**



**7089 Torbram Rd :** Well Established Banquet Hall Business For Sale Over 20 Years In Business, One Of Kind And Hall In High Demand Area Close To The Airport Ideal For Wedding Reception, Anniversary, Birthday Celebrations, Corporate Events & Much More.

**Blandford $349,000**

Photo Not Available

**23 Wilmot St:** Sale Of Business With Property Gas Stations in Blandform-Blenheim Oxford area. For more information Call Paramjit Deol at 905-405-8484.

**Oshawa $659,000**

Photo Not Available

**Simcoe St/Highway 407:** Fantastic Opportunity To Own In The Highly Sought After Tribute In The Stunning Windfields Community! Approx. 2000 Sqft, 3 Bed + 3 Bath Corner Unit, Fully Upgraded, Walking Distance To The New Riocan Shopping Centre! Close To all amenities.

**Brampton $1,900,000**

Photo Not Available

**115 Orenda Dr:** Well Established Business For Sale!! Truck & Trailer Repair Shop, Many Year In Business, Great Reputable Clientele, 8 Drive Indoors, Shop Can Hold Up To 10 Trucks At A Time, Approx 15,000 Sqft, Sales Are $1.5 Million Per Year As Per Seller. Huge Parking Lot That Holds Up To 35 Trucks, Very Low Rent, Tons Of Inventory.

**Brampton $749,000**



**Mississauga Rd/Sandalwood Pkwy :** 3 Bedroom Townhouse End Unit With Finished Walk Out Basement For Sale. Fully Upgraded Home. 9 Ft Ceiling At Main Level. Hardwood Stairs. Granite Counter Top In Main Kitchen. Upgraded Washrooms. Hardwood On The Main Floor. Lots Of Natural Sun Lights.

**Barrie $769,000**



**Ferndale & Edgehill :** Fully Upgraded Top To Bottom Duplex Over $150,000 Spent On Upgrades With 1st Unit Rental For $2600 & Bottom Unit $1800 Seprate Utility Meters For Each Unit, 13 Feet High Ceiling In Dining Room Situated On A Ravine Backing With An Extra Deep Lot.

**Oshawa $659,000**

Photo Not Available

**150 Windfields Farm Dr 86:** Fantastic Opportunity To Own In The Highly Sought After Tribute In The Stunning Windfields Community! Approx. 2000 Sqft, 3 Bed + 3 Bath Corner Unit, Fully Upgraded, Walking Distance To The New Riocan Shopping Centre! Close To 407...

**Brampton $789,000**



**124 Cornwall Rd:** Move In Ready Designer Concept, Totally Renovated From Top To Bottom On A Prime 50 Foot Lot With Huge Backyard In A Quiet Mature Neighborhood. This Home Must Be Seen To Appreciate The Quality /Design /Layout & Level Of Finishes. Close To All Amenities.

**Toronto $959,500**



**Queen St/Logan Ave:** Brand New Condo Apartment, 1 Bedroom + Den, 9 Ft Ceiling, Plenty Of Natural Light Approx 784 Sq Ft. **Location, Location 24 Hrs Street Car At Your Door, Nearby Restaurants, Cafes, Shops & All Amenities Don't Miss This Opportunity **** Tenant Willing To Stay Or Vacate.

**New Tecumseth $978,888**



**King St/Industry:** Home With Custom Design Changes, Butlers Pantry, Main Floor Laundry And Added Square Footage! 9' +/- Main Floor Ceilings, Undermount Kitchen Sink, Wall Mount Pot Filler, Entrance To Garage From Home, Hardwood Flooring, Jack And Jill (4Pc Twin Bath) For Bedroom 3 And 4.

**Mississauga $715,000**



**Derry And Mclaughlin:** One Of The Best Investment For 1st-Time Buyers/Investors In Mississauga! Monthly Rent 2500 +.Well Appreciated During Recent Years. Finished Basement.

*Canadian punjabi post assumes no responsibility for the accuracy of any information shown. Copyright Ppost 2019

## ਅੱਜ ਨਾਮਾ

ਆਰਡੀਨੈਂਸ ਇੱਕ ਆ ਗਿਆ ਨਵਾਂ ਮੀਆਂ,
ਸਖਤੀ ਕਰਨ ਦੀ ਕੀਤੀ ਪਈ ਹੱਦ ਮੀਆਂ।
ਸਰਕਾਰ ਕਿਹਾ ਪਰਦੂਸ਼ਣ ਆ ਰੋਕਣਾ ਜੀ,
ਜਿਹੜਾ ਫਿਕਰ ਦੀ ਵੱਡੀ ਆ ਮੱਦ ਮੀਆਂ।
ਸਭ ਤੋਂ ਵੱਡੀ ਅਦਾਲਤ ਵੀ ਝਿੜਕਦੀ ਊ,
ਜੀਹਦਾ ਆਖਿਆ ਹੁੰਦਾ ਨਹੀਂ ਰੱਦ ਮੀਆਂ।
ਇੱਧਰ-ਉਧਰ ਦਾ ਜਿਹੜਾ ਦਬਾਅ ਪੈਂਦਾ,
ਦੇਣਾ ਈ ਸਾਰਾ ਕਿਸਾਨਾਂ ’ਤੇ ਲੱਦ ਮੀਆਂ।
ਮੰਨ ਲਿਆ ਗਲਤ ਪਰਾਲੀ ਨੂੰ ਸਾੜਨਾ ਈ,
ਇਹ ਤਾਂ ਹੁੰਦੀ ਆ ਰੋਕਣ ਦੀ ਲੋੜ ਮੀਆਂ।
ਲਾ ਗਿਆ ਕੋਈ ਚੁਆਤੀ ਜਦ ਰਾਹ ਜਾਂਦਾ,
ਮਰ ਜਾਊ ਭਰਦਾ ਕਿਰਸਾਨ ਕਰੋੜ ਮੀਆਂ।

**ਤੀਸ ਮਾਰ ਖਾਂ**

# ਪਰਾਲੀ ਤੇ ਇੰਡਸਟਰੀ ਪ੍ਰਦੂਸ਼ਣ ਉਤੇ ਕਰੋੜਾਂ ਦੇ ਜੁਰਮਾਨੇ ਵਾਲਾ ਆਰਡੀਨੈਂਸ ਮਨਜ਼ੂਰ

*** 5 ਸਾਲ ਦੀ ਸਜ਼ਾ ਤੇ 5 ਕਰੋੜ ਜੁਰਮਾਨੇ ਦੀ ਵਿਵਸਥਾ**

ਨਵੀਂ ਦਿੱਲੀ, 29 ਅਕਤੂਬਰ, (ਪੋਸਟ ਬਿਊਰੋ)- ਭਾਰਤ ਵਿੱਚ ਪਰਾਲੀ ਅਤੇ ਇੰਡਸਟਰੀ ਕਾਰਨ ਹੋ ਰਹੇ ਪ੍ਰਦੂਸ਼ਣ ਬਾਰੇ ਕੇਂਦਰ ਸਰਕਾਰ ਨੇ ਸਖਤ ਰੁਖ਼ ਧਾਰਨ ਕੀਤਾ ਹੈ। ਇਸ ਨੇ ਇੱਕ ਪ੍ਰਦੂਸ਼ਣ ਰੋਕੂ ਕਮਿਸ਼ਨ ਬਣਾਉਣ ਲਈ ਆਰਡੀਨੈਂਸ ਨੂੰ ਮਨਜ਼ੂਰੀ ਦੇ ਦਿੱਤੀ ਹੈ ਤੇ ਨਿਯਮ ਤੋੜਨ ਵਾਲੇ ਨੂੰ 1 ਕਰੋੜ ਤੱਕ ਜੁਰਮਾਨਾ ਲਾਇਆ ਜਾ ਸਕਦਾ ਹੈ। ਨਵੇਂ ਬਣਨ ਜਾ ਰਹੇ ਕਮਿਸ਼ਨ ਕੋਲ ਕਿਸੇ ਨੂੰ ਪੰਜ ਸਾਲ ਦੀ ਸਜ਼ਾ ਤੇ ਪੰਜ ਕਰੋੜ ਦੇ ਜੁਰਮਾਨੇ ਕਰਨ ਦਾ ਅਧਿਕਾਰ ਹੈ। ਕਮਿਸ਼ਨ ਦੇ ਹੁਕਮਾਂ ਨੂੰ ਸਿਰਫ ਨੈਸ਼ਨਲਗਰੀਨ ਟ੍ਰਿਬੀਊਨਲ (ਐੱਨ ਜੀ ਟੀ) ਵਿੱਚ ਚੁਣੌਤੀ ਦਿੱਤੀ ਜਾ ਸਕਦੀ ਹੈ।



ਦਿੱਲੀ ਐੱਨ ਸੀ ਆਰ(ਨੈਸ਼ਨਲ ਕੈਪੀਟਲ ਰੀਜਨ) ਦੀ ਹਵਾ ਪ੍ਰਦੂਸ਼ਣ ਦੀ ਸਮੱਸਿਆ ਦੀ ਰੋਕਥਾਮ ਲਈ ਕੇਂਦਰ ਸਰਕਾਰ ਨੇ ਸੁਪਰੀਮ ਕੋਰਟ ਦੀ ਸਖਤੀ ਪਿੱਛੋਂ ਵੱਡੀ ਪਹਿਲ ਕੀਤੀ ਤੇ ਦਿੱਲੀ-ਐੱਨ ਸੀ ਆਰ ਅਤੇ ਇਸ ਦੇ ਨਾਲ ਲੱਗਦੇ ਰਾਜਾਂ ਹਰਿਆਣਾ,ਪੰਜਾਬ, ਰਾਜਸਥਾਨ, ਉੱਤਰ ਪ੍ਰਦੇਸ਼ ਵਿੱਚ ਹਵਾ ਪ੍ਰਦੂਸ਼ਣ ਦੀ ਰੋਕਥਾਮ ਅਤੇ ਨਿਗਰਾਨੀ ਲਈ ਇੱਕ ਕਮਿਸ਼ਨ ਬਣਾਉਣ ਦੇ ਆਰਡੀਨੈਂਸ ਨੂੰ ਪ੍ਰਵਾਨਗੀ ਦਿੱਤੀ ਹੈ। ਕਮਿਸ਼ਨਦੇ ਇੱਕ ਚੇਅਰਪਰਸਨ ਦੇ ਨਾਲ ਕੇਂਦਰ ਸਰਕਾਰ, ਐੱਨ ਸੀ ਆਰ ਵਾਲੇ ਰਾਜਾਂ, ਕੇਂਦਰੀ ਪ੍ਰਦੂਸ਼ਣ ਕੰਟਰੋਲ ਬੋਰਡ, ਭਾਰਤੀ ਦੀ ਪੁਲਾੜ ਖੋਜ ਸੰਸਥਾ (ਇਸਰੋ) ਦੇ ਨੁਮਾਇੰਦੇ ਵੀ ਹੋਣਗੇ।ਇਹ ਕਮਿਸ਼ਨ ਵਾਤਾਵਰਣ ਪ੍ਰਦੂਸ਼ਣ ਰੋਕਥਾਮ ਤੇ ਕੰਟਰੋਲ ਅਥਾਰਟੀ (ਈ ਪੀ ਸੀ ਏ) ਦੀ ਥਾਂ ਲਵੇਗਾ। ਇਹ ਕਮਿਸ਼ਨ ਬਣਨ ਨਾਲ ਸਾਰੀਆਂ ਟਾਸਕ ਫੋਰਸਾਂ, ਕਮੇਟੀਆਂ, ਮਾਹਰ ਗਰੁੱਪਾਂ ਅਤੇ ਤਾਲਮੇਲ ਦੀ ਤੇਜ਼ੀ ਆਵੇਗੀ। ਕਮਿਸ਼ਨ ਦਾ ਮੁੱਖ ਦਫਤਰ ਦਿੱਲੀ ਵਿਚ ਹੋਵੇਗਾ। ਇਸ ਕਮਿਸ਼ਨ ਨੂੰ 5 ਸਾਲ ਤੱਕ ਦੀ ਕੈਦ ਅਤੇ 5 ਕਰੋੜ ਰੁਪਏ ਤੱਕ ਜੁਰਮਾਨਾ ਕਰਨ ਦਾ ਅਧਿਕਾਰ ਦਿੱਤਾ ਗਿਆ। ਕਮਿਸ਼ਨ ਦੇ ਆਦੇਸ਼ਾਂ ਨੂੰ ਸਿਰਫ ਐਨਜੀਟੀ ਵਿੱਚ ਚੁਣੌਤੀ ਦਿੱਤੀ ਜਾ ਸਕਦੀ ਹੈ। ਇਸ ਦੌਰਾਨ ਦਿੱਲੀ-ਐੱਨ ਸੀ ਆਰ ਵਿੱਚ ਵਧਦੇ ਪ੍ਰਦੂਸ਼ਣ ਬਾਰੇ ਇੱਕ ਕੇਸ ਦੀ ਸੁਣਵਾਈ ਵੇਲੇਅੱਜ ਵੀਰਵਾਰ ਨੂੰ ਸੁਪਰੀਮ ਕੋਰਟ ਦੇਚੀਫ ਜਸਟਿਸ ਜਸਟਿਸ ਐਸ ਏ ਬੋਬੜੇ ਨੇ ਕਿਹਾ ਕਿ ਕੁਝ ਮਾਹਰਾਂ ਨੇ ਮੈਨੂੰ ਇਹ ਦੱਸਿਆ ਹੈ ਕਿ ਪ੍ਰਦੂਸ਼ਣ ਦਾ ਕਾਰਨ ਸਿਰਫ ਪਰਾਲੀ ਨਹੀਂ, ਤੁਸੀਂ ਲੋਕ ਲੰਬੀਆਂ ਖੂਬਸੂਰਤ ਗੱਡੀਆਂ ਵਿਚ ਵੀ ਚੱਲਣਾ ਬੰਦ ਕਰੋ ਤੇ ਇਸ ਦੀ ਬਜਾਏ ਸਾਈਕਲਿੰਗ ਦੀ ਆਦਤ ਪਾਉ। ਚੀਫ਼ ਜਸਟਿਸ ਨੇ ਸੁਣਵਾਈ ਅਗਲੇ ਹਫਤੇ ਸ਼ੁੱਕਰਵਾਰ ਤੱਕ ਮੁਲਤਵੀ ਕਰ ਦਿੱਤੀ ਹੈ। ਸੁਪਰੀਮ ਕੋਰਟ ਇਹ ਵੀ ਆਦੇਸ਼ ਦਿੱਤਾ ਹੈ ਕਿ ਦਿੱਲੀ ਦੀ ਹਵਾ ਖਰਾਬ ਨਾ ਹੋਣ ਦਿੱਤੀ ਜਾਵੇ ਅਤੇ ਜੇ ਜਰੂਰੀ ਨਾ ਹੋਵੇ ਤਾਂ ਪਟਾਕੇ ਨਾ ਚਲਾਏ ਜਾਣ ਅਤੇ ਪ੍ਰਦੂਸ਼ਣ ਘਟਾਉਣ ਵਿੱਚ ਸਾਰੇ ਨਦਦ ਕਰੋ।

## ਵੱਡੇ ਅਧਿਕਾਰੀ ਦੀ ਪਤਨੀ ਨੂੰ ਅਸ਼ਲੀਲ ਵੀਡੀਓ ਜਨਤਕ ਕਰਨ ਦੀ ਧਮਕੀ



ਜਲੰਧਰ, 29 ਅਕਤੂਬਰ (ਪੋਸਟ ਬਿਊਰੋ)- ਦਿੱਲੀ ’ਚ ਉਚ ਪੱਧਰੀ ਅਧਿਕਾਰੀ ਦੀ ਪਤਨੀ ਨਾਲ ਪਹਿਲਾਂ ਦੋਸਤੀ ਪਾ ਕੇ ਉਸ ਦੀ ਅਸ਼ਲੀਲ ਵੀਡੀਓ ਬਣਾਉਣ ਤੇ ਔਰਤ ਨੂੰ ਇਹ ਵੀਡੀਓ ਜਨਤਕ ਕਰਨ ਦੀ ਧਮਕੀ ਦੇਣ ਵਾਲੇ ਮਾਡਲ ਟਾਊਨ ਦੇ ਕੱਪੜਾ ਵਪਾਰੀ ਕੁਨਾਲ ਚਾਵਲਾ ਦੇ ਖ਼ਿਲਾਫ਼ ਥਾਣਾ ਨਵੀਂ ਬਾਰਾਂਦਰੀ ਦੀ ਪੁਲਸ ਨੇ ਕੇਸ ਦਰਜ ਕੀਤਾ ਹੈ।

ਦਿੱਲੀ ਦੀ ਰਹਿਣ ਵਾਲੀ ਔਰਤ ਨੇ ਪੁਲਸ ਨੂੰ ਦਿੱਤੀ ਸ਼ਿਕਾਇਤ ’ਚ ਦੱਸਿਆ ਹੈ ਕਿ ਉਹ ਅਕਸਰ ਜਲੰਧਰ ’ਚ ਆਉਂਦੀ ਰਹਿੰਦੀ ਹੈ। ਇਸ ਦੌਰਾਨ ਉਸ ਦੀ ਦੋਸਤੀ ਕੁਨਾਲ ਚਾਵਲਾ ਨਾਲ ਹੋ ਗਈ। ਕੁਨਾਲ ਵੀ ਜਦੋਂ ਦਿੱਲੀ ਆਉਂਦਾ ਤਾਂ ਉਹ ਦੋਵੇਂ ਹੋਟਲ ’ਚ ਮਿਲਿਆ ਕਰਦੇ ਸਨ। ਕੁਝ ਸਮਾਂ ਏਦਾਂ ਚਲਦਾ ਰਿਹਾ, ਪਰ ਇੱਕ ਦਿਨ ਦੋਵਾਂ ’ਚ ਕਿਸੇ ਗੱਲ ਤੋਂ ਅਣਬਣ ਹੋ ਗਈ ਤਾਂ ਕੁਨਾਲ ਨੇ ਉਸ ਨੂੰ ਧਮਕੀ ਦਿੱਤੀ ਕਿ ਉਹ ਉਸ ਦੀ ਅਸ਼ਲੀਲ ਵੀਡੀਓ ਜਨਤਕ ਕਰ ਦੇਵੇਗਾ। ਉਹ ਅਕਤੂਬਰ ਵਿੱਚ ਇੱਕ ਵਾਰ ਫਿਰ ਜਲੰਧਰ ਆਈ ਤਾਂ ਕੁਨਾਲ ਉਸ ਨੂੰ ਮਿਲਿਆ ਅਤੇ ਉਸ ਨੂੰ ਜਬਰੀ ਆਪਣੇ ਨਾਲ ਕਾਰ ’ਚ ਬਿਠਾ ਕੇ ਕਿਸੇ ਸੁੰਨਸਾਨ ਜਗ੍ਹਾ ਲੈ ਗਿਆ, ਜਿੱਥੇ ਕੁਨਾਲ ਨੇ ਉਸ ਨੂੰ ਦਿਮਾਗੀ ਤੌਰ ’ਤੇ ਪ੍ਰੇਸ਼ਾਨ ਕੀਤਾ, ਜਿਸ ਦੀ ਵਜ੍ਹਾ ਨਾਲ ਉਹ ਬਿਮਾਰ ਹੋ ਗਈ। ਉਹ ਕਰੀਬ 10 ਦਿਨ ਬਾਅਦ ਬਿਮਾਰੀ ਤੋਂ ਉਭਰ ਆਈ ਹੈ ਅਤੇ ਉਸ ਨੇ ਕੁਨਾਲ ਖ਼ਿਲਾਫ਼ ਸ਼ਿਕਾਇਤ ਦਿੱਤੀ ਹੈ। ਥਾਣਾ ਨਵੀਂ ਬਾਰਾਂਦਰੀ ਦੇ ਮੁਖੀ ਰਵਿੰਦਰ ਕੁਮਾਰ ਨੇ ਦੱਸਿਆ ਕਿ ਕੁਨਾਲ ਚਾਵਲਾ ਖ਼ਿਲਾਫ਼ ਕੇਸ ਦਰਜ ਕਰਕੇ ਉਸ ਨੂੰ ਗ੍ਰਿਫ਼ਤਾਰ ਕਰ ਲਿਆ ਹੈ, ਜਿਸ ਦੀ ਜਾਂਚ ’ਤੇ ਉਸ ਦੇ ਮੋਬਾਈਲ ਫੋਨ ਵਿੱਚੋਂ ਅਜਿਹੀ ਕੋਈ ਵੀ ਵੀਡੀਓ ਨਹੀਂ ਮਿਲੀ ਅਤੇ ਉਸ ਦਾ ਮੋਬਾਈਲ ਜਾਂਚ ਲਈ ਭੇਜਿਆ ਗਿਆ ਹੈ।

## ਟਵਿੱਟਰ ਵੱਲੋਂ ਲੱਦਾਖ ਨੂੰ ਚੀਨ ਦਾ ਹਿੱਸਾ ਦਿਖਾਉਣਾ ਦੇਸ਼ ਧ੍ਰੋਹ

ਨਵੀਂ ਦਿੱਲੀ, 29 ਅਕਤੂਬਰ (ਪੋਸਟ ਬਿਊਰੋ)- ਭਾਰਤ ਦੀ ਇੱਕ ਪਾਰਲੀਮੈਂਟਰੀ ਕਮੇਟੀ ਨੇ ਟਵਿੱਟਰ ਵੱਲੋਂ ਲੱਦਾਖ ਨੂੰ ਚੀਨ ਦਾ ਹਿੱਸਾ ਦਿਖਾਏ ਜਾਣ ’ਤੇ ਵਰ੍ਹਦਿਆਂ ਕਿਹਾ ਕਿ ਇਹ ਦੇਸ਼ ਧ੍ਰੋਹ ਹੈ ਅਤੇ ਇਸ ਸਬੰਧੀ ਜਵਾਬ ਐਫੀਡੇਵਿਟਰਾਹੀਂ ਸੋਸ਼ਲ ਮੀਡੀਆ ਪਲੇਟਫਾਰਮ ਦੀ ਅਮਰੀਕਾ ਵਿਚਲੀ ਪੇਰੈਂਟ ਯੂਨਿਟਵੱਲੋਂ ਦਿੱਤਾ ਜਾਵੇ।

ਇਸ ਪੈਨਲ ਵਿਚਲੇ ਸੂਤਰਾਂ ਅਨੁਸਾਰ ਡੈਟਾ ਪ੍ਰੋਟੈਕਸ਼ਨ ਬਿੱਲ 2019 ਬਾਰੇ ਪਾਰਲੀਮੈਂਟ ਦੀ ਜਾਇੰਟ ਕਮੇਟੀ ਅੱਗੇ ਪੇਸ਼ ਹੋਏ ਟਵਿੱਟਰ ਇੰਡੀਆ ਦੇ ਪ੍ਰਤੀਨਿਧਾਂ ਨੇ ‘ਮੁਆਫੀ ਮੰਗੀ’ ਹੈ ਪ੍ਰੰਤੂ ਉਨ੍ਹਾਂ ਨੂੰ ਮੈਂਬਰਾਂ ਨੇ ਕਿਹਾ ਕਿ ਇਹ ਫੌਜਦਾਰੀ ਅਪਰਾਧ ਹੈ, ਜਿਸ ਨੇ ਭਾਰਤ ਦੀ ਪ੍ਰਭੂਸੱਤਾ ’ਤੇ ਹਮਲਾ ਕੀਤਾ ਹੈ ਅਤੇ ਇਸ ਸਬੰਧੀ ਐਫੀਡੇਵਿਟਟਵਿੱਟਰ ਇੰਡੀਆ ਵੱਲੋਂਨਹੀਂ, ਟਵਿੱਟਰ ਆਈ ਐਨ ਸੀ ਵੱਲੋਂ ਦਿੱਤਾ ਜਾਵੇ। ਭਾਜਪਾ ਪਾਰਲੀਮੈਂਟ ਮੈਂਬਰ ਮੀਨਾਕਸ਼ੀ ਲੇਖੀ ਦੀ ਅਗਵਾਈ ਵਾਲੇ ਪੈਨਲ ਦੇ ਮੈਂਬਰਾਂ ਨੇ ਟਵਿੱਟਰ ਦੇ ਮੈਂਬਰਾਂ ਤੋਂ ਕਰੀਬ ਦੋ ਘੰਟਿਆਂ ਤੋਂ ਵੱਧ ਸਮਾਂ ਪੁੱਛਗਿੱਛ ਕੀਤੀ ਤੇ ਜ਼ਿਆਦਾ ਪ੍ਰਸ਼ਨ ਟਵਿੱਟਰ ਐਪ ਉੱਤੇ ਲੱਦਾਖ ਨੂੰ ਚੀਨ ਦਾ ਹਿੱਸਾ ਦਿਖਾਉਣ ਨਾਲ ਸਬੰਧਤ ਸਨ।

ਬੈਠਕ ਤੋਂਬਾਅਦ ਕਮੇਟੀ ਦੀ ਚੇਅਰਪਰਸਨ ਮੀਨਾਕਸ਼ੀ ਲੇਖੀ ਨੇ ਦੱਸਿਆ ਕਿ “ਕਮੇਟੀ ਆਪਣੀ ਇਸ ਰਾਏ ’ਤੇ ਇਕਮੱਤ ਸੀ ਕਿ ਟਵਿੱਟਰ ਵੱਲੋਂ ਦਿੱਤਾ ਤਰਕ ਕਾਫੀ ਨਹੀਂ।” ਉਨ੍ਹਾਂ ਕਿਹਾ ਕਿ ਟਵਿੱਟਰ ਦੇ ਨੁਮਾਇੰਦਿਆਂ ਨੇ ਪੈਨਲ ਨੂੰ ਕਿਹਾ ਕਿ ਸੋਸ਼ਲ ਮੀਡੀਆ ਕੰਪਨੀ ਭਾਰਤ ਦੀਆਂ ਭਾਵਨਾਵਾਂ ਦਾ ਸਤਿਕਾਰ ਕਰਦੀ ਹੈ। ਲੇਖੀ ਨੇ ਕਿਹਾ ਕਿ ‘ਇਹ ਕੇਵਲ ਭਾਰਤ ਜਾਂ ਭਾਰਤੀਆਂ ਦੀਆਂ ਭਾਵਨਾਵਾਂ ਦਾ ਸਵਾਲ ਨਹੀਂ, ਦੇਸ਼ ਦੀ ਪ੍ਰਭੂਸੱਤਾ ਅਤੇ ਕੌਮੀ ਅਖੰਡਤਾ ਦਾ ਸਵਾਲ ਹੈ ਅਤੇ ਇਸ ਦਾ ਸਤਿਕਾਰ ਨਾ ਕਰਨਾ ਅਪਰਾਧ ਹੈ ਅਤੇ ਭਾਰਤ ਦੇ ਨਕਸ਼ੇ ਨੂੰ ਗਲਤ ਦਿਖਾਉਣਾ ਦੇਸ਼ ਧਰੋਹ ਦਾ ਅਪਰਾਧ ਹੈ ਅਤੇ ਇਸ ਲਈ ਸੱਤ ਸਾਲ ਕੈਦ ਹੋ ਸਕਦੀ ਹੈ।’ ਲੇਖੀ ਨੇ ਦੱਸਿਆ ਕਿ ਟਵਿੱਟਰ ਨੂੰ ਪਾਬੰਦੀ ਨੀਤੀ ਬਾਰੇ ਸਵਾਲ ਪੁੱਛੇ ਗਏ। ਉਨ੍ਹਾਂ ਕਿਹਾ ਕਿ ਇਸ ਬਾਰੇ ਕੁਝ ਵੀ ਸਪੱਸ਼ਟ ਨਹੀਂ ਹੈ। ਉਨ੍ਹਾਂ ਕਿਹਾ, “ਟਵਿੱਟਰ ਆਪਣੇ ਹੀ ਕਾਨੂੰਨ ਬਣਾ ਰਿਹਾ ਹੈ ਅਤੇ ਇਸ ਸਥਿਤੀ ਵਿੱਚ ਉਹ ਪ੍ਰਗਟਾਵੇ ਦੀ ਆਜ਼ਾਦੀ ਨਾਲ ਸਬੰਧਤ ਸੰਵਿਧਾਨ ਦੀ ਧਾਰਾ 19 ਦੀ ਉਲੰਘਣਾ ਕਰ ਰਹੇ ਹਨ।”

ਜਾਣਕਾਰ ਸੂਤਰਾਂ ਅਨੁਸਾਰ ਕੁਝ ਮੈਂਬਰਾਂ ਨੇ ਟਵਿੱਟਰ ਦੀ ਪਾਰਦਰਸ਼ਤਾ ਨੀਤੀ ਅਤੇ ਚੋਣਾਂ ਦੌਰਾਨ ਇਸ ਦੀਆਂ ਕਾਰਵਾਈਆਂ ਬਾਰੇ ਵੀ ਸਵਾਲ ਪੁੱਛੇ ਸਨ।ਟਵਿੱਟਰ ਵੱਲੋਂ ਪੈਨਲ ਅੱਗੇ ਪੇਸ਼ ਹੋਏ ਅਧਿਕਾਰੀਆਂ ਵਿੱਚ ਲੋਕ ਨੀਤੀ ਬਾਰੇ ਸੀਨੀਅਰ ਮੈਨੇਜਰ ਸ਼ਗੁਫਤਾ ਕਾਮਰਾਨ, ਵਕੀਲ ਆਯੂਸ਼ੀ ਕਪੂਰ, ਨੀਤੀ ਸੰਚਾਰ ਅਧਿਕਾਰੀ ਪੱਲਵੀ ਵਾਲੀਆ ਅਤੇ ਕਾਰਪੋਰੇਟ ਸੁਰੱਖਿਆ ਅਧਿਕਾਰੀ ਮਾਨਵਿੰਦਰ ਬਾਲੀ ਸ਼ਾਮਲ ਸਨ। ਇਲੈਕਟ੍ਰਾਨਿਕਸ, ਸੂਚਨਾ ਅਤੇ ਸੰਚਾਰ ਬਾਰੇ ਮੰਤਰਾਲੇ ਅਤੇ ਕਾਨੂੰਨ ਤੇ ਨਿਆਂ ਬਾਰੇ ਮੰਤਰਾਲੇ ਦੇ ਅਧਿਕਾਰੀ ਵੀ ਪੈਨਲ ਅੱਗੇ ਪੇਸ਼ ਹੋਏ।

## ਜੇਲ੍ਹ ਵਿੱਚ ਡੀ ਐਸ ਪੀ ਨਾਲ ਹੱਥੋਪਾਈ ਕਰਨ ਵਾਲੇ ਦੋ ਪੁਲਸੀਏ ਸਸਪੈਂਡ


ਕਪੂਰਥਲਾ, 29 ਅਕਤੂਬਰ (ਪੋਸਟ ਬਿਊਰੋ)- ਕੱਲ੍ਹ ਮਾਡਰਨ ਜੇਲ੍ਹ ਵਿੱਚ ਡਿਊਟੀ ’ਤੇ ਜਾ ਰਹੇ ਦੋ ਪੁਲਸ ਮੁਲਾਜ਼ਮਾਂ ਨੂੰ ਮੇਨ ਗੇਟ ’ਤੇ ਤੈਨਾਤ ਸਕਿਓਰਿਟੀ ਨੇ ਰੂਟੀਨ ਚੈਕਿੰਗ ਦੇ ਲਈ ਰੋਕਿਆ ਤਾਂ ਦੋਵਾਂ ਨੇ ਸਕਿਓਰਿਟੀ ਗਾਰਡਾਂ ਨਾਲ ਵਿਵਾਦ ਕਰਨਾ ਸ਼ੁਰੂ ਕਰ ਦਿੱਤਾ। ਸੂਚਨਾ ਮਿਲਣ ’ਤੇ ਪਹੁੰਚੇ ਡੀ ਐਸ ਪੀ ਸਕਿਓਰਿਟੀ ਨੇ ਵਿਵਾਦ ਸੁਲਝਾਉਣ ਦਾ ਯਤਨ ਕੀਤਾ। ਦੋਵਾਂ ਨੇ ਡੀ ਐਸ ਪੀ ਨਾਲ ਹੱਥੋਪਾਈ, ਦੁਰਵਿਹਾਰ ਤੇ ਬਹਿਸ ਕੀਤੀ। ਇਸ ਕਾਰਨ ਜੇਲ੍ਹ ਐਸ ਪੀ ਨੇ ਦੋਵਾਂ ਮੁਲਾਜ਼ਮਾਂ ਨੂੰ ਮੌਕੇ ’ਤੇ ਸਸਪੈਂਡ ਕਰ ਕੇ ਥਾਣਾ ਕੋਤਵਾਲੀ ਵਿੱਚ ਮਾਮਲਾ ਦਰਜ ਕਰਨ ਦੇ ਹੁਕਮ ਦਿੱਤੇ ਹਨ।



ਜੇਲ੍ਹ ਐਸ ਪੀ ਬਲਜੀਤ ਸਿੰਘ ਘੁੰਮਣ ਨੇ ਦੱਸਿਆ ਕਿ ਕੱਲ੍ਹਜੇਲ੍ਹ ਵਿੱਚ ਗਾਰਦ ਦੀ ਡਿਊਟੀ ਲਾਈ ਜਾਣੀ ਸੀ ਅਤੇ ਜੇਲ੍ਹ ਦੇ ਬਾਹਰ ਕਵਾਰਟਰਾਂ ’ਚੋਂ ਹਵਾਲਦਾਰ ਕਸ਼ਮੀਰ ਸਿੰਘ ਅਤੇ ਸਿਪਾਹੀ ਸੁਖਵਿੰਦਰ ਸਿੰਘ ਡਿਊਟੀ ਜੁਆਇਨ ਕਰਨ ਲਈ ਮੇਨ ਗੇਟ ’ਤੇ ਪਹੁੰਚੇ ਤਾਂ ਸਕਿਓਰਿਟੀ ਨੇ ਉਨ੍ਹਾਂ ਦੀ ਤਲਾਸ਼ੀ ਲੈਣੀ ਚਾਹੀ, ਜੋ ਨਿਯਮਾਂ ਅਨੁਸਾਰ ਜ਼ਰੂਰੀ ਹੈ। ਦੋਵਾਂ ਨੇ ਤਲਾਸ਼ੀ ਦੇਣ ਤੋਂ ਇਨਕਾਰ ਕਰ ਦਿੱਤਾ। ਸੂਚਨਾ ਮਿਲਣ ’ਤੇ ਡੀ ਐਸ ਪੀ ਸਕਿਓਰਿਟੀ ਵਿਜੈ ਕੰਵਰਪਾਲ ਉਥੇ ਪਹੁੰਚੇ ਅਤੇ ਉਨ੍ਹਾਂ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ ਕਿ ਜੇਲ੍ਹ ਅੰਦਰ ਚਾਹੇ ਕੋਈ ਵੀ ਆਉਣਾ ਚਾਹੇ, ਬੇਸ਼ੱਕ ਸਰਕਾਰੀ ਮੁਲਾਜ਼ਮ ਹੋਵੇ ਜਾਂ ਗੈਰ ਸਰਕਾਰੀ ਹੋਵੇ, ਤਲਾਸ਼ੀ ਜ਼ਰੂਰੀ ਹੈ। ਇੰਨਾ ਸੁਣਦੇ ਹੀ ਦੋਵੇਂ ਪੁਲਸ ਮੁਲਾਜ਼ਮਾਂ ਨੇ ਡੀ ਐਸ ਪੀ ਦੇ ਨਾਲ ਹੱਥੋਪਾਈ ਅਤੇ ਦੁਰਵਿਹਾਰ ਕਰਨਾ ਸ਼ੁਰੂ ਕਰ ਦਿੱਤਾ, ਜਿਸ ਕਾਰਨ ਦੋਵਾਂ ਨੂੰ ਮੌਕੇ ’ਤੇ ਹੀ ਸਸਪੈਂਡ ਕਰ ਦਿੱਤਾ। ਥਾਣਾ ਕੋਤਵਾਲੀ ਦੀ ਪੁਲਸ ਨੂੰ ਦੋਵਾਂ ਦੇ ਖਿਲਾਫ ਕਾਰਵਾਈ ਕਰਨ ਦੇ ਹੁਕਮ ਦਿੱਤੇ ਗਏ ਹਨ।


ukttc UK TRUCK TRAINING CENTRE
PCC #179958
Registered as a Private Careers College

ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge



Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ

Forklift Training
Forklift $79 Recertification
Counterbalance
Reach Truck

ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs

20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ

7542 Bath Rd, Mississauga, ON L4T 1L2, Off:905.673.7979 | OPEN 7 DAYS uktruck1@gmail.com | Jitpal Singh Deol 647-204-1936



## 15000 ਰੁਪਏ ਰਿਸ਼ਵਤ ਲੈਂਦਾ ਜੇਲ੍ਹ ਦਾ ਸਹਾਇਕ ਸੁਪਰਡੈਂਟ ਕਾਬੂ

ਫਰੀਦਕੋਟ, 29 ਅਕਤੂਬਰ (ਪੋਸਟ ਬਿਊਰੋ)- ਸਥਾਨਕ ਮਾਰਡਨ ਜੇਲ੍ਹ ਦੇ ਸਹਾਇਕ ਸੁਪਰਡੈਂਟ ਹਰਬੰਸ ਸਿੰਘ ਨੂੰ ਕੇਸ ਦਰਜ ਕਰਨ ਦਾ ਡਰਾਵਾ ਦੇ ਕੇ ਕਥਿਤ 15000 ਰੁਪਏ ਰਿਸ਼ਵਤ ਲੈਣ ਦੇ ਮਾਮਲੇ ਵਿੱਚ ਵਿਜੀਲੈਂਸ ਵਿਭਾਗ ਵੱਲੋਂ ਰੰਗੇ ਹੱਥੀਂ ਕਾਬੂ ਕਰ ਲਿਆ ਗਿਆ ਹੈ, ਜਿਸ ਬਾਰੇ ਅਗਲੀ ਜਾਂਚ ਜਾਰੀ ਹੈ।



ਮਿਲੀ ਜਾਣਕਾਰੀ ਅਨੁਸਾਰ ਸਤਵਿੰਦਰ ਸਿੰਘ ਪੁੱਤਰ ਕ੍ਰਿਪਾਲ ਸਿੰਘ ਪਿੰਡ ਟਹਿਣਾ ਦਾ ਭਾਣਜਾ ਜਸਕਰਨ ਸਿੰਘ ਪੁੱਤਰ ਬਲਦੇਵ ਸਿੰਘ ਪਿੰਡ ਰੋੜੀ ਕਪੂਰਾ, ਜਿਸ ’ਤੇ 16 ਮਾਰਚ 2020 ਨੂੰ ਇੱਕ ਕੇਸ ਦਰਜ ਕੀਤਾ ਗਿਆ ਸੀ, ਇਸੇ ਸਥਾਨਕ ਜੇਲ੍ਹ ਦਾ ਹਵਾਲਾਤੀ ਹੈ। ਸ਼ਿਕਾਇਤ ਕਰਤਾ ਅਨੁਸਾਰ ਉਸ ਦਾ ਭਾਣਜਾ ਜਦ ਫੋਨ ’ਤੇ ਉਸ ਨਾਲ ਗੱਲ ਕਰ ਰਿਹਾ ਸੀ ਤਾਂ ਸਹਾਇਕ ਸੁਪਰਡੈਂਟ ਹਰੰਬਸ ਸਿੰਘ ਨੇ ਉਸ ਨੂੰ ਫੜ੍ਹ ਲਿਆ ਅਤੇ ਸ਼ਿਕਾਇਤ ਕਰਤਾ ’ਤੇ ਕੇਸ ਦਰਜ ਕਰਨ ਦਾ ਡਰਾਵਾ ਦੇ ਕੇ 15000 ਰੁਪਏ ਰਿਸ਼ਵਤ ਦੀ ਮੰਗ ਕੀਤੀ। ਸ਼ਿਕਾਇਤ ਕਰਤਾ ਨੇ ਜਦ ਡੀ ਐਸ ਪੀ ਵਿਜੀਲੈਂਸ ਅਸ਼ਵਨੀ ਕੁਮਾਰ ਨੂੰ ਸਾਰੀ ਕਹਾਣੀ ਦੱਸੀ ਤਾਂ ਉਨ੍ਹਾਂ ਬੀ ਕੇ ਉਪਲ ਚੀਫ ਡਾਇਰੈਕਟਰ ਵਿਜੀਲੈਂਸ ਬਿਓਰੋ ਪੰਜਾਬ ਦੇ ਨਿਰਦੇਸ਼ ਉਤੇ ਗੌਤਮ ਸਿੰਗਲ ਸੀਨੀਅਰ ਪੁਲਸ ਆਫੀਸਰ ਵਿਜੀਲੈਂਸ ਬਿਓਰੋ ਰੇਂਜ ਫਿਰੋਜ਼ਪੁਰ ਦੀ ਅਗਵਾਈ ਹੇਠ ਨਿਯਮਾਂ ਅਨੁਸਾਰ ਟ੍ਰੈਪ ਲਾ ਕੇ ਦੋ ਸਰਕਾਰੀ ਗਵਾਹਾਂ ਦੀ ਹਾਜ਼ਰੀ ਵਿੱਚ ਸਹਾਇਕ ਸੁਪਰਡੈਂਟ ਜੇਲ੍ਹ ਨੂੰ ਸ਼ਿਕਾਇਤ ਕਰਤਾ ਸਤਵਿੰਦਰ ਸਿੰਘ ਕੋਲੋਂ 15000 ਰੁਪਏ ਦੀ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕਰ ਲਿਆ।


ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ




Join and Represent Us

- VISITOR TO CANADA INSURANCE
- TRAVEL OUT INSURANCE
- INTERNATIONAL STUDENT INSURANCE
- OTHER INSURANCE PRODUCTS

905-707-1512
905-707-1513
Molly@jfgroup.ca
Toronto Head Office: 15 wertheim court # 501 Richmond Hill, ON L4B 3H7



Steinmetz & Associates
PERSONAL INJURY LAWYERS



Harry Steinmetz
Certified as Specialist by the Law Society of Ontario in Civil Litigation
(with over 27yrs. of experience)



BOBBY SIDHU
partner
(Serving the Community for Over 16 yrs.)

ਕੀ ਐਕਸੀਡੈਂਟ ਵਿੱਚ ਤੁਹਾਡੇ ਸੱਟ ਲੱਗ ਗਈ ਹੈ?
ਮੁੱਫਤ ਸਲਾਹ ▪ ਫੀਸ ਸੈਟਲਮੈਂਟ ਹੋਣ ਤੋ ਬਾਅਦ

ਜੇਕਰ ਤੁਹਾਡਾ ਕਸੂਰ ਹੈ ਜਾਂ ਨਹੀਂ, ਚਾਹੇ ਤੁਸੀਂ ਕੰਮ ਕਰਦੇ ਹੋ ਜਾਂ ਨਹੀਂ, ਚਾਹੇ ਤੁਸੀਂ Housewife ਹੋ, Student ਹੋ, Pedestrian ਹੋ, Cycliust ਹੋ, ਐਕਸੀਡੈਂਟ ਵਿਚ ਸੱਟ ਲੱਗਣ ਦੀ ਸੂਰਤ ਵਿਚ ਤੁਸੀਂ ਕਈ ਬੈਨੀਫਿਟਸ ਦੇ ਹੱਕਦਾਰ ਹੋ ਸਕਦੇ ਹੋ। ਜੇਕਰ ਤੁਹਾਡੀ ਗਲਤੀ ਨਹੀਂ ਹੈ ਤਾਂ ਤੁਸੀਂ Pain & Suffering ਸਮੇਤ ਕਈ ਮਿਲੀਅਨ ਡਾਲਰ ਦੇ ਕਲੇਮ ਦੇ ਹੱਕਦਾਰ ਹੋ ਸਕਦੇ ਹੋ।

ਹੁਣ ਤੱਕ ਅਸੀਂ ਆਪਣੇ Clients ਨੂੰ ਕਈ ਮਿਲੀਅਨ ਤੱਕ ਦੇ ਕਲੇਮ ਦੁਆ ਚੁੱਕੇ ਹਾਂ।
ਜੇਕਰ ਤੁਸੀਂ ਆਪਣੀਆਂ ਮੋਜੂਦਾ ਕਾਨੂੰਨੀ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹੋ ਤਾਂ ਅਸੀਂ ਤੁਹਾਡੀ ਸੇਵਾ ਲਈ ਹਾਜ਼ਰ ਹਾਂ।

If you are hurt in Auto Accident, Slip & Fall or you have long Term Disability Claims
Protect yourself, Protect your family, Know your rights.
For exceptional service, benefits you are entitled to and a settlement you deserve, call the name you trust

You only pay upon settlement

GURSHARAN BOBBY SIDHU
647.539.3020

1450 Meyerside Drive, Suite 308, Mississauga | 2 OFFICES TO SERVE YOU | 55 St. Clair Ave., West, Toronto

email: bsidhu@steinmetzlawyers.ca website: www.steinmetzlawyers.ca



# ਸੰਪਾਦਕੀ

## ਅੱਜ ਕਿਉਬਿੱਕ ਰੈਫਰੈਂਡਮ ਦੀ 25ਵੀਂ ਬਰਸੀ ਉੱਤੇ

30 ਅਕਤੂਬਰ 1995 ਨੂੰ ਕਿਉਬਿੱਕ ਵਿੱਚ ਹੋਏ ਰੈਫਰੈਂਡਮ ਦੀ ਅੱਜ 25ਵੀਂ ਬਰਸੀ ਮਨਾਈ ਜਾ ਰਹੀ ਹੈ। ਇਸ ਰੈਫਰੈਂਡਮ ਦਾ ਮੰਤਵ ਸੀ ਕਿ ਕੀ ਕਿਉਬਿੱਕ ਵਾਸੀ ਕੈਨੇਡਾ ਦਾ ਹਿੱਸਾ ਬਣ ਕੇ ਰਹਿਣਾ ਪੰਸਦ ਕਰਨਗੇ ਜਾਂ ਫੇਰ ਉਹ ਵੱਖਰਾ ਹੋਣਾ ਚਾਹੁਣਗੇ। ਉਸ ਰੈਫਰੈਂਡਮ ਬਾਰੇ ਗੱਲ ਕਰਦਿਆਂ ਪੁਰ-ਾਣੇ ਸਿਆਸਤਦਾਨਾਂ ਦੇ ਅੱਜ ਵੀ ਲੂੰ ਕੰਡੇ ਖੜੇ ਹੋ ਜਾਂਦੇ ਹਨ ਕਿਉਂਕਿ 30 ਅਕਤੂਬਰ 1995 ਨੂੰ ਕੈਨੇਡਾ ਦੇ ਦੋ ਟੁਕੜੇ ਹੋਣ ਦੇ ਬਹੁਤ ਜ਼ਿਆਦਾ ਆਸਾਰ ਬਣ ਗਏ ਸਨ। ਕਿਉਬਿੱਕ ਦੇ 93.52% ਲੋਕਾਂ ਨੇ ਇਹ ਰੈਫਰੈਂਡਮ ਵਿੱਚ ਹਿੱਸਾ ਲਿਆ ਅਤੇ ਕੈਨੇਡਾ ਦੇ ਇਤਿਹਾਸ ਵਿੱਚ ਅੱਜ ਤੱਕ ਇਹ ਪਹਿਲੀ ਵਾਰ ਸੀ ਕਿ ਕਿਸੇ ਫੈਡਰਲ ਜਾਂ ਪ੍ਰੋਵਿੰਸ਼ੀਅਲ ਚੋਣ ਜਾਂ ਰੈਫਰੈਂਡਮ ਵਿੱਚ ਐਨੀ ਗਿਣਤੀ ਵਿੱਚ ਵੋਟਾਂ ਪਾਈਆਂ ਗਈਆਂ ਹੋਣ। 50.58% ਕਿਉਬਿੱਕ ਵਾਸੀਆਂ ਨੇ ਵੋਟ ਪਾਈ ਸੀ ਕਿ ਉਹ ਕੈਨੇਡੀਅਨ ਫੈਡਰਲਿਜ਼ਮ ਦਾ ਹਿੱਸਾ ਬਣਿਆ ਰਹਿਣਾ ਚਾਹੁੰਦੇ ਹਨ ਜਦੋਂ ਕਿ 49.42% ਨੇ ਕੈਨੇਡਾ ਤੋਂ ਵੱਖ ਹੋਣ ਦੇ ਹੱਕ ਵਿੱਚ ਵੋਟ ਪਾਈ। ਮਹਿਜ਼ 1% ਵੋਟਾਂ ਦੇ ਫਰ਼ਕ ਨਾਲ ਕੈਨੇਡਾ ਦੇ ਦੁਫਾੜ ਹੋਣ ਦੀ ਸੰਭਾਵਨਾ ਦਾ ਜੋ ਉਸ ਦਿਨ ਅੰਤ ਹੋਇਆ, ਉਸਤੋਂ ਬਾਅਦ ਅੱਜ ਤੱਕ ਮੁੜ ਵੱਖਵਾਦ ਦਾ ਐਨਾ ਤੱਕੜਾ ਪ੍ਰਭਾਵ ਵੇਖਣ ਨੂੰ ਨਹੀਂ ਮਿਲਿਆ।

ਇਸਦਾ ਅਰਥ ਵੀ ਨਹੀਂ ਕੱਢਿਆ ਜਾ ਸਕਦਾ ਕਿ ਵੱਖਵਾਦੀ ਸੋਚ ਦਾ ਉੱਕਾ ਹੀ ਸਫਾਇਆ ਹੋ ਚੁੱਕਾ ਹੈ। ਕੱਲ ਕਿਉਬਿੱਕ ਪਾਰਲੀਮੈਂਟ ਵਿੱਚ ਪਾਰਟੀ ਕਿਉਬਿੱਕੋਆ ਦੇ ਲੀਡਰ ਪਾਸਕਲ ਬੈਰੁਬੇ ਨੇ ਪ੍ਰੀਮੀਅਰ Francois Legault (ਪੰਜਾਬੀ ਉਚਾਰਣ ਫਰਾਂਸੋਆ ਲਕੂ) ਉੱਤੇ ਵੱਖਵਾਦ ਛੱਡ ਸੱਤਾ ਦੇ ਲਾਲਚ ਵਿੱਚ ਫੈਡਰਲਿਜ਼ਮ ਦਾ ਚੋਲਾ ਪਹਿਨਣ ਦਾ ਦੋਸ਼ ਲਾਇਆ। ਪ੍ਰੀਮੀਅਰ ਲਕੂ ਕਿਸੇ ਵੇਲੇ ਪਾਰਟੀ ਕਿਉਬਿੱਕੋਆ ਦੀ ਸਰਕਾਰ ਵਿੱਚ ਕੈਬਨਿਟ ਮੰਤਰੀ ਰਹਿ ਚੁੱਕਾ ਹੈ ਅਤੇ ਉਸਨੇ 2011 ਵਿੱਚ ਪਾਰਟੀ ਛੱਡ ਕੇ Coalition Avenir Québec (ਕੋਲੀਸ਼ਨ ਅਵੇਨਿਉ ਕਿਉਬਿੱਕ) ਦੀ ਸਥਾਪਨਾ ਕਰ ਲਈ ਸੀ ਜੋ ਅੱਜ ਸੱਤਾ ਵਿੱਚ ਹੈ। ਵੈਸੇ ਬੀਤੇ ਦਿਨੀਂ ਵੱਲੋਂ ਲੀਜਰ ਪੋਲ ਵੱਲੋਂ ਕਰਵਾਏ ਗਏ ਇੱਕ ਸਰਵੇਖਣ ਵਿੱਚ 36% ਲੋਕਾਂ ਨੇ ਆਖਿਆ ਕਿ ਕਿਉਬਿੱਕ ਨੂੰ ਕੈਨੇਡਾ ਤੋਂ ਵੱਖ ਹੋ ਜਾਣਾ ਚਾਹੀਦਾ ਹੈ ਜਦੋਂ ਕਿ 54% ਕੈਨੇਡਾ ਤੋਂ ਵੱਖ ਹੋਣ ਦੇ ਵਿਰੋਧ ਵਿੱਚ ਸਨ। ਵੱਖਵਾਦ ਨੂੰ ਸੱਭ ਤੋਂ ਵੱਧ ਸਮੱਰਥਨ ਵੱਡੀ ਉਮਰ ਦੇ ਲੋਕਾਂ (55 ਸਾਲ ਤੋਂ ਵੱਧ) ਤੋਂ ਮਿਲਦਾ ਹੈ ਜਦੋਂ ਕਿ ਨੌਜਵਾਨ ਤਬਕਾ ਭਾਰੀ ਬਹੁ ਗਿਣਤੀ ਵਿੱਚ ਕੈਨੇਡਾ ਦਾ ਹਿੱਸਾ ਬਣ ਕੇ ਰਹਿਣਾ ਪਸੰਦ ਕਰਦਾ ਹੈ।

ਇਸ ਹਫ਼ਤੇ ਕਰਵਾਏ ਗਏ ਸਰਵੇਖਣ ਵਿੱਚ ਇੱਕ ਦਿਲਚਸਪ ਗੱਲ ਇਹ ਸੀ ਕਿ 62% ਕਿਉਬਿੱਕ ਵਾਸੀਆਂ ਦਾ ਮੰਨਣਾ ਹੈ ਕਿ ਲੋੜ ਪੈਣ ਉੱਤੇ ਉਹਨਾਂ ਨੂੰ ਖੁਦਮੁਖਤਾਰ ਹੋਣ ਦਾ ਹੱਕ ਹੈ। ਇਸਦਾ ਭਾਵ ਹੈ ਕਿ ਆਉਣ ਵਾਲੇ ਲੰਬੇ ਸਮੇਂ ਤੱਕ ਸਾਡੇ ਫੈਡਰਲ ਸਿਆਸਤਦਾਨਾਂ ਨੂੰ ਕਿਉਬਿੱਕ ਦੇ ਵੱਖਰੇ ਸੱਭਿਆਚਾਰ ਅਤੇ ਬੋਲੀ ਦੇ ਸਨਮਾਨ ਲਈ ਵਿਸ਼ੇਸ਼ ਯਤਨ ਕਰਨੇ ਜਾਰੀ ਰੱਖਣੇ ਚਾਹੀਦੇ ਹਨ। 1995 ਵਿੱਚ ਵੀ ਰੈਫਰੈਂਡਮ ਦੀ ਤੱਕੜੀ ਕੈਨੇਡਾ ਨਾਲ ਰਲੇਵੇਂ ਦੇ ਹੱਕ ਵਿੱਚ ਇਸ ਲਈ ਤੁਲ ਗਈ ਸੀ ਕਿਉਂਕਿ ਪ੍ਰਧਾਨ ਮੰਤਰੀ ਜਾਨ ਕਰੈਂਚਨ ਦੀ ਸਰਕਾਰ ਨੇ ਫੈਡਰਲ ਏਕਤਾ ਨੂੰ ਕਾਇਮ ਰੱਖਣ ਲਈ ਕਈ ਸਿੱਧੇ ਅਸਿੱਧੇ ਕਦਮ ਚੁੱਕੇ ਸਨ। ਮਿਸਾਲ ਵਜੋਂ ਸਿਟੀਜ਼ਨਸ਼ਿੱਪ ਵਿਭਾਗ ਵੱਲੋਂ ਕੈਨੇਡਾ ਦੇ ਹੋਰ ਹਿੱਸਿਆਂ ਵਿੱਚੋਂ ਕੱਢ ਕੇ ਵੱਡੀ ਗਿਣਤੀ ਵਿੱਚ ਸਿਟੀਜ਼ਨਸ਼ਿੱਪ ਜੱਜ ਕਿਉਬਿੱਕ ਵਿੱਚ ਤਾਇਨਾਤ ਕੀਤੇ ਗਏ ਸਨ। ਇਹਨਾਂ ਜੱਜਾਂ ਨੇ ਅਕਤੂਬਰ ਦੇ ਰੈਫਰੈਂਡਮ ਤੋਂ ਪਹਿਲਾਂ 44 ਹਜ਼ਾਰ ਦੇ ਕਰੀਬ ਨਵੇਂ ਪਰਵਾਸੀਆਂ ਨੂੰ ਫਟਾਫਟ ਸਿਟੀਜ਼ਨਸ਼ਿੱਪ ਦੀਆਂ ਸਹੁੰਆਂ ਚੁਕਾਈਆਂ ਤਾਂ ਜੋ ਉਹ ਇਸਦੇ ਵਿਰੋਧ ਵਿੱਚ ਵੋਟ ਪਾ ਸੱਕਣ। ਪਰਵਾਸੀ ਵੋਟਰ 95 ਤੋਂ 99% ਤੱਕ ਰੈਫਰੈਂਡਮ ਦੇ ਵਿਰੋਧ ਵਿੱਚ ਭੁਗਤੇ ਸਨ ਜਿਸਦਾ ਕਿਉਬਿੱਕ ਵੱਖਵਾਦੀ ਅੱਜ ਤੱਕ ਰੋਸ ਕਰਦੇ ਹਨ।

ਕੀ ਕਿਉਬਿੱਕ ਵਿੱਚ ਵੱਖਵਾਦ ਦਾ ਕੋਈ ਭੱਵਿਖ ਹੈ, ਸ਼ਾਇਦ ਨਹੀਂ। ਬੇਸ਼ੱਕ ਸਮੇਂ 2 ਉੱਤੇ ਵੱਖਵਾਦੀ ਸੁਰ ਵਾਲੀਆਂ ਆਵਾਜ਼ਾਂ ਸਿਰ ਚੁੱਕ ਸਕਦੀਆਂ ਹਨ, ਪਰ ਅਜਿਹਾ ਸਮਾਂ ਆਉਣ ਦੀ ਕੋਈ ਸੰਭਾਵਨਾ ਨਹੀਂ ਜਾਪਦੀ ਕਿ ਕਿਉਬਿੱਕ ਵਾਸੀ ਕੈਨੇਡਾ ਤੋਂ ਵੱਖ ਹੋਣ ਨੂੰ ਤਰਜੀਹ ਦੇਣਗੇ। ਪਿਛਲੇ 25 ਸਾਲਾਂ ਵਿੱਚ ਬਹੁਤ ਜ਼ਿਆਦਾ ਪਾਣੀ ਪੁੱਲਾਂ ਥੱਲਿਉਂ ਨਿਕਲ ਚੁੱਕਾ ਹੈ ਜਿਸਦੇ ਵਾਪਸ ਆਉਣ ਦੀ ਆਸ ਨਹੀਂ ਕੀਤੀ ਜਾ ਸਕਦੀ। ਜੇ ਇਸ ਰੈਫਰੈਂਡਮ ਤੋਂ ਵਿਸ਼ਵ ਦੇ ਵੱਖ ਵੱਖ ਮੁਲਕ ਕੋਈ ਸਬਕ ਸਿੱਖ ਸਕਦੇ ਹਨ, ਉਹ ਹੈ ਕਿ ਜਿਵੇਂ ਕੈਨੇਡਾ ਨੇ ਵੱਖਵਾਦੀ ਸੁਰ ਅਪਨਾਉਣ ਵਾਲਿਆਂ ਨੂੰ ਦੇਸ਼ ਧਰੋਹੀ ਜਾਂ ਬਾਗੀ ਐਲਾਨ ਕੇ ਅੱਜ ਤੱਕ ਕੋਈ ਵੀ ਬਦਲਾ ਲਊ ਨੀਤੀ ਨਹੀਂ ਅਪਣਾਈ, ਉਵੇਂ ਹੋਰ ਮੁਲਕ ਵੀ ਚੰਗੀ ਪਹੁੰਚ ਨਾਲ ਮਸਲਿਆਂ ਦੇ ਹੱਲ ਕੱਢ ਸਕਦੇ ਹਨ।

# ਬੁੱਢੇ ਨਾਲੇ ਦੀ ਸਫਾਈ ਸਬੰਧੀ ਹੋਈ ਮੀਟਿੰਗ

### ਬੁੱਢੇ ਨਾਲੇ ਦੇ ਸੁੰਦਰੀਕਰਨ ਲਈ ਬੂਟੇ ਲਗਾਉਣ ਸਬੰਧੀ ਵਿਚਾਰ ਵਟਾਂਦਰਾ



ਲੁਧਿਆਣਾ, 29 ਅਕਤੂਬਰ (ਗਿਆਨ ਸਿੰਘ): ਨਗਰ ਨਿਗਮ ਮੇਅਰ ਬਲਕਾਰ ਸਿੰਘ ਸੰਧੂ ਅਤੇ ਕਮਿਸ਼ਨਰ ਪ੍ਰਦੀਪ ਕੁਮਾਰ ਸਭਰਵਾਲ ਦੀ ਪ੍ਰਧਾਨਗੀ ਹੇਠ ਸਥਾਨਕ ਨਗਰ ਨਿਗਮ ਦੇ ਦਫਤਰ ਜੋਨ-ਡੀ ਵਿਖੇ ਬੁੱਢੇ ਨਾਲੇ ਦੀ ਸਫਾਈ ਦੇ ਸਬੰਧੀ ਹੋਈ ਮੀਟਿੰਗ ਹੋਈ। ਇਸ ਮੌਕੇ ਕੌਂਸਲਰ ਸਾਹਿਬਾਨ, ਨਾਮਧਾਰੀ ਸਮੁਦਾਇ ਦੇ ਮੈਂਬਰ, ਵੱਖ-ਵੱਖ ਐਨ.ਜੀ.ਓ.ਜ਼ ਵੀ ਸ਼ਾਮਿਲ ਸਨ। ਮੀਟਿੰਗ ਦੌਰਾਨ ਬੁੱਢੇ ਨਾਲੇ ਦੀ ਸਫਾਈ ਅਤੇ ਬੁੱਢੇ ਨਾਲੇ ਦੇ ਨੇੜੇ ਬੂਟੇ ਲਗਾਉਣ ਦੇ ਸਬੰਧੀ ਵਿਚਾਰ ਵਟਾਂਦਰੇ ਕੀਤੇ।

ਮੇਅਰ ਬਲਕਾਰ ਸਿੰਘ ਸੰਧੂ ਵੱਲੋਂ ਮੀਟਿੰਗ ਦੌਰਾਨ ਬੁੱਢੇ ਨਾਲੇ ਦੇ ਨੇੜੇ ਜਗ੍ਹਾ ਦੀ ਭਾਲ ਕਰਕੇ ਮਾਇਕਰੋ ਫੋਰੈਸ਼ਟ ਲਗਾਉਣ ਲਈ ਵੀ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਗਏ। ਉਨ੍ਹਾਂ ਸਿਹਤ ਅਫ਼ਸਰ ਨੂੰ ਦਿਸ਼ਾ ਨਿਰਦੇਸ਼ ਜਾਰੀ ਕਰਦਿਆਂ ਕਿਹਾ ਕਿ ਬੁੱਢੇ ਨਾਲੇ ਵਿੱਚ ਮੱਛੀ ਮਾਰਕੀਟ, ਸਬਜੀ ਮੰਡੀਆ ਵੱਲੋ ਸੁੱਟੇ ਜਾਣ ਵਾਲੇ ਕੂੜਾ-ਕਰਕਟ ਆਦਿ ਤੋ ਰੋਕਣ ਲਈ ਸੈਨਟਰੀ ਇੰਸਪੈਕਟਰਾਂ ਦੀ ਟੀਮ ਦੇ ਸਹਿਯੋਗ ਨਾਲ ਰੋਕਿਆ ਜਾਵੇ।

ਉਨ੍ਹਾਂ ਅੱਗੇ ਕਿਹਾ ਕਿ ਬੁੱਢੇ ਨਾਲੇ ਦੇ ਸੁੰਦਰੀਕਰਨ ਲਈ ਬੁੱਢੇ ਨਾਲੇ ਦੇ ਨਾਲ-ਨਾਲ ਬੂਟੇ ਵੀ ਲਗਾਏ ਜਾਣੇ ਹਨ, ਜਿਸ ਨਾਲ ਪ੍ਰਦੂਸ਼ਣ ਨੂੰ ਵੀ ਘਟੇਗਾ। ਉਨ੍ਹਾਂ ਕਿਹਾ ਕਿ ਬੁੱਢੇ ਨਾਲੇ ਵਿੱਚ ਸੋਲਡ ਵੇਸਟ ਨੂੰ ਸੁੱਟਣ ਤੋ ਰੋਕਣ ਲਈ ਚੇਨਲਿੰਕ ਫੈਨਸਿੰਗ ਦਾ ਕੰਮ ਅਲਾਟ ਹੋ ਚੁੱਕਾ ਹੈ, ਜੋ ਕਿ ਜਲਦ ਹੀ ਸ਼ੁਰੂ ਕੀਤਾ ਜਾ ਰਿਹਾ ਹੈ।

# ਲੋਕ ਇਨਸਾਫ ਪਾਰਟੀ ਵੱਲੋਂ 'ਪੰਜਾਬ ਅਧਿਕਾਰਕ ਯਾਤਰਾ' 16 ਤੋਂ

ਲੁਧਿਆਣਾ, 29 ਅਕਤੂਬਰ (ਪੋਸਟ ਬਿਊਰੋ)- ਖੇਤੀ ਕਾਨੂੰਨਾਂ ਵਿਰੁੱਧ ਕੇਂਦਰ ਸਰਕਾਰ ਖਿਲਾਫ ਮੋਰਚਾ ਖੋਲ੍ਹਦਿਆਂ ਲੋਕ ਇਨਸਾਫ ਪਾਰਟੀ ਨੇ 'ਪੰਜਾਬ ਅਧਿਕਾਰ ਯਾਤਰਾ' ਕੱਢਣ ਦਾ ਐਲਾਨ ਕੀਤਾ ਹੈ। ਇਹ ਪਾਰਟੀ 16 ਤੋਂ 19 ਨਵੰਬਰ ਤੱਕ ਹਰੀਕੇ ਪੱਤਣ ਤੋਂਚੰਡੀਗੜ੍ਹ ਤੱਕ 'ਸਾਡਾ ਖੇਤ, ਸਾਡਾ ਪਾਣੀ, ਸਾਡਾ ਹੱਕ' ਦੇ ਨਾਅਰੇ ਹੇਠ ਯਾਤਰਾ ਕੱਢੇਗੀ।

ਇਸ ਬਾਰੇ ਪਾਰਟੀ ਦੇ ਮੁੱਖ ਦਫਤਰ ਵਿੱਚ ਮੀਡੀਆ ਨੂੰ ਸੰਬੋਧਨ ਕਰਦਿਆਂ ਪ੍ਰਧਾਨ ਸਿਮਰਜੀਤ ਸਿੰਘ ਬੈਂਸ ਅਤੇ ਸਰਪ੍ਰਸਤ ਜਥੇਦਾਰ ਬਲਵਿੰਦਰ ਸਿੰਘ ਬੈਂਸ ਨੇ ਦੱਸਿਆ ਕਿ ਇਸ ਯਾਤਰਾ ਰਾਹੀਂ ਉਹ ਵਿਧਾਨ ਸਭਾ ਵਿੱਚ 21 ਲੱਖ ਲੋਕਾਂ ਵੱਲੋਂ ਦਸਤਖਤ ਕੀਤੀ ਹੋਈ ਪਟੀਸ਼ਨ ਪੇਸ਼ ਕਰਨਗੇ। ਇਸ ਪਟੀਸ਼ਨ ਵਿੱਚ ਸੂਬਾ ਸਰਕਾਰ ਤੋਂ ਮੰਗ ਕੀਤੀ ਗਈ ਹੈ ਕਿ ਜੇ ਕੇਂਦਰ ਸਰਕਾਰ ਖੇਤੀ ਕਾਨੂੰਨ ਵਾਪਸ ਨਹੀਂ ਲੈ ਰਹੀ ਤਾਂ ਸੂਬਾ ਆਪਣੇ ਸੰਵਿਧਾਨਕ ਅਧਿਕਾਰਾਂ ਦੀ ਵਰਤੋਂ ਕਰਦੀ ਹੋਈ ਹਰਿਆਣਾ, ਦਿੱਲੀ ਅਤੇ ਰਾਜਸਥਾਨ ਨੂੰ ਜਾਣ ਵਾਲੇ ਪਾਣੀ ਰੋਕ ਦੇਵੇ।ਵਿਧਾਇਕ ਸਿਮਰਜੀਤ ਸਿੰਘ ਬੈਂਸ ਨੇ ਦੱਸਿਆ ਕਿ ਪੰਜਾਬ ਦੇ ਪਾਣੀਆਂ ਦੀ ਕੀਮਤ ਵਸੂਲੀ ਤੇ ਕਿਸਾਨ ਵਿਰੋਧੀ ਖੇਤੀ ਸੁਧਾਰ ਕਾਨੂੰਨ ਨੂੰ ਰੱਦ ਕਰਾਉਣ ਲਈ ਲੋਕ ਇਨਸਾਫ ਪਾਰਟੀ ਸੈਂਕੜੇ ਗੱਡੀਆਂ ਦੇ ਕਾਫਲੇ ਨਾਲ 16 ਨਵੰਬਰ ਨੂੰ ਹਰੀਕੇ ਪੱਤਣ ਤੋਂ ਪੰਜਾਬ ਅਧਿਕਾਰ ਯਾਤਰਾ ਸ਼ੁਰੂ ਕਰੇਗੀ, ਜੋ ਕਿ 9 ਜ਼ਿਲ੍ਹਿਆਂ ਵਿੱਚੋਂ ਹੁੰਦੀ ਹੋਈ 19 ਨਵੰਬਰ ਨੂੰ ਪੰਜਾਬ ਵਿਧਾਨ ਸਭਾ ਵਿੱਚ ਪਟੀਸ਼ਨ ਦਾਇਰ ਕਰ ਕੇ ਸਮਾਪਤ ਹੋਵੇਗੀ। ਇਹ ਯਾਤਰਾ ਤਿੰਨ ਦਿਨਾਂ ਵਿੱਚ ਲਗਾਤਾਰ 700 ਕਿਲੋਮੀਟਰ ਦਾ ਸਫਰ ਤੈਅ ਕਰੇਗੀ।

# ਪੰਜਾਬ ਵਿੱਚ ਟਰੇਨ ਸਰਵਿਸ ਕੇਂਦਰ ਸਰਕਾਰ ਵੱਲੋਂ ਅਜੇ ਵੀ ਨਹੀਂ ਚਲਾਈ ਜਾਵੇਗੀ

...ਪੰਨਾ 1 ਦਾ ਬਾਕੀ

ਤਿੰਨਾਂ ਮੰਤਰੀਆਂ ਨੇ ਅੱਜ ਭਾਰਤੀ ਕਿਸਾਨ ਯੂਨੀਅਨ (ਏਕਤਾ-ਉਗਰਾਹਾਂ) ਦੇ ਆਗੂਆਂ ਨੂੰ ਦੱਸਿਆ ਕਿ ਕਿਵੇਂ ਪੰਜਾਬ ਸਰਕਾਰ ਨੂੰ ਭਾਰੀ ਘਾਟਾ ਝੱਲਣਾ ਪੈ ਰਿਹਾ ਹੈ ਤੇ ਰੇਲ ਸੇਵਾ ਰੋਕਣਾ ਇਸ ਰਾਜ ਦੀ ਆਰਥਿਕਤਾ ਉੱਤੇਮਾਰੂ ਪ੍ਰਭਾਵ ਪਾ ਰਿਹਾ ਹੈ। ਰੇਲ ਸੇਵਾ ਬੰਦ ਹੋਣ ਨਾਲ ਉਦਯੋਗ ਦਾ ਭਾਰੀ ਨੁਕਸਾਨ ਹੋ ਰਿਹਾ ਹੈ,ਕਿਉਂਕਿ ਉਨ੍ਹਾਂ ਦਾ ਪੱਕਾ ਮਾਲ ਉਨ੍ਹਾਂ ਦੇ ਗ੍ਰਾਹਕਾਂ ਨੂੰ ਸੂਬੇ ਤੋਂ ਬਾਹਰ ਨਹੀਂ ਭੇਜਿਆ ਜਾ ਸਕਦਾ ਤੇ ਨਾ ਉਹ ਕੰਮ ਚਲਾਉਣ ਲਈ ਕੱਚਾ ਮਾਲ ਲਿਆ ਸਕਦੇ ਹਨ, ਕਿਉਂਕਿ ਬਹੁਤੀਆਂ ਚੀਜ਼ਾਂ ਰੇਲ ਗੱਡੀਆਂ ਨਾਲਆਉਂਦੀਆਂ ਹਨ। ਮੰਤਰੀਆਂ ਨੇ ਇਹ ਵੀ ਦੱਸਿਆ ਕਿ ਰਾਜ ਦੇ ਥਰਮਲ ਪਲਾਂਟਾਂ, ਪ੍ਰਾਈਵੇਟ ਵੀ ਅਤੇ ਸਰਕਾਰੀ ਮਾਲਕੀ ਵਾਲੇ ਵੀ, ਦੋਵਾਂ ਵਿੱਚ ਕੋਲੇ ਦਾ ਘੱਟ ਸਟਾਕ ਹੈ ਤੇ ਜੇ ਪਲਾਂਟ ਚਲਾਉਣ ਲਈ ਤੁਰੰਤ ਲੋੜੀਂਦਾ ਕੋਲਾ ਨਾ ਮਿਲਿਆ ਤਾਂ ਪੰਜਾਬ ਵਿੱਚ ਬਲੈਕ ਆਊਟ ਹੋ ਜਾਵੇਗਾ।

ਭਾਰਤੀ ਕਿਾਨ ਯੂਨੀਅਨ ਦੇ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ ਨੇ ਧਰਨਾ ਹਟਾਉਣ ਤੋਂ ਇਨਕਾਰ ਕਰ ਕੇ ਕਿਹਾ ਕਿ ਪੰਜਾਬ ਸਰਕਾਰ ਨੂੰ ਇਹ ਸਮਝਣਾ ਚਾਹੀਦਾ ਹੈ ਕਿ ਕੇਂਦਰ ਸਰਕਾਰ ਪੰਜਾਬ ਉੱਤੇ ਆਰਥਿਕ ਰੋਕਾ ਲਾਉਣ ਦੀ ਕੋਸ਼ਿਸ਼ ਕਰ ਰਹੀ ਹੈ। ਉਨ੍ਹਾਂ ਕਿਹਾ 'ਅਸੀਂ ਮੁੱਖ ਰੇਲਵੇ ਲਾਈਨਾਂ ਉੱਤੇ ਨਹੀਂ ਬੈਠੇ। ਅਸੀਂ ਪਹਿਲਾਂ ਹੀ ਇਹ ਲਾਈਨਾਂ ਛੱਡ ਗਏ ਸੀ ਅਤੇ ਮਾਲ ਗੱਡੀਆਂ ਦੀ ਸੇਵਾ ਦੁਬਾਰਾ ਸ਼ੁਰੂ ਹੋ ਸਕਦੀ ਹੈ, ਪਰ ਸਾਡਾ ਅੰਦੋਲਨ ਨਿੱਜੀ ਥਰਮਲ ਪਲਾਂਟਾਂ ਦੇ ਬਾਹਰ ਹੈ। ਅਸੀਂ ਇੱਥੇ ਧਰਨਾ ਨਹੀਂ ਛੱਡਾਂਗੇ। ਰਾਜ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਪ੍ਰਾਈਵੇਟ ਥਰਮਲ ਪਲਾਂਟਾਂ ਦੀ ਮਦਦ ਕਰਨ ਦੀ ਕੋਸ਼ਿਸ਼ ਕਰਨ ਦੀ ਬਜਾਏ ਉਨ੍ਹਾਂ ਨੂੰ ਆਪਣੇ ਆਪ ਆਪਣੇ ਪਲਾਂਟ ਚਲਾਉਣ ਲਈ ਕਹੇ।'

### ਪਾਕਿ ਨੇ ਇੱਕ ਹੋਰ ਗੁਨਾਹ ਕਬੂਲਿਆ:

# ਪੁਲਵਾਮਾ ਵਿੱਚ ਕਰਵਾਏ ਅੱਤਵਾਦੀ ਹਮਲੇ ਨੂੰ ਇਮਰਾਨ ਸਰਕਾਰ ਨੇ ਆਪਣੀ 'ਵੱਡੀ ਕਾਮਯਾਬੀ' ਕਿਹਾ

### * ਵਿਰੋਧੀਆਂ ਨੇ ਕਿਹਾ: ਪਾਕਿ ਜਰਨੈਲ ਦੀਆਂ ਲੱਤਾਂ ਓਦਣ ਕੰਬਦੀਆਂ ਸੀ



ਇਸਲਾਮਾਬਾਦ, 29 ਅਕਤੂਬਰ, (ਪੋਸਟ ਬਿਊਰੋ)- ਪਾਕਿਸਤਾਨ ਸਰਕਾਰ ਨੇ ਕਬੂਲ ਕਰ ਲਿਆ ਹੈ ਕਿ ਪੁਲਵਾਮਾ ਵਿੱਚ ਹੋਏ ਬਹੁਤ ਵੱਡੇ ਅੱਤਵਾਦੀ ਹਮਲੇ ਵਿਚ ਉਸਦਾ ਹੱਥ ਸੀ। ਭਾਰਤ ਕੋਲ ਪਹਿਲਾਂ ਹੀ ਇਸ ਦਾ ਸਬੂਤ ਹੈ, ਪਰ ਹਾਲੇ ਤੱਕ ਪਾਕਿਸਤਾਨ ਸਰਕਾਰ ਇਸ ਤੋਂ ਮੁੱਕਰਦੀ ਰਹੀ ਸੀ। ਅੱਜ ਪਾਕਿਸਤਾਨ ਦੇ ਮੰਤਰੀ ਫਵਾਦ ਚੌਧਰੀ ਨੇ ਪਾਰਲੀਮੈਂਟਸੈਸ਼ਨ ਦੌਰਾਨ ਕਹਿ ਦਿੱਤਾ ਕਿ ਪੁਲਵਾਮਾ ਹਮਲਾ ਇਮਰਾਨ ਖ਼ਾਨ ਸਰਕਾਰ ਦੀ ਵੱਡੀ ਕਾਮਯਾਬੀ ਸੀ।

ਵਰਨਣ ਯੋਗ ਹੈ ਕਿ ਪਿਛਲੇ ਸਾਲ 14 ਫਰਵਰੀ ਨੂੰ ਸੀਆਰ ਪੀ ਐੱਫ ਦੇ ਇੱਕ ਕਾਫਿਲੇ ਉੱਤੇਬਾਰੂਦ ਨਾਲ ਭਰੀ ਕਾਰ ਨਾਲ ਹਮਲਾ ਕੀਤਾ ਗਿਆ ਸੀ ਅਤੇ ਇਸ ਹਮਲੇ ਵਿੱਚ 40 ਸੁਰੱਖਿਆ ਕਰਮਚਾਰੀ ਮਾਰੇ ਗਏ ਸਨ। ਇਸ ਹਮਲੇ ਦੇ ਲਈ ਜੈਸ਼-ਏ-ਮੁਹੰਮਦ ਦੇ ਅੱਤਵਾਦੀਆਂ ਨੇ ਆਈਈਡੀ ਨਾਲ ਭਰੀ ਇੱਕ ਕਾਰ ਨਾਲਸੀ ਆਰ ਪੀ ਐੱਫ ਦੇ ਕਾਫਲੇ ਨੂੰ ਟੱਕਰ ਮਾਰ ਦਿੱਤੀ ਸੀ ਅਤੇ ਇਸ ਮੁੱਦੇ ਉੱਤੇ ਸਾਰੇ ਸੰਸਾਰ ਵਿੱਚ ਹੰਗਾਮਾ ਹੋਇਆ ਸੀ।

ਅਸਲ ਵਿੱਚ ਅੱਜ ਪਾਕਿਸਤਾਨ ਦੀ ਵਿਰੋਧੀ ਨੇਤਾ ਦੇ ਸੀਨੀਅਰ ਪਾਰਲੀਮੈਂਟ ਮੈਂਬਰ ਅਯਾਜ਼ ਸਾਦਿਕ ਨੇ ਕਿਹਾ ਸੀ ਕਿ "ਪੁਲਵਾਮਾ ਹਮਲੇ ਤੋਂ ਬਾਅਦ ਇੱਕ ਮੀਟਿੰਗ ਵਿੱਚ ਪਾਕਿਸਤਾਨੀ ਵਿਦੇਸ਼ ਮੰਤਰੀ ਸ਼ਾਹ ਮਹਿਮੂਦ ਕੁਰੈਸ਼ੀ ਨੇ ਆਖਿਆ ਸੀ ਕਿ ਜੇ ਭਾਰਤੀ ਹਵਾਈ ਫੌਜ ਦੇ ਵਿੰਗ ਕਮਾਂਡਰ ਅਭਿਨੰਦਨ ਵਰਧਮਾਨ ਨੂੰ ਨਹੀਂ ਛੱਡਿਆ ਜਾਂਦਾ ਭਾਰਤ ਤਾਂ ਰਾਤ ਨੌਂ ਵਜੇ' ਪਾਕਿਸਤਾਨ ਉੱਤੇ ਹਮਲਾ ਕਰ ਦੇਵੇਗਾ।" ਪਾਕਿਸਤਾਨ ਮੁਸਲਿਮ ਲੀਗ (ਨਵਾਜ਼) ਦੇ ਨੇਤਾ ਤੇ ਪਾਰਲੀਮੈਂਟ ਦੇ ਇਕ ਸਾਬਕਾ ਸਪੀਕਰ ਸਾਦਿਕ ਨੇ ਕਿਹਾ ਕਿ "ਜਦੋਂਵਿਦੇਸ਼ ਮੰਤਰੀ ਕੁਰੈਸ਼ੀ ਇਹ ਕਹਿ ਰਹੇ ਸਨ ਤਾਂ ਪਾਕਿਸਤਾਨ ਦੀ ਫੌਜ ਦੇ ਚੀਫ ਜਨਰਲ ਕਮਰ ਜਾਵੇਦ ਬਾਜਵਾ ਦਾ ਪਸੀਨਾ ਵਗ ਰਿਹਾ ਸੀ ਅਤੇ ਉਸ ਦੀਆਂ ਲੱਤਾਂ ਕੰਬ ਰਹੀਆਂ ਸਨ।"

ਯਾਦ ਰੱਖਣ ਯੋਗ ਹੈ ਕਿ ਪੁਲਵਾਮਾ ਹਮਲੇ ਪਿੱਛੋਂ ਜਦੋਂ ਭਾਰਤੀ ਹਵਾਈ ਫੌਜ ਨੇ ਜਵਾਬੀ ਕਾਰਵਾਈ ਲਈ ਹਮਲਾ ਕੀਤਾ ਤਾਂ ਭਾਰਤ ਦੇ ਏਅਰ ਫੋਰਸ ਅਧਿਕਾਰੀ ਅਭਿਨੰਦਨ ਵਰਧਮਾਨ (37 ਸਾਲ)ਦਾ ਜਹਾਜ਼ ਡਿੱਗਣ ਪਿੱਛੋਂ ਉਸ ਨੂੰ 27 ਫਰਵਰੀ ਨੂੰ ਪਾਕਿ ਫੌਜ ਨੇ ਫੜ ਲਿਆ ਸੀ। ਓਦੋਂ ਵਰਧਮਾਨ ਦੇ ਮਿਗ-21 ਬਾਈਸਨ ਜਹਾਜ਼ ਨੂੰ ਪਾਕਿਸਤਾਨੀ ਜਹਾਜ਼ ਨੇ ਹਮਲਾ ਕਰ ਕੇ ਸੁੱਟ ਦਿੱਤਾ ਸੀ। ਇਸ ਪਿੱਛੋਂ ਅਭਿਨੰਦਨ ਵਰਧਮਾਨ ਨੂੰ ਛੱਡਣ ਦੀ ਘਟਨਾ ਦਾ ਜ਼ਿਕਰ ਕਰਦਿਆਂ ਵਿਰੋਧੀ ਧਿਰ ਦੇ ਪਾਰਲੀਮੈਂਟ ਮੈਂਬਰ ਅਯਾਜ ਸਾਦਿਕ ਨੇ ਪਾਕਿਸਤਾਨ ਸਰਕਾਰਬਾਰੇ ਕਿਹਾ ਕਿ ਓਦੋਂ ਉਹ ਭਾਰਤ ਦੇ ਹਮਲੇ ਤੋਂ ਡਰ ਗਈ ਸੀ। ਅਯਾਜ ਸਾਦਿਕ ਦੇ ਦਾਅਵੇ ਪਿੱਛੋਂ ਪਾਕਿਸਤਾਨ ਸਰਕਾਰ ਦਾ ਮਜ਼ਾਕ ਉੱਡ ਰਿਹਾ ਸੀ ਅਤੇ ਮੰਤਰੀ ਫਵਾਦ ਚੌਧਰੀ ਇਸ ਬਾਰੇ ਅਯਾਜ਼ ਸਾਦਿਕ ਦੇ ਬਿਆਨ ਦਾ ਜਵਾਬ ਦੇ ਰਹੇ ਸਨ ਕਿ ਉਨ੍ਹਾਂ ਨੇ ਇਹ ਕਹਿ ਦਿੱਤਾ ਕਿ 'ਪੁਲਵਾਮਾ ਹਮਲਾ ਇਮਰਾਨ ਖਾਨ ਸਰਕਾਰ ਦੀ ਇੱਕ ਵੱਡੀ ਕਾਮਯਾਬੀ ਸੀ', ਜਦ ਕਿ ਅਜੇ ਤੱਕ ਇਮਰਾਨ ਖਾਨ ਦੀ ਸਰਕਾਰ ਉਸ ਹਮਲੇ ਵਿੱਚ ਆਪਣੀ ਕਿਸੇ ਏਜੰਸੀ ਜਾਂ ਪਾਕਿਸਤਾਨ ਦੀ ਫੌਜ ਦਾ ਕੋਈ ਹੱਥ ਹੋਣ ਤੋਂ ਇਨਕ-ਾਰ ਕਰਦੀ ਰਹੀ ਸੀ।

# ਆਈਲੈਟਸ ਵਿੱਚ ਨੰਬਰ ਘੱਟ ਆਏ ਤਾਂ ਲੜਕੀ ਨੇ ਫਾਹਾ ਲੈ ਲਿਆ

ਨਕੋਦਰ, 29 ਅਕਤੂਬਰ (ਪੋਸਟ ਬਿਊਰੋ)- ਮੁਹੱਲਾ ਗੁਰੂ ਨਾਨਕ ਪੁਰਾ ਵਿੱਚ ਪੱਖੇ ਨਾਲ ਫਾਹਾ ਲਾ ਕੇ ਮਨਪ੍ਰੀਤ ਕੌਰ ਨਾਂਅ ਦੀ ਲੜਕੀ ਨੇ ਆਤਮ ਹੱਤਿਆ ਕਰ ਲਈ ਹੈ।

ਸਿਟੀ ਥਾਣਾ ਇੰਚਾਰਜ ਜਤਿੰਦਰ ਕੁਮਾਰ ਨੂੰ ਮ੍ਰਿਤਕਾ ਦੀ ਮਾਤਾ ਪਰਮਜੀਤ ਕੌਰ ਪਤਨੀ ਜਗਦੇਵ ਸਿੰਘ ਨਿਵਾਸੀ ਉਤਮ ਨਗਰ ਦਿੱਲੀ ਨੇ ਦੱਸਿਆ ਕਿ ਮੇਰੀ ਬੇਟੀ ਮਨਪ੍ਰੀਤ ਕੌਰ ਪਿਛਲੇ 4-5 ਸਾਲ ਤੋਂ ਮੇਰੀ ਭੈਣ ਵੀਰਾਂ ਪਤਨੀ ਓਮ ਪ੍ਰਕਾਸ਼ ਨਿਵਾਸੀ ਮੁਹੱਲਾ ਗੁਰੂ ਨਾਨਕ ਪੁਰਾ ਦੇ ਕੋਲ ਰਹਿੰਦੀ ਸੀ ਅਤੇ ਉਸ ਨੇ ਆਈਲੈਟਸ ਵੀ ਇਥੋਂ ਹੀ ਕੀਤੀ ਸੀ ਅਤੇ ਵਿਦੇਸ਼ ਜਾਣ ਦੀ ਇਛੁੱਕ ਸੀ, ਪਰ ਆਈਲੈਟਸ ਵਿੱਚ ਨੰਬਰ ਘੱਟ ਸੀ। ਇਸ ਕਾਰਨ ਉਹ ਪਰੇਸ਼ਾਨ ਰਹਿੰਦੀ ਸੀ ਅਤੇ ਮੈਂ ਕੁਝ ਦਿਨਾਂ ਤੋਂ ਆਪਣੀ ਭੈਣ ਦੇ ਕੋਲ ਆਈ ਸੀ ਤੇ ਮਨਪ੍ਰੀਤ ਕੌਰ ਸਾਡੇ ਨਾਲ ਗੱਲ ਕਰਦੀ ਹੋਈ ਉਪਰਲੀ ਮੰਜ਼ਿਲ ਵਿੱਚ ਸਫ਼ਾਈ ਦਾ ਕਹਿ ਕੇ ਗਈ, ਪਰ ਜਦੋਂ ਕੁਝ ਦੇਰ ਬਾਅਦ ਜਾ ਕੇ ਦੇਖਿਆ ਤਾਂ ਉਹ ਪੱਖੇ ਨਾਲ ਫਾਹਾ ਲਾ ਕੇ ਲਟਕ ਰਹੀ ਸੀ। ਅਸੀਂ ਉਸ ਨੂੰ ਥੱਲੇ ਉਤਾਰਿਆ ਅਤੇ ਹਸਪਤਾਲ ਲੈ ਗਏ, ਜਿੱਥੇ ਕੁਝ ਦੇਰ ਬਾਅਦ ਉਸ ਦੀ ਮੌਤ ਹੋ ਗਈ। ਮਾਂ ਨੇ ਕਿਹਾ ਕਿ ਬੇਟੀ ਨੇ ਵਿਦੇਸ਼ ਜਾਣ ਦਾ ਸੁਫਨਾ ਪੂਰਾ ਨਾ ਹੁੰਦੇ ਦੇਖ ਕੇ ਇਹ ਕਦਮ ਚੁਕਿਆ ਹੈ।

ਹੋਟਲ ਵਿਚ ਕਲੀਨਿੰਗ ਦਾ ਕੰਮ ਕਰਨ ਲਈ ਇਕ ਔਰਤ ਦੀ ਜ਼ਰੂਰਤ

*ਵਧੀਆ ਘੰਟੇ

*15.50 ਡਾਲਰ ਪ੍ਰਤੀ ਘੰਟਾ ਰੇਟ

Locahon Kipling & Queensway (Etobicoke)

ਵਧੇਰੇ ਜਾਣਕਾਰੀ ਲਈ ਸੰਪਰਕ ਕਰੋ

416-816-1695

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| **Founder Editor** | Jagdish Singh Grewal |
| **Managing Director** | Parminder Kaur Grewal |
| **Contributing Editors** | Gyan Singh; Angrej Singh |
| **Office Admin** | Priya Dhillon |
| **Graphic Designer** | Priya Dhillon |
| **Photographer** | Kanwaljit Singh Kanwal |
| **Distributer** | Aman Warraich |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

# ਅੱਗ ਲੱਗਣ ਨਾਲ ਕਾਰ ਵਿੱਚ ਡਾਕਟਰ ਜ਼ਿੰਦਾ ਸੜਿਆ

ਸੋਹਨਾ, 29 ਅਕਤੂਬਰ (ਪੋਸਟ ਬਿਊਰੋ)- ਕੱਲ੍ਹ ਦੇਰ ਰਾਤ ਸੋਹਨਾ-ਗੁਰੂਗ੍ਰਾਮ ਹਾਈਵੇ 'ਤੇ ਇਕ ਡਾਕਟਰ ਦੀ ਲਾਸ਼ ਸੜੀ ਹੋਈ ਹਾਲਤ ਵਿਚ ਕਾਰ ਦੇ ਵਿੱਚੋਂ ਮਿਲੀ ਹੈ, ਜਿਸ ਬਾਰੇ ਪੁਲਸ ਜਾਂਚ ਕਰ ਰਹੀ ਹੈ। ਲਾਸ਼ ਨੂੰ ਗੱਡੀ ਨੰਬਰ ਦੇ ਆਧਾਰ 'ਤੇ ਡਾਕਟਰ ਨਾਲ ਸਬੰਧਤ ਮੰਨਿਆ ਜਾ ਰਿਹਾ ਹੈ। ਅਜੇ ਇਹ ਸਪੱਸ਼ਟ ਨਹੀਂ ਕਿ ਲਾਸ਼ ਕਿਸ ਦੀ ਹੈ, ਕਿਉਂਕਿ ਗੱਡੀ ਵਿੱਚ ਜੋ ਲਾਸ਼ ਮਿਲੀ ਹੈ ਉਹ ਪੂਰੀ ਤਰ੍ਹਾਂ ਸੜੀ ਹੋਈ ਹੈ ਤੇ ਸਿਰਫ਼ ਪਿੰਜਰ ਬਚਿਆ ਹੈ। ਡੀ ਐਨ ਏ ਰਿਪੋਰਟ ਆਉਣ ਤੋਂ ਬਾਅਦ ਹੀ ਸਪੱਸ਼ਟ ਹੋ ਸਕਦਾ ਹੈ ਕਿ ਗੱਡੀ ਵਿੱਚੋਂ ਮਿਲੀ ਲਾਸ਼ ਪਿੰਡ ਘਾਮੜੌਜ ਦੇ ਨੇੜੇ ਸੜਕ ਕਿਨਾਰੇ ਸੋਹਨਾ ਵਿੱਚ ਆਪਣਾ ਨਿੱਜੀ ਹਸਪਤਾਲ ਚਲਾਉਣ ਵਾਲੇ ਕੰਵਰ ਪਾਲ ਦੀ ਹੈ ਜਾਂ ਕਿਸੇ ਹੋਰ ਵਿਅਕਤੀ ਦੀ ਹੈ।ਪਰਵਾਰ ਵਾਲਿਆਂ ਨੇ ਅਜੇ ਕਿਸੇ ਦੋਸ਼ੀ ਦਾ ਨਾਮ ਨਹੀਂਲਿਆ। ਮੌਕੇ 'ਤੇ ਪਹੁੰਚੀ ਭੌਂਡਸੀ ਥਾਣਾ ਦੀ ਪੁਲਸ ਨੇ ਸੜੀ ਹੋਈ ਗੱਡੀ ਵਿੱਚੋਂ ਲਾਸ਼ ਕੱਢ ਕੇ ਪੋਸਟ ਮਾਰਟਮ ਲਈ ਸੋਹਨਾ ਦੇ ਸਿਵਲ ਹਸਪਤਾਲ ਪਹੁੰਚਾਇਆ ਅਤੇ ਮ੍ਰਿਤਕ ਦੇ ਭਰਾ ਪ੍ਰੇਮ ਪਾਲ ਦੇ ਬਿਆਨ 'ਤੇ ਧਾਰਾ 174 ਦੇ ਤਹਿਤ ਕਾਰਵਾਈ ਕਰਕੇ ਲਾਸ਼ ਪਰਵਾਰ ਵਾਲਿਆਂ ਨੂੰ ਸੌਂਪ ਦਿਤੀ ਹੈ।

# ਬਠਿੰਡਾ ਨੇੜੇ ਭਿਆਨਕ ਸੜਕ ਹਾਦਸੇ ਵਿੱਚ 5 ਮੌਤਾਂ

ਕੋਟਫੱਤਾ, 29 ਅਕਤੂਬਰ (ਪੋਸਟ ਬਿਊਰੋ)- ਬਠਿੰਡਾ ਨੇੜੇ ਪਿੰਡ ਕੋਟ ਸ਼ਮੀਰ ਦੀ ਮਾਨਸਾ ਰੋਡ ਉੱਤੇ ਸਪਰਿੰਗ ਡੇਲ ਸਕੂਲ ਕੋਲ ਇੱਕ ਭਿਆਨਕ ਸੜਕ ਹਾਦਸਾ ਵਾਪਰਨ ਦੀ ਖ਼ਬਰ ਹੈ। ਮਿਲੀ ਜਾਣਕਾਰੀ ਅਨੁਸਾਰ ਪੋਲੋ ਕਾਰ ਦੀ ਟੱਕਰ ਘੋੜਾ ਟਰਾਲਾ ਨਾਲ ਹੋ ਗਈ, ਜਿਸ ਕਾਰਨ ਕਾਰ ਸਵਾਰ 4 ਵਿਅਕਤੀਆਂ ਦੀ ਮੌਕੇ 'ਤੇ ਮੌਤ ਹੋ ਗਈ ਅਤੇ ਇੱਕ ਬੱਚੀ ਨੇ ਹਸਪਤਾਲ ਪਹੁੰਚ ਕੇ ਦਮ ਤੋੜ ਦਿੱਤਾ। ਟਰਾਲੇ ਦਾ ਡਰਾਈਵਰ ਹਾਦਸੇ ਤੋਂ ਬਾਅਦ ਫ਼ਰਾਰ ਦੱਸਿਆ ਜਾਂਦਾ ਹੈ। ਹਾਦਸੇ ਵਿੱਚ ਕਾਰ ਸਵਾਰ ਸਿਪਾਹੀ ਸੁਰਜੀਤ ਸਿੰਘ (45) ਵਾਸੀ ਧੰਨ ਸਿੰਘ ਖਾਨਾ, ਉਸ ਦਾ ਸਾਂਢੂ, ਸਾਲੀ ਅਮਰਜੀਤ ਕੌਰ ਤੇ ਬੱਚੇ ਵਾਸੀ ਮਾਖੇਵਾਲ (ਮਾਨਸਾ) ਦੀ ਮੌਤ ਹੋ ਗਈ। ਕੋਟ ਸ਼ਮੀਰ ਚੌਕੀ ਦੇ ਇੰਚਾਰਜ ਚਿਮਨ ਲਾਲ ਤੇ ਬਠਿੰਡਾ ਤੋਂ ਸਮਾਜ ਸੇਵੀ ਸੰਸਥਾਵਾਂ ਸਹਾਰਾ ਜਨ ਸੇਵਾ ਤੇ ਨੌਜਵਾਨ ਵੈਲਫੇਅਰ ਸੁਸਾਇਟੀ ਮੌਕੇ 'ਤੇ ਪੁੱਜ ਗਈਆਂ ਤੇ ਲਾਸ਼ਾਂ ਨੂੰ ਕਾਰ 'ਚੋਂ ਬਾਹਰ ਕੱਢਣ 'ਚ ਸਹਾਇਤਾ ਕੀਤੀ।

A-One Drivers
TRAINING SCHOOL

G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ

ਫਰੀ ਪਿਕਅਪ

Best Rates For Lessons

] ਮੁਫਤ ਪਿਕਅਪ ਅਤੇ ਡਰਾਪ ਆਫ਼
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ




647-998-7500 ਬਲਵਿੰਦਰ

Visions of Punjab



Natasha Mahal
Co-Host

VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com



Iqbal Mahal
Producer & Host

Serving the South Asian Community Since 1976

GUNTAAS RADIO AM 530
Monday to Friday 10am to 11am
Jaswinder Kaur Taggar
jaswindertaggar3@yahoo.ca
647-765-2340 ● For Marketing 647-656-6648

PUNJABI RANG RADIO



CAIO 530AM
11pm-12am
Every Saturday
Chamkaur Singh
Producer/ Host
Cell: 416 662 1313
Email: punjabirang13@hotmail.com

ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates



ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
SINGH (TOCHI)
416-454-3031
647-784-8240
Email: tochisangha1@hotmail.com
CANADIAN GLASS AND WINDOW

BEST CANADIAN TRUCK & FORKLIFT TRAINING CENTRE
Registered as a Private Career College Under the Private Career College Act. 2005




AZ Tractor trailer program
Manual transmission & backup training everyday
We welcome welfare workers & compensation clients
Open Seven Days
Forklift Re-Certification Only $79.00/-



Karnail Singh
416.670.3173 | 905.799.7333
27 Edvac Dr, Brampton, ON L6S 5X8

# ਕੈਨੇਡਾ ਦੀ 'ਮਹਾਨ ਟਰੇਲ' ਤੇ ਟੀ.ਪੀ. ਏ.ਆਰ. ਕਲੱਬ




ਇੰਜ. ਈਸ਼ਰ ਸਿੰਘ
ਫ਼ੋਨ: 647-640-2014

ਪੀਲ ਰੀਜਨ ਦੇ ਉੱਤਰੀ ਸ਼ਹਿਰ ਕੈਲੇਡਨ ਵਿੱਚੋਂ ਦੀ ਕੁਦਰਤੀ ਨਜ਼ਾਰਿਆਂ ਨਾਲ ਭਰਪੂਰ ਇਕ ਬਹੁਤ ਹੀ ਪਿਆਰੀ ਸੈਰ-ਗਾਹ (ਟਰੇਲ) ਲੰਘਦੀ ਹੈ, ਜਿਹੜੀ ਕਿ ਕੈਨੇਡਾ ਦੀ 'ਮਹਾਨ ਟਰੇਲ' ('ਦ ਗਰੇਟ ਟਰੇਲ) ਦਾ ਇਕ ਹਿੱਸਾ ਹੈ। ਮਹਾਨ ਟਰੇਲ ਦਾ ਪਹਿਲਾ ਨਾਂ 'ਟਰਾਂਸ ਕਨੇਡਾ ਟਰੇਲ' (ਟੀ.ਸੀ.ਟੀ.) ਸੀ। ਇਸ ਦੀ ਲੰਬਾਈ 24,000 ਕਿਲੋਮੀਟਰ ਹੈ ਅਤੇ ਇਹ ਦੁਨੀਆਂ ਦੀ ਸੱਭ ਤੋਂ ਲੰਮੀ ਟਰੇਲ ਹੈ। ਇਹ ਕੈਨੇਡਾ ਦੇ ਹਰੇਕ ਪ੍ਰੋਵਿੰਸ ਅਤੇ ਇਸ ਦੀ ਹਰੇਕ ਟੈਰੀਟਰੀ ਵਿੱਚੋਂ ਲੰਘਦੀ ਹੈ। ਪਰਿਭਾਸ਼ਾ ਦੇ ਪੱਖੋਂ ਇਹ ਕੇਵਲ ਇਕ 'ਟਰੇਲ' ਨਾ ਹੋ ਕੇ ਕੈਨੇਡਾ ਦੇ ਪੂਰਬ ਤੋਂ ਲੈ ਕੇ ਉੱਤਰੀ ਅਤੇ ਪੱਛਮੀ ਭਾਗਾਂ ਦੇ ਵੱਖ-ਵੱਖ ਹਿੱਸਿਆਂ ਦੀਆਂ 400 ਦੇ ਲੱਗਭੱਗ ਛੋਟੀਆਂ-ਵੱਡੀਆਂ ਟਰੇਲਾਂ ਨੂੰ ਲੋੜ ਅਨੁਸਾਰ ਜੋੜ ਕੇ ਬਣਾਈ ਇਕ ਲੜੀ ਹੈ। ਇਹ ਕੈਨੇਡਾ ਦੇ ਧੁਰ ਪੂਰਬੀ ਸ਼ਹਿਰ ਸੇਂਟ ਜੌਹਨ ਤੋਂ ਸ਼ੁਰੂ ਹੋ ਕੇ ਪੱਛਮ ਵਿਚ ਵਿਕਟੋਰੀਆ ਸ਼ਹਿਰ ਅਤੇ ਫਿਰ ਉੱਤਰ ਵੱਲ ਟੁੰਡਰਾ ਤੱਕ ਹੈ। ਤਸਵੀਰ ਵਿਚ ਵਿਖਾਇਆ ਗਿਆ ਇਸਦਾ ਨਕਸ਼ਾ ਵੇਖ ਕੇਂ ਇਹ ਸਪੱਸ਼ਟ ਹੋ ਜਾਂਦਾ ਹੈ। ਨਕਸ਼ੇ ਵਿਚ ਲਾਲ ਅਤੇ ਹਰੀਆਂ ਲਾਈਨਾਂ ਦੀ ਸਹਾਇਤਾ ਨਾਲ ਦਰਸਾਈ ਗਈ ਇਸ ਟਰੇਲ ਦਾ ਸੱਭ ਤੋਂ ਲੰਮਾ ਹਿੱਸਾ 5,000 ਕਿਲੋਮੀਟਰ ਤੋਂ ਵਧੇਰੇ ਸਾਡੇ ਪ੍ਰੋਵਿੰਸ ਓਨਟਾਰੀਓ ਵਿੱਚੋਂ ਲੰਘਦਾ ਹੈ। ਲਾਲ ਰੰਗ ਦੀ ਲਾਈਨ ਟਰੇਲ ਜ਼ਮੀਨੀ ਰਸਤੇ ਨੂੰ ਦਰਸਾਉਂਦੀ ਹੈ, ਜਦ ਕਿ ਹਰੇ ਰੰਗ ਦੀ ਲਾਈਨ ਇਸ ਦੇ ਪਾਣੀ ਵਾਲੇ ਅਤੇ ਬਰਫ਼ਾਨੀ ਰਸਤੇ ਨੂੰ ਪਗ੍ਰਟਾਅ ਰਹੀ ਹੈ।

ਇਸ ਤਰ੍ਹਾਂ ਇਹ ਟਰੇਲ ਕੈਨੇਡਾ ਦੇ ਅਦੁੱਤੀ ਕੁਦਰਤੀ ਨਜ਼ਾਰਿਆਂ ਦੀ ਇਕ ਖ਼ੂਬਸੂਰਤ ਨੁਮਾਇਸ਼ ਹੈ ਅਤੇ ਆਪਣੀ ਮਿਸਾਲ ਆਪ ਹੈ। ਇਹ ਕੈਨੇਡਾ ਦੇ ਵੱਖ-ਵੱਖ ਸੂਬਿਆਂ ਅਤੇ ਟੈਰੀਟਰੀਆਂ ਵਿਚ ਪੱਧਰੀਆਂ ਅਤੇ ਉੱਚੀਆਂ-ਨੀਵੀਆਂ ਥਾਵਾਂ, ਸੰਘਣੇ ਜੰਗਲਾਂ, ਹਰਿਆਵਲੇ ਰਸਤਿਆਂ, ਵੱਡੇ-ਛੋਟੇ ਸ਼ਹਿਰਾਂ, ਕਨਜ਼ਰਵੇਸ਼ਨ-ਖਿੱਤਿਆਂ, ਕੱਚੀਆਂ-ਪੱਕੀਆਂ ਸੜਕਾਂ, ਨਦੀਆਂ-ਨਾਲ਼ਿਆਂ, ਝੀਲਾਂ, ਪਹਾੜਾਂ ਅਤੇ ਕਈ ਥਾਈਂ ਦਰਿਆਂਵਾਂ ਤੇ ਸਮੁੰਦਰ ਦੇ ਕੁਝ ਹਿੱਸਿਆਂ ਉੱਪਰੋਂ ਦੀ ਲੰਘਦੀ ਇਕ ਵੱਖਰੀ ਕਿਸਮ ਦਾ ਅਜੂਬਾ ਹੈ। ਇਹ ਇਕ ਬਹੁ-ਮੰਤਵੀ ਸੈਰ-ਗਾਹ ਹੈ ਜਿਸ 'ਤ ਹੇਠ-ਲਿਖੀਆਂ ਖੇਡ-ਕਾਰਵਾਈਆਂ ਕੀਤੀਆਂ ਜਾਂਦੀਆਂ ਹਨ:

- ਹਾਈਕਿੰਗ
- ਟਰੈਕਿੰਗ
- ਸਾਈਕਲਿੰਗ
- ਘੋੜ-ਸਵਾਰੀ
- ਸਕੀਇੰਗ
- ਪੈਡਲਿੰਗ
- ਸਨੋਅ-ਮੋਬਾਈਲਿੰਗ
- ਸਨੋਅ-ਬੋਰਡਿੰਗ

ਇਸ ਤੋਂ ਇਲਾਵਾ ਇਸ ਟਰੇਲ ਦਾ ਕੈਨੇਡਾ ਦੀ ਆਰਥਿਕ ਤਰੱਕੀ ਵਿਚ ਵੀ ਭਰਵਾਂ ਯੋਗਦਾਨ ਹੈ। ਖੇਡਾਂ ਦੇ ਸਮਾਨ ਦੀ ਵਿਕਰੀ ਵਿਚ ਵਾਧਾ, ਹੋਟਲਾਂ-ਮੋਟਲਾਂ, ਰਹਿਣ-ਸਹਿਣ ਅਤੇ ਖਾਣ-ਪੀਣ ਦੀ ਸਮੱਗਰੀ ਨਾਲ ਜੁੜੇ ਹਰ ਤਰ੍ਹਾਂ ਦੇ ਕਾਰੋਬਾਰ ਵਿਚ ਵਾਧਾ, ਨਵੇਂ ਲਿੰਕ ਰਸਤੇ, ਵੱਡੇ-ਛੋਟੇ ਪੁਲ਼ ਅਤੇ ਸੁਰੱਖਿਆ ਨਾਲ ਜੁੜੇ ਯੰਤਰਾਂ ਦੀ ਨਵ-ਉਸਾਰੀ ਇਸ ਵਿਚ ਮੁੱਖ ਤੌਰ 'ਤੇ ਸ਼ਾਮਲ ਹਨ। ਭਾਵੇਂ ਫ਼ੈੱਡਰਲ, ਪ੍ਰੋਵਿੰਸ਼ੀਅਲ ਅਤੇ ਸਥਾਨਕ ਸਰਕਾਰਾਂ ਵੀ ਇਸ ਦੀ ਬਣਤਰ ਅਤੇ ਸਾਂਭ-ਸੰਭਾਲ ਵਿਚ ਆਪਣਾ ਯੋਗਦਾਨ ਪਾ ਰਹੀਆਂ ਹਨ, ਪਰ ਇਸ ਟਰੇਲ ਦੇ ਬਹੁਤੇ ਕੰਮ ਦਾਨ ਅਤੇ ਵਾਲੰਟੀਅਰ ਸੇਵਾਵਾਂ ਰਾਹੀਂ ਕਰਵਾਏ ਜਾ ਰਹੇ ਹਨ। ਇਸ ਦੇ ਨਾਲ ਹੀ ਇਹ ਟਰੇਲ ਕੈਨੇਡਾ ਦੇ 'ਬਹੁ-ਸੱਭਿਆਚਾਰੀ ਤਾਣੇ-ਬਾਣੇ' ਵਿਚ ਵਡਮੁੱਲਾ ਹਿੱਸਾ ਪਾਉਂਦੀ ਹੈ ਅਤੇ ਇਸ ਦੀ ਬਹੁ-ਸੱਭਿਆਚਾਰਕ ਦਿੱਖ (ਮਲਟੀਕਲਚਰਿਜ਼ਮ) ਅਤੇ ਆਪਸੀ-ਸਾਂਝ ਦੀ ਵੀ ਪ੍ਰਤੀਕ ਹੈ। ਇਸ 'ਤੇ ਸੈਰ ਕਰਦਿਆਂ ਸਾਨੂੰ ਹਰ ਵਰਗ, ਖਿੱਤੇ, ਨਸਲ ਅਤੇ ਕੌਮ ਨਾਲ ਸਬੰਧਿਤ ਕੈਨੇਡੀਅਨ ਸ਼ਹਿਰੀ ਆਪਸ ਵਿਚ 'ਹੈਲੋ-ਹਾਏ' ਅਤੇ 'ਸਾਹਬ-ਸਲਾਮ' ਕਰਦਿਆਂ ਮਿਲ ਜਾਣਗੇ।

ਪਹਿਲਾਂ ਵਰਨਣ ਕਾਰਵਾਈਆਂ ਅਤੇ ਇਨ੍ਹਾਂ ਨਾਲ ਜੁੜੀਆਂ ਗੱਲਾਂ ਭਾਵੇਂ ਸਾਡੇ ਪੰਜਾਬੀ ਜੀਵਨ ਅਤੇ ਸੱਭਿਆਚਾਰ ਹਿੱਸਾ ਨਹੀਂ, ਫਿਰ ਵੀ ਅਸੀਂ ਇਨ੍ਹਾਂ ਨੂੰ ਅਪਨਾਉਣ ਵਿਚ ਕੁਝ ਹੱਦ ਤੀਕ ਸਫ਼ਲ ਹੋਏ ਹਾਂ। ਇਹ ਵੱਖਰੀ ਗੱਲ ਹੈ ਕਿ ਓਨੇ ਨਹੀ,ਂ ਜਿੰਨੀ ਇਸ ਦੀ ਜ਼ਰੂਰਤ ਹੈ। ਪੰਜਾਬੀਆਂ ਨੇ ਇਨ੍ਹਾਂ ਟਰੇਲਾਂ 'ਤੇ ਸੈਰ ਕਰਨੀ ਸ਼ੁਰੂ ਤਾਂ ਕਰ ਦਿੱਤੀ ਹੈ ਅਤੇ ਕੁਝ ਇਨ੍ਹਾਂ ਉੱਪਰ ਜੌਗਿੰਗ ਅਤੇ ਸਾਈਕਲਿੰਗ ਕਰਦੇ ਵੀ ਨਜ਼ਰ ਆਉਂਦੇ ਹਨ ਪਰ ਉਨ੍ਹਾਂ ਦੀ ਗਿਣਤੀ ਦੂਸਰੀਆਂ ਕਮਿਊਨਿਟੀਆਂ ਦੇ ਮੁਕਾਬਲੇ ਅਜੇ ਬਹੁਤ ਘੱਟ ਹੈ। ਸਾਡੇ ਪੰਜਾਬੀਆਂ ਲਈ ਘੋੜ-ਸਵਾਰੀ, ਸਕੀਇੰਗ, ਪੈਡਲਿੰਗ, ਸਨੋਅ ਬੋਰਡਿੰਗ ਅਤੇ ਸਨੋਅ-ਮੋਬਾਈਲਿੰਗ ਅਜੇ ਦੂਰ ਦੀਆਂ ਗੱਲਾਂ ਹਨ। ਏਸੇ ਕਰਕੇ ਅਸੀਂ ਅਜੇ ਕੈਨੇਡਾ ਦੀਆਂ ਇਨ੍ਹਾਂ ਟਰੇਲਾਂ ਤੋਂ ਪੂਰਾ ਲਾਭ ਨਹੀਂ ਉਠਾ ਰਹੇ। ਪਰ ਇਸ ਦੇ ਨਾਲ ਹੀ ਵਧੀਆ ਗੱਲ ਇਹ ਵੀ ਹੈ ਕਿ ਸਾਡੀ ਆਉਣ ਵਾਲੀ ਪੀੜ੍ਹੀ ਇਸ ਪੱਖ ਤੋਂ ਸਾਡੇ ਨਾਲੋਂ ਵਧੇਰੇ ਚੇਤੰਨ ਹੈ ਅਤੇ ਉਨ੍ਹਾਂ ਨੇ ਬਰਫ 'ਤੇ ਖੇਡੀਆਂ ਜਾਣ ਵਾਲੀਆਂ ਖੇਡਾਂ ਆਈਸ-ਹਾਕੀ, ਸਕੀਇੰਗ, ਸਕੇਟਿੰਗ, ਸਨੋਅ-ਬੋਰਡਿੰਗ, ਆਦਿ ਵਿਚ ਹਿੱਸਾ ਲੈਣਾ ਸ਼ੁਰੂ ਕਰ ਦਿੱਤਾ ਹੈ।

ਪ੍ਰਮਾਤਮਾ ਦੀ ਕਿਰਪਾ ਨਾਲ ਸਾਨੂੰ ਕੈਨੇਡਾ ਦੀ ਧਰਤੀ 'ਤੇ ਆਉਣ ਦਾ ਮੌਕਾ ਮਿ-ਲਿਆ ਹੈ। ਸਾਨੂੰ ਚਾਹੀਦਾ ਹੈ ਕਿ ਅਸੀਂ ਵੀ ਇੱਥੇ ਮਿਲਣ ਵਾਲੀਆਂ ਇਨ੍ਹਾਂ ਕੁਦਰਤੀ ਬਖ਼ਸ਼ਿਸ਼ਾਂ ਦਾ ਭਰਪੂਰ ਫ਼ਾਇਦਾ ਉਠਾਈਏ। ਖ਼ਾਸ ਕਰਕੇ ਅੱਜ ਦੇ ਚੱਲ ਰਹੇ ਕਰੋਨਾ ਮਹਾਂਮਾਰੀ ਦੌਰ ਵਿਚ ਤਾਂ ਇਹ ਹੋਰ ਵੀ ਜ਼ਰੂਰੀ ਹੋ ਗਿਆ ਹੈ ਜਦੋਂ ਕਿ ਕਰੋਨਾ ਦੇ ਭੈਅ ਨੇ ਸਾਨੂੰ ਅੰਦਰ ਬੈਠਣ ਲਈ ਮਜਬੂਰ ਕਰ ਦਿੱਤਾ ਹੈ। ਇਸ ਮਹਾਂਮਾਰੀ ਨੇ ਸਾਡੇ ਨਿਤਾ-ਪ੍ਰਤੀ ਜੀਵਨ ਦੇ ਕਈ ਬਹੁਤ ਜ਼ਰੂਰੀ ਪਰ ਸਾਡੇ ਵੱਲੋਂ ਅਣਗੌਲੇ ਪੱਖ ਸਾਡੇ ਸਾਹਮਣੇ ਉਜਾਗਰ ਕੀਤੇ ਹਨ। ਸਾਨੂੰ ਸੁਹਿਰਦਤਾ ਨਾਲ ਵਿਚਾਰ ਕਰਕੇ ਤੁਰੰਤ ਦੋ ਕਾਰਵਾਈਆਂ ਕਰਨਾਂ ਦੀ ਲੋੜ ਹੈ।

- ਕੁਦਰਤ ਦਾ ਬਣਦਾ ਸਤਿਕਾਰ ਕਰਨਾ ਅਤੇ ਉਸ ਦੇ ਰਾਹੀਂ ਬਖ਼ਸ਼ੀਆਂ ਹੋਈਆਂ ਪ੍ਰਮਾਤਮਾ ਦੀਆਂ ਦਾਤਾਂ ਦਾ ਪੂਰੇ ਸੰਜਮ ਵਿਚ ਰਹਿ ਕੇ ਸਰਬ-ਸਾਂਝੇ ਭਲੇ ਲਈ ਸਦ-ਉਪਯੋਗ ਕਰਨਾ।
- ਆਪੋ-ਆਪਣੀ ਸਿਹਤ ਦੀ ਸੰਭਾਲ ਅਤੇ ਇਸ ਵਿਚ ਸੁਧਾਰ ਕਰਨ ਲਈ ਪੂਰੀ ਤਰ੍ਹਾਂ ਸੁਚੇਤ ਰਹਿ ਕੇ ਭਰਪੂਰ ਯਤਨ ਕਰਨਾ।

ਇਨ੍ਹਾਂ ਦੋਹਾਂ ਗੱਲਾਂ ਦੀ ਆਪਸ ਵਿਚ ਇਕਸੁਰਤਾ ਦੇ ਨਾਲ਼-ਨਾਲ਼ ਇਹ ਦੋਵੇਂ ਸਾਨੂੰ ਘਰਾਂ, ਆਪਣੇ ਕੰਮਾਂ-ਕਾਰਾਂ ਅਤੇ ਰਿਹਾਇਸ਼ੀ ਬਿਲਡਿੰਗਾਂ ਵਿੱਚੋਂ ਬਾਹਰ ਨਿਕਲ ਕੇ ਕੁਦਰਤ ਨਾਲ ਇਕ-ਮਿਕ ਹੋਣ ਦੀਆਂ ਸਿੱਖਿਆਵਾਂ ਵੀ ਦਿੰਦੀਆਂ ਹਨ। ਇਨ੍ਹਾਂ ਉੱਪਰ ਸਹੀ ਤਰ੍ਹਾਂ ਅਮਲ ਕਰਨ ਵਾਸਤੇ ਟਰੇਲਾਂ 'ਤੇ ਜਾ ਕੇ ਉੱਪਰ ਦੱਸੀਆਂ ਗਈਆਂ ਕਾਰਵਾਈਆਂ ਸਾਡੇ ਲਈ ਬਹੁਤ ਮਦਦਗਾਰ ਸਾਬਤ ਹੋ ਸਕਦੀਆਂ ਹਨ।

'ਟੋਰਾਂਟੋ ਪੀਅਰਸਨ ਏਅਰਪੋਰਟ ਰੱਨਰਜ਼ ਕਲੱਬ' ਜਿੱਥੇ ਆਪਣੇ ਮੈਂਬਰਾਂ ਨੂੰ ਇਨ੍ਹਾਂ ਸਿੱਖਿਆਵਾਂ 'ਤੇ ਤੋਰਨ ਲਈ ਪੂਰੀ ਤਰ੍ਹਾਂ ਵਚਨ-ਬੱਧ ਹੈ, ਉੱਥੇ ਇਸ ਨੇ ਆਪਣੀ ਪੂਰੀ ਪੰਜਾਬੀ ਕਮਿਊਨਿਟੀ ਨੂੰ ਇਨ੍ਹਾਂ ਦੇ ਬਾਰੇ ਜਾਗਰੂਕ ਕਰਨ ਦਾ ਵੀ ਬੀੜਾ ਚੁੱਕਿਆ ਹੋਇਆ ਹੈ। ਇਸ ਲਈ ਇਹ ਕਲੱਬ ਆਪਣੇ ਮੈਂਬਰਾਂ ਦੀਆਂ ਪ੍ਰਾਪਤੀਆਂ ਬਾਰੇ ਦੱਸਣ ਦੇ ਨਾਲ਼ ਨਾਲ਼ ਅਖ਼ਬਾਰਾਂ ਵਿਚ ਵੱਖ-ਵੱਖ ਆਰਟੀਕਲ ਲਿਖਣ, ਪੰਜਾਬੀ ਰੇਡੀਓ ਤੇ ਟੀ.ਵੀ.ਚੈਨਲਾਂ ਉੱਪਰ ਸਿਹਤ ਸਬੰਧੀ ਵੱਖ-ਵੱਖ ਵਿਸ਼ਿਆਂ 'ਤੇ ਗੱਲਬਾਤ ਕਰਨ ਅਤੇ ਲੋਕਾਂ ਨੂੰ ਇੱਥੇ ਉਪਲੱਬਧ ਸਹੂਲਤਾਂ ਬਾਰੇ ਜਾਣਕਾਰੀ ਦੇਣ ਦੇ ਭਰਪੂਰ ਯਤਨ ਕਰਦਾ ਰਹਿੰਦਾ ਹੈ। ਟੀ.ਪੀ.ਏ.ਆਰ. ਕਲੱਬ ਇੱਥੇ ਆਪਣੇ ਵੀਰਾਂ-ਭੈਣਾਂ ਅੱਗੇ ਇਸ ਤਰ੍ਹਾਂ ਦੀ ਅਪੀਲ ਕਰਨਾ ਆਪਣਾ ਫ਼ਰਜ਼ ਵੀ ਸਮਝਦਾ ਹੈ ਅਤੇ ਆਪਣਾ ਹੱਕ ਵੀ। ਹੱਕ ਇਸ ਕਰਕੇ ਕਿ ਇਹ ਖ਼ੁਦ ਆਪਣੇ ਮੈਂਬਰਾਂ ਨੂੰ ਪੂਰੇ ਅਨੁਸਾਸ਼ਨ ਅਤੇ ਨੇਮ-ਬੱਧ ਢੰਗ ਨਾਲ ਸਿਹਤ ਸੰਭਾਲ ਅਤੇ ਸੁਧਾਰ ਦੀਆਂ ਗਤੀਵਿਧੀਆਂ ਵਿਚ ਲਗਾਤਾਰ ਲਾ ਕੇ ਰੱਖਦਾ ਹੈ। ਜਦੋਂ ਦਾ ਇਹ ਕਲੱਬ ਬਣਿਆਂ ਹੈ, ਉਦੋਂ ਤੋਂ ਹੀ ਇਸ ਦੇ ਮੈਂਬਰ ਐਸੀਆਂ ਦੌੜਾਂ, ਸੀ.ਐੱਨ. ਟਾਵਰ ਦੀਆਂ ਪੌੜੀਆਂ ਚੜ੍ਹਨ ਅਤੇ ਹੋਰ ਅਜਿਹੀਆਂ ਕਈ ਈਵੈਂਟਾਂ ਵਿਚ ਭਾਗ ਲੈਂਦੇ ਆ ਰਹੇ ਹਨ ਜਿਹੜੀਆਂ ਕਿ ਸਿਰਫ਼ ਤੇ ਸਿਰਫ਼ ਚੈਰੀਟੇਬਲ ਮੰਤਵਾਂ ਲਈ ਕਰਵਾਈਆਂ ਜਾਂਦੀਆਂ ਹਨ। ਇਨ੍ਹਾਂ ਵਿੱਚੋਂ ਵਿਸ਼ਵ ਪ੍ਰਸਿੱਧ 'ਸਕੋਸ਼ੀਆਬੈਂਕ ਵਾਟਰਫ਼ਰੰਟ ਮੈਰਾਥਨ' ਦਾ ਨਾਂ ਖ਼ਾਸ ਤੌਰ 'ਤੇ ਵਰਨਣਯੋਗ ਹੈ। ਕਰੋਨਾ ਮਹਾਂਮਾਰੀ ਦੇ ਚੱਲ ਰਹੇ ਦੌਰ ਕਾਰਨ ਇਸ ਵਾਰ ਇਹ ਦੌੜ 'ਵਰਚੂਅਲ-ਢੰਗ' ਨਾਲ ਕਰਵਾਈ ਜਾ ਰਹੀ ਹੈ। ਟੀ.ਪੀ.ਏ.ਆਰ. ਕਲੱਬ ਵੱਲੋਂ ਇਹ ਦੌੜ ਇਸ 'ਮਹਾਨ ਟਰੇਲ' ਦੇ ਕੈਲਾਡਨ ਵਾਲੇ ਭਾਗ ਵਿਚ ਅਕਤੂਬਰ ਦੇ ਅਖ਼ੀਰ ਵਿਚ ਕਰਵਾਈ ਜਾ ਰਹੀ ਹੈ। ਕਲੱਬ ਦੇ ਸਾਰੇ ਮੈਂਬਰ ਇਸ ਦੇ ਲਈ ਅੱਜਕਲ੍ਹ ਪੂਰੇ ਜ਼ੋਰ-ਸ਼ੋਰ ਨਾਲ ਤਿਆਰੀਆਂ ਕਰ ਰਹੇ ਹਨ। ਲੰਘੇ ਐਤਵਾਰ ਉਨ੍ਹਾਂ ਵਾਅਨ ਵਿਚ ਦੀ ਲੰਘਦੀ ਹੰਬਰ ਟਰੇਲ ਉੱਪਰ 21 ਕਿਲੋ ਮੀਟਰ ਦੌੜ ਕੇ ਸਕੋਸ਼ੀਆਬੈਂਕ ਵਾਟਰਫ਼ਰੰਟ ਵਰਚੂਅਲ ਮੈਰਾਥਨ ਦਾ ਪਹਿਲਾ ਪੜਾਅ ਪੂਰਾ ਕੀਤਾ ਅਤੇ ਇਸ 10 ਅਕਤੂਬਰ ਐਤਵਾਰ ਨੂੰ ਉਨ੍ਹਾਂ ਔਰੈਂਜਵਿਲ ਦੀ ਮੋਨੋਕਲਿਫ਼ ਟਰੇਲ 'ਤੇ ਪਹੁੰਚ ਕੇ ਇਸ ਦਾ ਦੂਰਾ ਪੜਾਅ ਵੀ ਫ਼ਤਿਹ ਕਰ ਲਿਆ ਹੈ। ਜ਼ਿਕਰਯੋਗ ਹੈ ਕਿ ਇਸ ਸਮੇਂ 250 ਦੇ ਲੱਗਭੱਗ ਅਥਲੀਟ ਇਸ ਕਲੱਬ ਨਾਲ ਜੁੜੇ ਹੋਏ ਹਨ ਜਿਨ੍ਹਾਂ ਵਿੱਚੋਂ 60-70 ਦੌੜ ਦੇ ਲੱਗਭੱਗ ਹਰੇਕ ਈਵੈਂਟ ਵਿਚ ਹਿੱਸਾ ਲੈਂਦੇ ਹਨ।

ਕਲੱਬ ਆਪਣੇ ਤਜਰਬੇ ਦੇ ਆਧਾਰ 'ਤੇਂ ਸਮਝਦਾ ਹੈ ਕਿ ਕੈਨੇਡਾ ਦੀ 'ਮਹਾਨ ਟਰੇਲ' ਬਾਰੇ ਇਹ ਮੁੱਢਲੀ ਜਾਣਕਾਰੀ ਸਾਡੀ ਕਮਿਊਨਿਟੀ ਦੇ ਲੋਕਾਂ ਨੂੰ ਘਰੋਂ ਬਾਹਰ ਨਿਕਲਣ ਅਤੇ ਕੁਦਰਤ ਵਿਚ ਵਿਚਰਨ ਲਈ ਉਤਸ਼ਾਹਿਤ ਕਰ ਸਕੇਗੀ, ਖ਼ਾਸ ਕਰਕੇ ਸਾਡੇ ਬੱਚਿਆਂ ਨੂੰ ਜਿਹੜੇ ਕਿ ਆਪਣੇ ਭਵਿੱਖ ਨੂੰ ਸ਼ਾਨਮਈ ਅਤੇ ਸਫ਼ਲ ਢੰਗ ਨਾਲ ਜਿਊਣ ਦੇ ਸੁਪਨੇ ਦੇਖ ਰਹੇ ਹਨ। ਇੱਥੇ ਇਹ ਸਮਝਣਾ ਵੀ ਜ਼ਰੂਰੀ ਹੈ ਕਿ ਅਸੀਂ ਆਪਣੇ-ਆਪ ਨੂੰ ਇਨ੍ਹਾਂ ਟਰੇਲਾਂ ਦੀ ਕਿਤਾਬੀ ਜਾਂ ਮਹਿਜ਼ ਨਕਸ਼ਾ-ਮਈ ਜਾਣਕਾਰੀ ਤੱਕ ਹੀ ਸੀਮਤ ਨਹੀਂ ਰੱਖਣਾ, ਸਗੋਂ ਇਸ ਤੋਂ ਅੱਗੇ ਜਾ ਕੇ ਪੂਰੀ ਤਰ੍ਹਾਂ ਡਰੈੱਸ-ਅੱਪ ਹੋ ਕੇ ਸੁਹਿਰਦਤਾ ਨਾਲ ਇਕ-ਇਕ ਕਦਮ ਨਾਲ ਇਨ੍ਹਾਂ ਟਰੇਲਾਂ ਨੂੰ ਵਾਰ-ਵਾਰ ਨਿੱਤ ਨਵੇਂ ਉਤਸ਼ਾਹ ਨਾਲ ਮਿਲਣਾ ਹੈ। ਅਸੀਂ ਉਨ੍ਹਾਂ ਹਿੰਮਤੀ ਸੱਜਣਾਂ ਤੋਂ ਉਤਸ਼ਾਹ ਪ੍ਰਾਪਤ ਕਰਨਾ ਹੈ ਜਿਹੜੇ ਸੈਂਕੜੇ ਮੀਲ ਇਨ੍ਹਾਂ ਉੱਪਰ ਤੁਰਦੇ ਹਨ ਜਾਂ ਹਜ਼ਾਰਾਂ ਕਿਲੋ ਮੀਟਰ ਇਨ੍ਹਾਂ ਉੱਪਰ ਸਾਈਕਲ਼ਿੰਗ ਕਰਦੇ ਹਨ। ਅਸੀਂ 'ਸੈਰਾਹ ਜੈਕਸਨ' ਨਾਂ ਦੀ 25 ਸਾਲਾ ਆਪਣੀ ਭੈਣ ਤੋਂ ਉਤਸ਼ਾਹ ਲੈਣਾ ਹੈ ਜਿਸ ਨੇ ਇਸ ਪੂਰੀ ਟਰੇਲ ਨੂੰ ਦੋ ਸਾਲਾਂ ਵਿਚ ਤੁਰ ਕੇ ਪੂਰਾ ਕੀਤਾ ਹੈ। ਅਸੀਂ ਪ੍ਰੇਰਨਾ ਲੈਣੀ ਹੈ 'ਡੇਨਾ ਮਾਇਜ਼ੀ' ਨਾਂ ਦੇ ਸੱਜਣ ਤੋਂ, ਜਿਸ ਨੇ ਨਵੰਬਰ 2018 ਵਿਚ ਇਹੀ ਕੰਮ ਪੂਰਾ ਕੀਤਾ। ਦਿਲਚਸਪ ਗੱਲ ਇਹ ਹੈ ਕਿ ਉਸ ਨੇ ਇਹ ਸਫਰ ਘਰੇਲੂ ਮੁਸ਼ਕਲਾਂ ਅਤੇ ਸਰੀਰਕ ਸੱਟਾਂ-ਫ਼ੇਟਾਂ ਦੇ ਬਾਵਜੂਦ ਦਸਾਂ ਸਾਲਾਂ ਵਿਚ ਪੂਰਾ ਕੀਤਾ। ਉਸ ਦੇ ਸਿਰੜ ਅਤੇ ਉਸ ਦੀ ਦ੍ਰਿੜ੍ਹਤਾ ਨੂੰ ਸਲਾਮ ਹੈ ਅਤੇ ਇਹ ਸਾਡੇ ਸਾਰਿਆਂ ਲਈ ਲਈ ਨਿਰੰਤਰ ਪ੍ਰੇਰਨਾ ਦਾ ਸਰੋਤ ਹੈ।

ਏਸੇ ਤਰਾ ਦੀ ਇਕ ਹੋਰ ਦਲੇਰਾਨਾ ਮੁਹਿੰਮ ਬਾਰੇ ਦੱਸਣਾ ਇੱਥੇ ਹੋਰ ਵੀ ਦਿਲਚ-ਸਪ ਅਤੇ ਉਤਸ਼ਾਹ ਜਨਕ ਹੋਵੇਗਾ ਕਿ ਅੱਜ ਵੀ ਸੀਨ ਮਾਰਟਿਨ ਤੇ ਉਸ ਦੀ ਪਤਨੀ ਸੋਨੀਆ ਰਿਚਮੰਡ ਦੀ ਜੋੜੀ ਕੈਨੇਡਾ ਦੀ ਇਸ ਮਹਾਨ ਟਰੇਲ ਨੂੰ ਸਰ ਕਰਨ ਲਈ ਨਿਕਲੀ ਹੋਈ ਹੈ। ਉਨ੍ਹਾਂ ਨੇ ਇਹ ਕਾਰਜ 1 ਜੂਨ, 2019 ਨੂੰ ਆਰੰਭਿਆ ਸੀ ਅਤੇ ਉਹ ਅਕਤੂਬਰ 2022 ਤੱਕ ਇਸ ਨੂੰ ਪੂਰਾ ਕਰਨ ਦਾ ਉਪਰਾਲਾ ਕਰਨ ਪ੍ਰਤੀ ਦ੍ਰਿੜ੍ਹ ਹਨ। ਸਾਨੂੰ ਚਾਹੀਦਾ ਹੈ ਕਿ ਅਸੀਂ ਵੀ ਉਨ੍ਹਾਂ ਵਾਂਗ ਮੈਦਾਨ ਵਿਚ ਉੱਤਰੀਏ। ਕੁਦਰਤ ਵੱਲੋਂ ਮਿਲੀ ਮਨੁੱਖਾ ਜਨਮ ਦੀ ਵਡਮੁੱਲੀ ਦਾਤ ਦੀ ਸਰੀਰਕ ਪੱਖ ਤੋਂ ਪੂਰੀ ਤਰ੍ਹਾਂ ਸੰਭਾਲ ਕਰੀਏ ਤਾਂ ਕਿ ਅਸੀ ਇਸ ਦੇ ਪਰਮਾਰਥੀ ਮੰਤਵ ਦੀ ਪ੍ਰਾਪਤੀ ਕਰਨ ਦੇ ਸਮਰੱਥ ਹੋ ਸਕੀਏ।

(ਸਹਿਯੋਗੀ: ਡਾ. ਸੁਖਦੇਵ ਸਿੰਘ ਝੰਡ, ਫ਼ੋਨ: 647-567-9128)

# ਐਨਾ ਸੱਚ ਨਾ ਬੋਲੋ ਸ਼ਰੀਫ ਸਾਹਿਬ

-ਦੀਪਕ ਜਲੰਧਰ

ਇੱਕ ਦਾਰਸ਼ਨਿਕ ਨੇ ਕਿਹਾ ਹੈ ਕਿ ਜਦੋਂ ਕੋਈ ਸੱਚ ਅਤੇ ਸਿਰਫ ਸੱਚ ਬੋਲਦਾ ਹੈ ਤਾਂ ਉਹ ਇਕੱਲਾ ਰਹਿ ਜਾਂਦਾ ਹੈ। ਪਾਕਿਸਤਾਨ ਦੀ ਹਾਲਤ ਕਿਸੇ ਤੋਂ ਛੁਪੀ ਨਹੀਂ। ਖਾਣ-ਪੀਣ ਦੀਆਂ ਵਸਤਾਂ ਲੋਕਾਂ ਦੀ ਪਹੁੰਚ ਤੋਂ ਦੂਰ ਹੋ ਗਈਆਂ ਹਨ ਅਤੇ ਭ੍ਰਿਸ਼ਟਾਚਾਰ ਸਿਖਰ ਉੱਤੇ ਹੈ। ਪਾਕਿਸਤਾਨੀ ਫੌਜ ਸਰਕਾਰ ਦੇ ਹਰ ਵਿਭਾਗ ਵਿੱਚ ਦਖਲ ਦੇ ਰਹੀ ਹੈ। ਨਵਾਜ਼ ਸ਼ਰੀਫ ਆਪਣਾ ਇਲਾਜ ਕਰਾਉਣ ਲਈ ਜੇਲ੍ਹ ਤੋਂ ਪੈਰੋਲ 'ਤੇ ਰਿਹਾਅ ਹੋਏ, ਪਰ ਪਾਕਿ-ਸਤਾਨ ਦੇ ਹੁਕਮਰਾਨ ਮਨਮਾਨੀ 'ਤੇ ਉਤਰ ਆਏ ਅਤੇ ਨਵਾਜ਼ ਸ਼ਰੀਫ ਨੂੰ ਭਗੌੜਾ, ਮਫਰੂਰ, ਗੱਦਾਰ ਅਤੇ ਨਾ ਜਾਣੇ ਕਿੰਨੇ ਨਾਵਾਂ ਨਾਲ ਪੁਕਾਰਨ ਲੱਗੇ। ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਖੁਦ ਇਹ ਨਾਅਰਾ ਲਾਉਣ ਲੱਗ ਪਏ, 'ਜੋ ਮੋਦੀ ਦਾ ਯਾਰ ਹੈ, ਉਹ ਦੇਸ਼ ਦਾ ਗੱਦਾਰ ਹੈ।' ਇਹ ਬਦਕਿਸਮਤੀ ਦੀ ਗੱਲ ਹੈ ਕਿ ਭਾਰਤ ਦੇ ਕੁਝ ਲੀਡਰ ਜਿਨ੍ਹਾਂ ਵਿੱਚ ਮਣੀਸ਼ੰਕਰ ਅਈਅਰ, ਸ਼ਸ਼ੀ ਥਰੂਰ ਤੇ ਨਵਜੋਤ ਸਿੰਘ ਸਿੱਧੂ ਵੀ ਸ਼ਾਮਲ ਹਨ, ਪਾਕਿਸਤਾਨੀ ਲੀਡਰਾਂ ਨੂੰ ਜਾਣੇ-ਅਣਜਾਣੇ ਸ਼ਹਿ ਦਿੰਦੇ ਰਹਿੰਦੇ ਹਨ। ਨਵਾਜ਼ ਸ਼ਰੀਫ ਨੇ ਇੱਕ ਇੰਟਰਵਿਊ ਵਿੱਚ ਕਿਹਾ ਹੈ ਕਿ ਨਕਾਰਾ, ਨਿਕੰਮੇ ਤੇ ਨਾ-ਅਹਿਲ ਲੋਕਾਂ ਨੂੰ ਜਨਰਲ ਕਮਰ ਜਾਵੇਦ ਬਾਜਵਾ ਨੇ ਜਮਹੂਰੀਅਤ ਦਾ ਮਜ਼ਾਕ ਉਡਾਉਂਦੇ ਹੋਏ ਗੱਦੀ 'ਤੇ ਬਿਠਾ ਦਿੱਤਾ ਹੈ। ਫਿਰ ਬਈ ਇਸ ਨੂੰ ਕੀ ਕਹੋਗੇ ਕਿ ਪਾਕਿਸਤਾਨ ਕੰਗਾਲੀ ਦੇ ਹਨੇਰੇ ਵਿੱਚ ਗੁੰਮ ਹੋਣ ਲੱਗਾ ਤਾਂ ਉਸ ਨੇ ਚੀਨ ਹੱਥੋਂ ਵਿਕਣ ਵਿੱਚ ਰੱਤੀ ਸ਼ਰਮ ਮਹਿਸੂਸ ਨਹੀਂ ਕੀਤੀ। ਨਵਾਜ਼ ਸ਼ਰੀਫ ਨੇ ਜਨਰਲ ਮੁਸ਼ੱਰਫ ਉੱਤੇ ਵੀ ਦੋਸ਼ ਲਾਉਂਦੇ ਹੋਏ ਕਿਹਾ ਕਿ ਉਸ ਨੇ ਲੋਕਤੰਤਰ ਦੀ ਹੱਤਿਆ ਕਰ ਕੇ ਚੁਣੀ ਹੋਈ ਸਰਕਾਰ ਨੂੰ ਤੋੜ ਕੇ ਪਾਕਿਸਤਾਨ ਵਿੱਚ ਜਿਹੜੇ ਆਰਥਿਕ ਸੁਧਾਰ ਹੋ ਰਹੇ ਸਨ, ਉਨ੍ਹਾਂ ਨੂੰ ਤਬਾਹ ਕਰ ਦਿੱਤਾ ਸੀ, ਜਦ ਕਿ ਇਮਰਾਨ ਖਾਨ ਨੇ ਪਿੱਛੇ ਜਿਹੇ ਇੱਕ ਜਲਸੇ ਨੂੰ ਬੋਲਦੇ ਹੋਏ ਨਵਾਜ਼ ਸ਼ਰੀਫ ਦਾ ਮਜ਼ਾਕ ਉਡਾਉਂਦੇ ਹੋਏ ਕਿਹਾ ਕਿ ਉਹ ਜ਼ਿਆ-ਉਲ-ਹੱਕ ਦੀਆਂ ਜੁੱਤੀਆਂ ਸਾਫ ਕਰਦੇ ਹੁੰਦੇ ਸਨ। ਕੀ ਇਹ ਟਿੱਪਣੀ ਇੱਕ ਐਸੇ ਰਾਜਨੇਤਾ 'ਤੇ ਕਰਨੀ ਵਾਜਿਬ ਹੈ ਜਿਹੜਾ ਤਿੰਨ ਵਾਰ ਪਾਕਿਸਤਾਨ ਦਾ ਵਜ਼ੀਰੇ-ਆਜ਼ਮ ਬਣਿਆ ਹੋਵੇ? ਸ਼ਿਮਲਾ ਸਮਝੌਤਾ ਉਦੋਂ ਹੋਇਆ, ਜਦੋਂ ਜਨਰਲ ਯਹੀਆ ਖਾਨ ਪਾਕਿਸਤਾਨ 'ਤੇ ਕਾਬਜ਼ ਸੀ। ਜੇ ਓਦੋਂ ਕੋਈ ਜਮਹੂਰੀਅਤ ਦਾ ਨੁਮਾਇੰਦਾ ਹੁੰਦਾ ਤਾਂ ਸ਼ਾਇਦ ਇਹ ਸਮਝੌਤਾ ਨਾ ਹੁੰਦਾ। ਇਹ ਵੀ ਹਕੀਕਤ ਹੈ ਕਿ ਪਾਕਿਸਤਾਨ ਨੇ ਹਿੰਦੁਸਤਾਨ ਨਾਲ ਜਦੋਂ ਵੀ ਜੰਗ ਛੇੜੀ ਉਦੋਂ ਪਾਕਿਸਤਾਨ 'ਤੇ ਫੌਜੀ ਹੁਕਮਰਾਨ ਕਾਬਜ਼ ਸਨ ਤੇ ਹਰ ਵਾਰ ਉਹ ਹਿੰਦੁਸਤਾਨੀ ਫੌਜ ਹੱਥੋਂ ਬੁਰੀ ਤਰ੍ਹਾਂ ਹਾਰਦੇ ਰਹੇ। ਕਿਸੇ ਦੇਸ਼ ਦੇ 93000 ਫੌਜੀ ਹਥਿਆਰ ਸੁੱਟ ਦੇਣ, ਇਹ ਡੁੱਬ ਮਰਨ ਵਾਲੀ ਗੱਲ ਹੁੰਦੀ ਹੈ।


ਜਦੋਂ ਅਟਲ ਬਿਹਾਰੀ ਵਾਜਪਾਈ ਭਾਰਤ ਦੇ ਪ੍ਰਧਾਨ ਮੰਤਰੀ ਸਨ ਤਾਂ ਉਨ੍ਹਾਂ ਨੇ ਪਾਕਿਸਤਾਨ ਨਾਲ ਦੋਸਤੀ ਕਰਨ ਦਾ ਯਤਨ ਕੀਤਾ। ਨਵਾਜ਼ ਸ਼ਰੀਫ ਦੇ ਦੌਰ ਵਿੱਚ ਉਹ ਬਸ ਸਰਵਿਸ ਵੀ ਸ਼ੁਰੂ ਕਰਨ ਹਿਤ ਲਾਹੌਰ ਗਏ ਸਨ ਜਿਸ ਨੂੰ ਲਾਹੌਰ ਐਗਰੀਮੈਂਟ ਕਿਹਾ ਜਾਂਦਾ ਹੈ। ਪਾਕਿ-ਸਤਾਨ ਦੀ ਬਦਕਿਸਮਤੀ ਸੀ ਕਿ ਪਰਵੇਜ਼ ਮੁਸ਼ੱਰਫ ਨੇ ਆਉਂਦੇ ਸਾਰ ਉਹ ਸਾਰੇ ਰਾਹ ਬੰਦ ਕਰ ਦਿੱਤੇ ਜਿਨ੍ਹਾਂ ਸਦਕਾ ਭਾਰਤ ਨਾਲ ਗੱਲਬਾਤ ਜਾਰੀ ਰਹਿ ਸਕਦੀ ਸੀ। ਆਗਰੇ ਵਿੱਚ ਪਰਵੇਜ਼ ਮੁਸ਼ੱਰਫ ਨੇ ਉਹ ਤਮਾਸ਼ਾ ਕੀਤਾ ਜਿਸ ਨਾਲ ਸਾਰਾ ਗੁੜ ਗੋਬਰ ਹੋ ਗਿਆ। ਇਸ ਤੋਂ ਪਹਿਲਾਂ ਜਨਰਲ ਮੁਸ਼ੱਰਫ ਨੇ ਨਵਾਜ਼ ਸ਼ਰੀਫ ਦੀ ਇੱਜ਼ਤ ਤਾਰ-ਤਾਰ ਕਰਨ ਲਈ ਕਾਰਗਿਲ ਯੁੱਧ ਛੇੜ ਦਿੱਤਾ। ਸੰਨ 1999 ਵਿੱਚ ਪਾਕਿਸਤਾਨੀ ਫੌਜ ਵੱਲੋਂ ਖੇਡੀ ਗਈ ਇਸ ਖੂਨੀ ਖੇਡ ਦਾ ਮੁੱਖ ਖਿਡਾਰੀ ਜਨਰਲ ਮੁਸ਼ੱਰਫ ਸੀ। ਇਹ ਕਹਿਣਾ ਹੈ ਉਥੋਂ ਦੇ ਰਿਟਾਇਰਡ ਜਨਰਲ ਸ਼ਾਹਿਦ ਅਜ਼ੀਜ਼ ਦਾ।

ਲਾਹੌਰ ਯਾਤਰਾ ਨੂੰ ਬੜੀ ਮੁਸ਼ਕਲ ਨਾਲ ਤਿੰਨ ਮਹੀਨੇ ਹੋਏ ਸਨ ਕਿ ਕਾਰਗਿਲ ਵਿੱਚ ਕਬਾਇਲੀਆਂ ਵੱਲੋਂ ਘੁਸਪੈਠ ਦੀ ਸੂਚਨਾ ਇੱਕ ਗਸ਼ਤੀ ਦਲ ਨੂੰ ਇੱਕ ਚਰਵਾਹੇ ਨੇ ਦਿੱਤੀ। ਗਸ਼ਤੀ ਦਲ ਨੇ ਇਹ ਸੂਚਨਾ ਆਪਣੇ ਸੈਨਿਕ ਅਧਿਕਾਰੀਆਂ ਨੂੰ ਦਿੱਤੀ। ਸ਼ਾਹਿਦ ਅਜ਼ੀਜ਼ ਕਹਿੰਦੇ ਹਨ ਕਿ ਇਹ ਕਬਾਇਲੀ ਘੁਸਪੈਠੀਆਂ ਨਹੀਂ, ਪਾਕਿਸਤਾਨੀ ਫੌਜ ਦੇ ਨਿਯਮਤ ਫੌਜੀ ਸਨ ਜਿਨ੍ਹਾਂ ਨੂੰ ਭੇਸ ਵਟਾ ਕੇ ਕਾਰਗਿਲ ਵਿੱਚ ਭੇਜਿਆ ਗਿਆ ਸੀ। ਇਸ ਪਿੱਛੇ ਮਕਸਦ ਸੀ ਕਿ ਸ਼ਾਂਤੀ ਤੇ ਸਦਭਾਵਨਾ ਦੀ ਜਿਹੜੀ ਲਹਿਰ ਦੋਵਾਂ ਦੇਸ਼ਾਂ ਵਿੱਚ ਚੱਲਣ ਵਾਲੀ ਸੀ, ਉਸ ਨੂੰ ਢਾਹ ਲਾਈ ਜਾਵੇ। ਸਾਡੇ ਦੇਸ਼ ਦੇ ਨੇਤਾਵਾਂ ਨੂੰ ਜਦੋਂ ਪਰਵੇਜ਼ ਮੁਸ਼ੱਰਫ ਦੀ ਇਹ ਹਰਕਤ ਪਤਾ ਲੱਗੀ ਤਾਂ ਭਾਰਤ ਦੇ ਪ੍ਰਧਾਨ ਮੰਤਰੀ ਨੇ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ ਨਾਲ ਫੋਨ 'ਤੇ ਇਸ ਦੀ ਗੰਭੀਰਤਾ ਦਾ ਜ਼ਿਕਰ ਕੀਤਾ। ਹੈਰਾਨੀ ਓਦੋਂ ਹੋਈ ਜਦੋਂ ਨਵਾਜ਼ ਸ਼ਰੀਫ ਨੇ ਦੱਸਿਆ ਕਿ ਉਨ੍ਹਾਂ ਨੂੰ ਇਸ ਦੀ ਜਾਣਕਾਰੀ ਨਹੀਂ ਹੈ। ਮੇਜਰ ਜਨਰਲ ਸ਼ਾਹਿਦ ਅਜ਼ੀਜ਼ ਨੇ ਦੱਸਿਆ ਕਿ ਜਨਰਲ ਮੁਸ਼ੱਰਫ ਨੇ ਪਾਕਿਸਤਾਨੀ ਫੌਜਾਂ ਨੂੰ ਗੁੰਮਰਾਹ ਕਰ ਕੇ ਉਥੇ ਮਰਨ ਲਈ ਭਿਜਵਾਇਆ ਸੀ। ਉਸ 'ਤੇ ਅਫਸੋਸ ਦੀ ਗੱਲ ਕਿ ਤਿੰਨ ਸੌ ਤੋਂ ਵੱਧ ਸੈਨਿਕ ਜੋ ਭਾਰਤੀ ਫੌਜ ਹੱਥੋਂ ਮਾਰੇ ਗਏ, ਉਨ੍ਹਾਂ ਦੀਆਂ ਲਾਸ਼ਾਂ ਲੈਣ ਤੋਂ ਵੀ ਇਨਕਾਰ ਕਰ ਦਿੱਤਾ। ਪੂਰੇ ਸਨਮਾਨ ਅਤੇ ਮਜ਼ਬੀ ਰਸਮਾਂ ਨਾਲ ਉਨ੍ਹਾਂ ਦੇ ਸਸਕਾਰ ਦਾ ਕੰਮ ਭਾਰਤੀ ਸੈਨਾ ਨੇ ਕੀਤਾ ਸੀ। ਅੱਜਕੱਲ੍ਹ ਲੰਡਨ ਵਿੱਚ ਆਪਣੇ ਲੋਕਾਂ ਨੂੰ ਸੰਬੋਧਨ ਕਰਦੇ ਹੋਏ ਨਵਾਜ਼ ਸ਼ਰੀਫ ਕਹਿ ਰਹੇ ਹਨ ਕਿ ਇਸ ਨਾਲਾਇਕ ਹਕੂਮਤ ਨੇ ਗਰੀਬ ਦੀ ਰੋਜ਼ੀ-ਰੋਟੀ ਖੋਹ ਲਈ ਹੈ। 'ਕੋਰੋਨਾ' ਦੇ ਇਸ ਭਿਆਨਕ ਦੌਰ ਵਿੱਚ ਹਸਪਤਾਲਾਂ ਵਿੱਚ ਦਵਾਈਆਂ ਨਹੀਂ, ਇਲਾਜ ਦਾ ਕੋਈ ਪ੍ਰਬੰਧ ਨਹੀਂ ਹੈ ਅਤੇ ਇਮਰਾਨ ਖਾਨ ਵਿਰੋਧੀ ਧਿਰ 'ਤੇ ਊਟ-ਪਟਾਂਗ ਦੋਸ਼ਾਂ ਦੀ ਝੜੀ ਲਾ ਰਹੇ ਹਨ।

ਅਸੀਂ ਕਿਸੇ ਵੀ ਦੇਸ਼ ਦੇ ਅੰਦਰੂਨੀ ਮਸਲਿਆਂ ਵਿੱਚ ਦਖਲ ਦੇਣ ਦੇ ਹੱਕ ਵਿੱਚ ਨਹੀਂ, ਪਰ ਪਾਕਿਸਤਾਨ ਦੇ ਆਮ ਲੋਕ ਜੋ ਕਦੇ ਹਿੰ-ਦੁਸਤਾਨ ਦੇ ਹੀ ਹੋਇਆ ਕਰਦੇ ਸਨ, ਉਨ੍ਹਾਂ ਦੀ ਇਹ ਹਾਲਤ ਦੇਖ ਕੇ ਮਨੁੱਖਤਾ ਦੇ ਨਾਤੇ ਭਾਰਤੀ ਸਮਾਜ ਵਿੱਚ ਚਿੰਤਾ ਤਾਂ ਹੈ ਹੀ। ਅੱਜ ਤੋਂ ਕੁਝ ਮਹੀਨੇ ਪਹਿਲਾਂ ਜਦੋਂ ਨਵਾਜ਼ ਸ਼ਰੀਫ ਦੀ ਬੇਗਮ ਕੁਲਸਮ ਦਾ ਇੰਤਕਾਲ ਹੋਇਆ ਤਾਂ ਭਾਰਤ ਦੇ ਬਹੁਤ ਸਾਰੇ ਨੇਤਾਵਾਂ ਨੇ ਨਵਾਜ਼ ਸ਼ਰੀਫ ਨਾਲ ਦੁੱਖ ਪ੍ਰਗਟ ਕੀਤਾ ਸੀ। ਉਦੋਂ ਅਜਿਹਾ ਜਾਪਦਾ ਸੀ ਕਿ ਨਵਾਜ਼ ਸ਼ਰੀਫ ਨੂੰ ਪਾਕਿਸਤਾਨ ਦੇ ਹੁਕਮਰਾਨ ਕਿਸੇ ਜੁਰਮ ਵਿੱਚ ਫਾਂਸੀ 'ਤੇ ਲਟਕਾ ਦੇਣਗੇ। ਜਿੰਦਾਂ ਜ਼ੁਲਫਕਾਰ ਅਲੀ ਭੁੱਟੋ ਨਾਲ ਹੋਇਆ ਸੀ। ਅੱਜਕੱਲ੍ਹ ਨਵਾਜ਼ ਸ਼ਰੀਫ ਦੀ ਬੇਟੀ ਮਰੀਅਮ ਨਵਾਜ਼ ਮੁਸਲਿਮ ਲੀਗ (ਨਵਾਜ਼) ਦੀ ਮੁਖੀ ਹੈ ਤੇ ਇਮਰਾਨ ਸਰਕਾਰ ਵਿਰੁੱਧ ਸੰਘਰਸ਼ ਵਿੱਚ ਉਤਰੀ ਹੋਈ ਹੈ, ਜਦ ਕਿ ਉਸ ਦੇ ਚਾਚਾ ਸ਼ਾਹਬਾਜ਼ ਸ਼ਰੀਫ ਨੂੰ ਜੇਲ੍ਹ ਭੇਜ ਦਿੱਤਾ ਗਿਆ ਹੈ। ਨਵਾਜ਼ ਸ਼ਰੀਫ ਅਜਿਹੇ ਸਮੇਂ ਸੱਚ ਬੋਲਣ ਲੱਗੇ ਹਨ, ਜਦੋਂ ਗਿਆਰਾਂ ਵਿਰੋਧੀ ਦਲ ਇਕੱਠੇ ਗੁਜਰਾਂਵਾਲਾ ਤੋਂ ਇਮਰਾਨ ਸਰਕਾਰ ਵਿਰੁੱਧ ਤਹਿਰੀਕ ਸ਼ੁਰੂ ਕਰ ਰਹੇ ਹਨ। ਮਰੀਅਮ ਨਵਾਜ਼ ਨੂੰ ਯਾਦ ਹੋਵੇਗਾ ਕਿ ਬੇਨਜ਼ੀਰ ਭੁੱਟੋ ਨੂੰ ਫੌਜੀ ਜਨਰਲ ਮੁਸ਼ੱਰਫ ਨੇ ਮਰਵਾ ਦਿੱਤਾ ਸੀ ਤੇ ਉਸੇ ਜੁਰਮ ਵਿੱਚ ਉਹ ਅੱਜਕੱਲ੍ਹ ਮਫਰੂਰ ਹਨ। ਨਵਾਜ਼ ਸ਼ਰੀਫ ਸਾਹਿਬ ਨੇ ਸੱਚ ਬੋਲਣ ਤੋਂ ਪਹਿਲਾਂ ਖੂਬ ਚਿੰਤਨ ਕੀਤਾ ਹੋਵੇਗਾ ਅਤੇ ਉਨ੍ਹਾਂ ਨੇ ਹਰ ਤਰ੍ਹਾਂ ਦੇ ਦੋਸ਼ ਝੱਲਣ ਦੇ ਬਾਵਜੂਦ ਇਹ ਸੋਚਿਆ ਹੋਵੇਗਾ :

'ਹੱਕ ਕੀ ਬਾਤ ਕਹੇਂਗੇ, ਸਰੇਦਾਰ ਕਹੇਂਗੇ,
ਏਕ ਬਾਰ ਨਹੀਂ, ਸੌ ਬਾਰ ਕਹੇਂਗੇ॥'

ਇਸ ਦਾ ਭਾਵ ਹੈ ਕਿ ਸੱਚ ਬੋਲਾਂਗੇ, ਭਾਵੇਂ ਫਾਂਸੀ ਲਟਕਣਾ ਪਵੇ ਅਤੇ ਸੱਚ ਇੱਕ ਵਾਰ ਨਹੀਂ, ਵਾਰ-ਵਾਰ ਬੋਲਾਂਗੇ।




# Engaging your children in arts and crafts -a tale of creativity





By: Surjit Singh Flora

The next time you see your child coloring, drawing pictures or making things with paper, don't ask: "What are you doing?"

This child may just let his creativity flow without any special ideas to consider. They are not afraid of anything and are not aware of the end result.

As a parent, you should remember that coloring outside of lines is a beautiful art. Engaging in arts and crafts is essential to children's lives.

Enhance motor skills: When children are engaged in handicrafts, they will use their fingers to color, draw, cut and paint.

Their grip on things is greatly improved, and the use of small muscles in their hands increases, leading to motor skills and coordination.

Improve self-esteem: Children will feel proud and satisfied after they finish drawing or coloring the picture book. It has increased their confidence and confidence in themselves and their abilities.

Not only that, but arts and crafts can also enable children to improve their vocabulary by learning the names of the materials used and the shapes they create.

They started to use the words they knew in the sentence, which also improved their pronunciation skills.

In addition, arts and crafts can also enable children to develop and enhance their creativity. They have the opportunity to explore, innovate and create new things. The more artworks they produce, the greater their creativity.

When children see something, like a picture, shape, or thing, they will try to create a copy of it. For this, they will have to remember the appearance to be drawn. It improves the design and memory in their minds.

Here's one of the creative activities coloured by Gurleen Flora, a grade 6 student in Brampton Canada ; she did a great job to shape the shoe and show her artistic talent. And she got 4/4 marks and a smiling face.

# ਜਾਗਦਿਆਂ ਦਾ ਮੇਲਾ ਜਾਗੋ

-ਜਸਪ੍ਰੀਤ ਕੌਰ ਸੰਘਾ-

ਪੰਜਾਬੀ ਲੋਕ ਗੀਤ, ਪੰਜਾਬੀ ਪਹਿਰਾਵਾ, ਪੰਜਾਬੀਆਂ ਦਾ ਰਹਿਣ-ਸਹਿਣ ਤੇ ਪੰਜਾਬੀਆਂ ਦੇ ਰੀਤੀ-ਰਿਵਾਜ, ਇਹ ਸਭ ਪੰਜਾਬੀ ਸਭਿਆਚਾਰ ਦਾ ਅਟੁੱਟ ਅੰਗ ਹਨ ਤੇ ਪੰਜਾਬੀ ਸਭਿਆਚਾਰ ਨੂੰ ਅਮੀਰ ਅਤੇ ਵਡਮੁੱਲਾ ਬਣਾਉਂਦੇ ਹਨ। ਖੁਸ਼ੀ ਹੋਵੇ ਜਾਂ ਗਮੀਂ, ਹਰ ਮੌਕੇ ਲਈ ਪੰਜਾਬੀਆਂ ਦੇ ਵੱਖਰੇ ਰੀਤੀ-ਰਿਵਾਜ ਹਨ ਅਤੇ ਹਰ ਰੀਤ ਦਾ ਆਪਣਾ ਖਾਸ ਮਹੱਤਵ ਹੈ। ਇਹ ਰੀਤੀ ਰਿਵਾਜ ਦੁੱਖ ਦੇ ਮੌਕੇ ਸਾਡਾ ਦੁੱਖ ਵੰਡਾਉਂਦੇ ਹਨ ਅਤੇ ਖੁਸ਼ੀਆਂ ਦੇ ਮੌਕੇ ਸਾਡੀ ਖੁਸ਼ੀ ਦੁੱਗਣੀ ਕਰ ਦਿੰਦੇ ਹਨ। ਜੇ ਕਿਤੇ ਮੌਕਾ ਵਿਆਹ ਦਾ ਹੋਵੇ ਤਾਂ ਇਹੀ ਰਸਮ-ਰਿਵਾਜ ਵਿਆਹ ਦੀਆਂ ਰੌਣਕਾਂ ਨੂੰ ਚਾਰ ਚੰਨ ਲਾ ਦਿੰਦੇ ਹਨ।

ਪੁਰਾਣੇ ਸਮਿਆਂ ਵਿੱਚ ਵਿਆਹ ਕਈ-ਕਈ ਦਿਨ ਚੱਲਦੇ ਸਨ, ਪਰ ਸਮਾਂ ਬਦਲ ਗਿਆ ਹੈ। ਅੱਜਕੱਲ੍ਹ ਵਿਆਹ ਇੱਕ ਦੋ ਦਿਨ ਵਿੱਚ ਨਿਪਟ ਜਾਂਦੇ ਹਨ। ਪੰਜਾਬੀਆਂ ਨੇ ਆਪਣੀਆਂ ਸਹੂਲਤਾਂ ਅਨੁਸਾਰ ਵਿਆਹ ਮੌਕੇ ਕੀਤੀਆਂ ਜਾਂਦੀਆਂ ਰਸਮਾਂ ਘੱਟ ਕਰ ਦਿੱਤੀਆਂ ਹਨ, ਪਰ ਵਿਆਹ ਦੀ ਇੱਕ ਰਸਮ ਅਜਿਹੀ ਹੈ, ਜੋ ਅੱਜ ਵੀ ਚਾਅ ਨਾਲ ਪੂਰੀ ਕੀਤੀ ਜਾਂਦੀ ਹੈ। ਉਸ ਤੋਂ ਬਿਨਾਂ ਵਿਆਹ ਅਧੂਰਾ ਮੰਨਿਆ ਜਾਂਦਾ ਹੈ ਤੇ ਇਹ ਰਸਮ ਹੈ 'ਜਾਗੋ' ਦੀ ਰਸਮ। ਹੌਲੀ-ਹੌਲੀ ਸਮੇਂ ਅਨੁਸਾਰ ਭਾਵੇਂ ਇਸ ਦਾ ਰੂਪ ਬਦਲਿਆ ਹੈ, ਪਰ ਜਾਗੋ ਅੱਜ ਵੀ ਪੰਜਾਬੀਆਂ ਦੇ ਦਿਲਾਂ ਵਿੱਚ ਧੜਕਦੀ ਹੈ।

ਪੁਰਾਣੇ ਸਮਿਆਂ ਵਿੱਚ ਸਿਰਫ ਮੁੰਡੇ ਦੇ ਵਿਆਹ ਮੌਕੇ ਜਾਗੋ ਕੱਢੀ ਜਾਂਦੀ ਸੀ, ਪਰ ਅੱਜਕੱਲ੍ਹ ਮੁੰਡੇ ਅਤੇ ਕੁੜੀ ਦੋਵਾਂ ਦੇ ਵਿਆਹ ਮੌਕੇ ਜਾਗੋ ਕੱਢ ਕੇ ਖੁਸ਼ੀ ਦਾ ਪ੍ਰਗਟਾਵਾ ਕੀਤਾ ਜਾਂਦਾ ਹੈ। ਪੁਰਾਣੇ ਸਮਿਆਂ ਵਿੱਚ ਇਹ ਨਾਲ ਇਹ ਸੋਚ ਜੁੜੀ ਸੀ ਕਿ ਜਾਗੋ ਕੱਢ ਕੇ ਇੱਕ ਤਾਂ ਮਨੋਰੰਜਨ ਹੋਵੇਗਾ, ਦੂਜਾ ਸਾਰਿਆਂ ਨੂੰ ਜਾਗਦਾ ਰੱਖਿਆ ਜਾਵੇ ਤਾਂ ਜੋ ਵਿਆਹ ਵਾਲੇ ਘਰ ਵਿੱਚ ਪੈਸੇ, ਗਹਿਣੇ ਜਾਂ ਹੋਰ ਕੀਮਤੀ ਸਾਮਾਨ ਦੀ ਰਾਖੀ ਕੀਤੀ ਜਾ ਸਕੇ। ਇਸ ਨਾਲ ਦੁੱਗਣਾ ਫਾਇਦਾ ਹੁੰਦਾ ਸੀ।

ਜਾਗੋ ਨਾਨਕਿਆਂ ਵੱਲੋਂ ਬੜੇ ਚਾਅ ਨਾਲ ਸਾਰੇ ਪਿੰਡ ਵਿੱਚ ਘੁਮਾਈ ਜਾਂਦੀ ਰਹੀ ਹੈ। ਇੱਕ ਪਿੱਤਲ ਦੀ ਵਲਟੋਹੀ (ਗਾਗਰ) ਦੇ ਮੂੰਹ ਉੱਤੇ ਕੁਝ ਆਟੇ ਦੇ ਦੀਵੇ ਰੱਖੇ ਜਾਂਦੇ ਸਨ। ਇਸ ਖੂਬਸੂਰਤ ਜਗਦੇ ਦੀਵਿਆਂ ਵਾਲੀ ਵੱਡੀ ਵਲਟੋਹੀ ਨੂੰ ਹੀ ਜਾਗੋ ਕਿਹਾ ਜਾਂਦਾ ਹੈ, ਜੋ ਵੱਡੀ ਮਾਮੀ ਆਪਣੇ ਸਿਰ ਉਪਰ ਚੁੱਕਦੀ ਸੀ ਅਤੇ ਬਾਕੀ ਮੇਲਣਾ ਕੋਲ ਛੱਜ, ਪਰਾਤਾਂ ਆਦਿ ਹੁੰਦੀਆਂ ਸਨ, ਜਿਨ੍ਹਾਂ ਨੂੰ ਜਦੋਂ ਉਹ ਖੜਕਾਉਂਦੀਆਂ ਤਾਂ ਇੱਕ ਵੱਖਰਾ ਸੰਗੀਤ ਸਿਰਜਿਆ ਜਾਂਦਾ। ਜਾਗੋ ਭਾਵੇਂ ਨਾਨਕਿਆਂ ਦੀ ਹੁੰਦੀ, ਪਰ ਦਾਦਕੇ ਵੀ ਇਸ ਵਿੱਚ ਪੂਰਾ ਸਹਿਯੋਗ ਕਰਦੇ। ਇਸ ਤਰ੍ਹਾਂ ਛੱਜ ਭੰਨਦੀਆਂ ਤੇ ਪਰਾਤਾਂ ਖੜਕਾਉਂਦੀਆਂ ਮੇਲਣਾ ਪਿੰਡ ਵੱਲ ਹੋ ਤੁਰਦੀਆਂ ਤੇ ਗਾਉਂਦੀਆਂ :

ਏਸ ਪਿੰਡ ਦਿਓ ਪੰਚੋ ਵੇ

ਸਰਪੰਚੋ ਲੰਬੜਦਾਰੋ

ਬਈ ਮੇਲ ਆਇਆ ਚੰਦ ਸਿਉਂ ਦੇ

ਜ਼ਰਾ ਹਟ ਕੇ ਪਰਾਂ ਨੂੰ ਲੰਘ ਜਾਇਓ

ਬਈ ਵੱਡੀ ਮਾਮੀ ਜੈਲਦਾਰਨੀ

ਕਿਤੇ ਮਾਮੀ ਦੇ ਨਾ ਹੱਥ ਲੱਗ ਜਇਓ



ਬਈ ਵੱਡੀ ਮਾਮੀ ਜੈਲਦਾਰਨੀ।

ਫਿਰ ਪਿੰਡ ਵਿੱਚ ਸ਼ਰੀਕੇ-ਭਾਈਚਾਰੇ ਵਾਲੇ ਘਰਾਂ ਵਿੱਚ ਜਾਗੋ ਲਿਜਾਈ ਜਾਂਦੀ। ਘਰ ਵਿੱਚ ਤੇਲ ਚੋਅ ਕੇ ਉਸ ਦਾ ਸੁਆਗਤ ਕੀਤਾ ਜਾਂਦਾ ਅਤੇ ਮੇਲਣਾ ਗਾਉਂਦੀਆਂ :

ਨਿੰਮ ਵੱਢ ਢੋਲਕੀ ਬਣਾ ਦਾਰੀਏ

ਸਾਡੇ ਆਉਂਦਿਆਂ ਦੇ

ਆਉਂਦਿਆਂ ਦੇ ਸ਼ਗਨ ਮਨਾ

ਦਾਰੀਏ।

ਇਸ ਤੋਂ ਬਾਅਦ ਜਿਸ ਘਰ ਜਾਗੋ ਲੈ ਕੇ ਗਏ ਹੁੰਦੇ ਉਹ ਘਰ ਵਾਲੇ ਜਾਗੋ ਦੇ ਦੀਵਿਆਂ ਵਿੱਚ ਤੇਲ ਪਾਉਂਦੇ ਅਤੇ ਇਸ ਦੇ ਨਾਲ ਹੀ ਸ਼ਗਨ ਵਜੋਂ ਕੁਝ ਰੁਪਏ ਵੀ ਦਿੰਦੇ ਸਨ। ਸਾਡੇ ਲੋਕ ਗੀਤਾਂ ਵਿੱਚ ਵੀ ਇਸ ਦਾ ਜ਼ਿਕਰ ਮਿਲਦਾ ਹੈ :

ਕੋਈ ਪਾਊਗਾ ਨਸੀਬਾਂ ਵਾਲਾ

ਬਈ ਜਾਗੋ ਵਿੱਚੋਂ ਤੇਲ ਮੁੱਕਿਆ।

ਜਾਗੋ ਇਸੇ ਤਰ੍ਹਾਂ ਇੱਕ ਘਰ ਤੋਂ ਦੂਜੇ ਘਰ ਘੁਮਾਈ ਜਾਂਦੀ। ਮੇਲਣਾਂ ਉੱਚੀ-ਉੱਚੀ ਹੇਕਾਂ ਲਾ ਕੇ ਗੀਤ ਗਾਉਂਦੀਆਂ ਤੇ ਗਿੱਧਾ ਪਾਉਂਦੀਆਂ ਤੇ ਸਾਰਿਆਂ ਨੂੰ ਜਾਗਦੇ ਰਹਿਣ ਦਾ ਹੋਕਾ ਦਿੰਦੀਆਂ। ਜਾਗੋ ਕੱਢਦੇ ਸਮੇਂ ਪਰਨਾਲੇ ਭੰਨਣੇ, ਮੰਜੇ ਪੁੱਠੇ ਕਰਨੇ, ਪਸ਼ੂ ਖੋਲ੍ਹਣੇ ਆਮ ਗੱਲ ਹੁੰਦੀ ਸੀ ਤੇ ਉਦੋਂ ਪਿੰਡ ਵਿੱਚ ਕੋਈ ਵੀ ਅਜਿਹੀ ਗੱਲ ਦਾ ਗੁੱਸਾ ਨਹੀਂ ਸੀ ਕਰਦਾ। ਇਸੇ ਤਰ੍ਹਾਂ ਨਾਨਕਾ ਮੇਲ ਦਾਦਕਿਆਂ ਨੂੰ ਮਖੌਲ ਕਰਦਾ ਉਚੀ-ਉਚੀ ਗਾਉਂਦਾ :

ਆਉਂਦੀ ਕੁੜੀਏ ਜਾਂਦੀ ਕੁੜੀਏ

ਭਰ ਲਿਆ ਟੋਕਰਾ ਨੜਿਆਂ ਦਾ

ਕਿੱਥੇ ਲਾਹੇਂਗੀ, ਕਿੱਥੇ ਲਾਹੇਂਗੀ ਨੀਂ

ਸਾਰਾ ਪਿੰਡ ਛੜਿਆਂ ਦਾ...

ਆਪਸੀ ਪਿਆਰ, ਇਤਫਾਕ ਤੇ ਸਾਂਝ ਦੀ ਪ੍ਰਤੀਕ ਜਾਗੋ ਸਾਰੇ ਪਿੰਡ ਵਿੱਚ ਘੁਮਾ ਕੇ ਅਤੇ ਧਮਾਲਾਂ ਪਾ ਕੇ ਮੇਲਣਾਂ ਵਿਆਹ ਦੀ ਖੁਸ਼ੀ ਨੂੰ ਦੁੱਗਣਾ ਕਰ ਦਿੰਦੀਆਂ ਅਤੇ ਅਖੀਰ ਉਹ ਵਿਆਹ ਵਾਲੇ ਘਰ ਮੁੜ ਆਉਂਦੀਆਂ ਅਤੇ ਗਾਉਂਦੀਆਂ :

ਨਾਨਕਿਆਂ ਤੇ ਦਾਦਕਿਆਂ ਨੇ

ਚਾਵਾਂ, ਸੱਧਰਾਂ, ਖੁਸ਼ੀਆਂ ਦੇ ਨਾਲ

ਸਾਰੇ ਪਿੰਡ ਘੁਮਾਈ ਆ ਬਈ

ਹੁਣ ਜਾਗੋ ਆਈ ਆ।

ਅਫਸੋਸ ਅੱਜ ਇਹ ਚਾਵਾਂ ਸੱਧਰਾਂ ਨਾਲ ਨਾਨਕਿਆਂ 'ਤੇ ਦਾਦਕਿਆਂ ਵੱਲੋਂ ਕੱਢੀ ਜਾਂਦੀ ਜਾਗੋ ਅਲੋਪ ਹੋ ਰਹੀ ਹੈ। ਉਸ ਦੀ ਜਾਗੋ ਡੀਜੇ ਉੱਤੇ ਵੱਜਦੇ ਗੀਤਾਂ ਨੇ ਲੈ ਲਈ ਹੈ। ਅੱਜਕੱਲ੍ਹ ਜਾਗੋ ਕਿਰਾਏ 'ਤੇ ਲਿਆਂਦੀ ਜਾਂਦੀ ਹੈ ਜਿਸ ਵਿੱਚ ਦੀਵਿਆਂ ਦੀ ਜਗ੍ਹਾ ਬਿਜਲਈ ਬੱਤੀਆਂ ਲੱਗੀਆਂ ਹੁੰਦੀਆਂ ਹਨ। ਬੋਲੀਆਂ ਪਾਉਣ ਲਈ ਇੱਕ ਢੋਲੀ ਕਿਰਾਏ 'ਤੇ ਲਿਆਂਦਾ ਜਾਂਦਾ ਹੈ। ਪਹਿਲਾਂ ਵਰਗਾ ਮਾਹੌਲ ਨਹੀਂ ਰਿਹਾ ਅਤੇ ਨਾ ਉਹ ਚਾਅ ਰਹਿ ਗਏ ਹਨ। ਇਹ ਸਭ ਸਾਡੇ ਰਹਿਣ-ਸਹਿਣ 'ਚ ਆਈਆਂ ਤਬਦੀਲੀਆਂ ਦਾ ਹੀ ਅਸਰ ਹੈ।

# ਘੁੰਡ ਵੀ ਗਏ ਤੇ ਘੁੰਡ ਵਾਲੀਆਂ ਵੀ ਗਈਆਂ

-ਗੁਰਮੀਤ ਸਿੰਘ ਵੇਰਕਾ

ਘੁੰਡ ਕੱਢਣਾ ਸਾਡੇ ਪੁਰਾਣੇ ਪੰਜਾਬੀ ਸਭਿਆਚਾਰ ਦਾ ਅਨਿੱਖੜਵਾਂ ਅੰਗ ਹੈ। ਇਹ ਭਾਰਤੀ ਔਰਤ ਦਾ ਗਹਿਣਾ ਹੈ, ਜੋ ਉਸ ਨੂੰ ਸੰਗ, ਸ਼ਰਮ ਹਯਾ ਤੇ ਝਿਜਕ ਦਾ ਅਹਿਸਾਸ ਕਰਾਉਂਦਾ ਹੈ। ਵੈਸੇ ਘੁੰਡ ਕੱਢਣ ਨੂੰ ਪੱਲਾ ਕਰਨਾ ਵੀ ਆਖਿਆ ਜਾਂਦਾ ਹੈ। ਇਹ ਸਮਾਜ ਵਿੱਚ ਰਹਿੰਦੇ ਹਰ ਪ੍ਰਾਣੀ ਲਈ ਛੋਟੇ-ਵੱਡੇ ਰਿਸ਼ਤਿਆਂ ਦੀ ਅਹਿਮੀਅਤ ਬਣਾਈ ਰੱਖਦਾ ਹੈ। ਸਾਡੇ ਪੰਜਾਬੀ ਪਰਵਾਰਾਂ ਦੀਆਂ ਔਰਤਾਂ ਸਹੁਰੇ ਤੇ ਜੇਠ ਤੋਂ ਇਲਾਵਾ ਪਿੰਡ ਦੇ ਵੱਡੇ ਬਜ਼ੁਰਗਾਂ ਤੋਂ ਘੁੰਡ ਕੱਢਦੀਆਂ ਸਨ। ਘੁੰਡ ਤੋਂ ਪਿੰਡ ਦੀ ਧੀ ਤੇ ਨੂੰਹ ਦੀ ਪਛਾਣ ਹੁੰਦੀ ਸੀ। ਇੱਥੋਂ ਤੱਕ ਕਿ ਪਹਿਲੇ ਸਮਿਆਂ ਵਿੱਚ ਸਹੁਰੇ ਜਾਂ ਜੇਠ ਨਾਲ ਨੂੰਹਾਂ ਇਕੱਠੀਆਂ ਮੰਜੇ 'ਤੇ ਨਹੀਂ ਬੈਠਦੀਆਂ ਸਨ, ਜੇ ਕਦੀ ਨੂੰਹਾਂ ਨੂੰ ਅਚਾਨਕ ਉਨ੍ਹਾਂ ਦੀ ਘਰ ਵਿੱਚ ਆਮਦ ਹੋਣ ਦਾ ਪਤਾ ਨਹੀਂ ਲੱਗਦਾ ਸੀ ਤਾਂ ਉਹ ਖੰਘੂਰਾ ਮਾਰ ਕੇ ਇਸ ਦਾ ਅਹਿਸਾਸ ਕਰਵਾ ਦਿੰਦੇ ਸਨ। ਇਸ ਨਾਲ ਸ਼ਰਮ ਹਯਾ ਦਾ ਪਰਦਾ ਬਣਿਆ ਰਹਿੰਦਾ ਸੀ। ਉਦੋਂ ਸਾਂਝੇ ਘਰ ਵਿੱਚ ਕਰੀਬ ਤਿੰਨ-ਚਾਰ ਮਰਦ ਹੁੰਦੇ ਸਨ ਜਿਨ੍ਹਾਂ ਤੋਂ ਨੂੰਹਾਂ ਨੂੰ ਘੁੰਡ ਕੱਢਣਾ ਪੈਂਦਾ ਸੀ ਤੇ ਉਨ੍ਹਾਂ ਨੂੰ ਭਾਵੇਂ ਇਸ ਨਾਲ ਕੰਮ ਕਰਨ ਵਿੱਚ ਦਿੱਕਤ ਆਉਂਦੀ, ਫਿਰ ਵੀ ਮਰਿਆਦਾ ਨੂੰ ਮੁੱਖ ਰੱਖ ਕੇ ਉਸ ਦੀ ਪਾਲਣਾ ਕਰਦੀਆਂ ਸਨ। ਨਵੀਂ ਵਿਆਹੀ ਦੇ ਘੁੰਡ ਚੁਕਾਈ ਤੇ ਸ਼ਗਨ ਦੇਣਾ ਪੈਂਦਾ ਸੀ। ਇਹ ਵੀ ਪੰਜਾਬ ਦੇ ਰੀਤੀ ਰਿਵਾਜ ਦਾ ਹਿੱਸਾ ਸੀ।



ਪਹਿਲੇ ਸਮਿਆਂ ਵਿੱਚ ਕੁਝ ਬਜ਼ੁਰਗਾਂ ਦਾ ਪਿੰਡ ਵਿੱਚ ਇੰਨਾ ਖੌਫ ਹੁੰਦਾ ਸੀ ਕਿ ਨੂੰਹ-ਧੀ ਉਨ੍ਹਾਂ ਦੇ ਅੱਗੇ ਸਿਰ ਢੱਕਦੀਆਂ ਹੀ ਸਨ, ਬਲਕਿ ਪਿੰਡ ਦੇ ਜਵਾਨ ਮੁੰਡੇ-ਕੁੜੀਆਂ ਵੀ ਉਨ੍ਹਾਂ ਅੱਗੇ ਨੰਗੇ ਸਿਰ ਨਹੀਂ ਸੀ ਜਾਂਦੇ। ਉਦੋਂ ਲੋਕਾਂ ਵਿੱਚ ਸ਼ਰਮ ਹਯਾ ਤੇ ਬਜ਼ੁਰਗਾਂ ਦਾ ਦਬਦਬਾ ਸੀ ਤੇ ਸਾਰਾ ਪਿੰਡ ਉਨ੍ਹਾਂ ਦਾ ਸਤਿਕਾਰ ਕਰਦਾ ਸੀ।

ਸਾਡੀ ਬੇਬੇ ਭਾਵੇਂ ਸ਼ਹਿਰ ਜੰਮੀ ਪਲੀ ਸੀ, ਉਸ ਨੇ ਵੀ ਪਿੰਡ ਰਹਿੰਦਿਆਂ ਪੇਂਡੂ ਸਭਿਆਚਾਰ ਨੂੰ ਮੁੱਖ ਰੱਖਦਿਆਂ ਹੀ ਸਾਡੀ ਚੰਗੀ ਪਰਵਰਿਸ਼ ਕੀਤੀ ਤੇ ਇਹੀ ਸੰਦੇਸ਼ ਦਿੱਤਾ ਕਿ ਭਾਵੇਂ ਤੁਹਾਡੀ ਕੋਈ ਸਕੀ ਭੈਣ ਨਹੀਂ ਹੈ, ਪਰ ਪਿੰਡ ਦੀ ਹਰ ਧੀ-ਭੈਣ ਨੂੰ ਆਪਣੀ ਧੀ-ਭੈਣ ਸਮਝਣਾ ਅਤੇ ਮੇਰੀ ਕੀਤੀ ਹੋਈ ਪਰਵਰਿਸ਼ ਦੀ ਲਾਜ ਰੱਖਣਾ। ਅਸੀਂ ਮਾਂ ਦੀ ਸਿੱਖਿਆ ਨੂੰ ਖਿੜ੍ਹੇ ਮੱਥੇ ਪਰਵਾਨ ਕੀਤਾ। ਉਸ ਜ਼ਮਾਨੇ ਵਿੱਚ ਘੁੰਡ ਨਾਲ ਜੁੜੇ ਕਈ ਪੰਜਾਬੀ ਲੋਕ ਗੀਤ, ਟੱਪੇ ਵੀ ਗਾਏ ਜਾਂਦੇ ਸਨ, ਜੋ ਸਾਡੀ ਰੋਜ਼ਮੱਰਾ ਦੀ ਜ਼ਿੰਦਗੀ ਵਿੱਚ ਸਾਡੇ ਸੱਭਿਆਚਾਰ ਨਾਲ ਜੁੜੇ ਹੁੰਦੇ ਸਨ। ਜਿਵੇਂ ਕਿ :

ਹੀਰ ਦੇ ਹੀਰ ਦੇ ਹੀਰ ਦੇ ਨੀਂ,

ਅੱਖਾਂ ਜਾ ਲੜੀਆਂ ਘੁੰਡ ਚੀਰ ਕੇ ਨੀ।

ਇਸੇ ਤਰ੍ਹਾਂ ਜਦੋਂ ਕਿਤੇ ਕੋਈ ਗੱਭਰੂ ਨਵੀਂ ਵਿਆਹੀ ਮੁਟਿਆਰ ਨੂੰ ਸਹੁਰੇ ਪਿੰਡ ਕੱਚੇ ਪਹੇ ਤੋਂ ਤੋਰ ਕੇ ਲਿਆਉਂਦਾ ਸੀ ਤਾਂ ਪਿੰਡ ਦੀ ਹੱਦ ਵੜਦਿਆਂ ਹੀ ਮੁਟਿਆਰ ਨੂੰ ਘੁੰਡ ਕੱਢਣ ਲਈ ਕੁਝ ਇਸ ਤਰ੍ਹਾਂ ਆਖਦਾ ਸੀ :

ਘੁੰਡ ਕੱਢ ਕੇ ਪਤਲੀਏ ਨਾਰੇ,

ਨੀਂ ਸਹੁਰਿਆਂ ਦਾ ਪਿੰਡ ਆ ਗਿਆ।

ਉਹ ਵੀ ਵਕਤ ਸੀ ਜਦੋਂ ਸੁੱਘੜ ਮੁਟਿਆਰ ਸਹੇਲੀਆਂ ਨਾਲ ਬੈਠ ਕੇ ਆਪਣੇ ਸਹੁਰੇ ਘਰ ਬਾਰੇ ਟਿੱਚਰਾਂ ਕਰਦੀ ਸੀ ਤੇ ਆਖਦੀ :

ਨੀਂ ਸਹੁਰੀਂ ਜਾ ਕੇ ਦੋ ਦੋ ਪਿੱਟਣੇ,

ਘੁੰਡ ਕੱਢਣਾ ਮੜਕ ਨਾਲ ਤੁਰਨਾ।

ਸ਼ੌਕੀਨ ਮੁਟਿਆਰਾਂ ਘੁੰਡ ਕੱਢਣ ਲਈ ਆਪਣੀ ਸ਼ੌਕੀਨੀ ਦਾ ਵਿਖਾਵਾ ਇਸ ਤਰ੍ਹਾਂ ਕਰਦੀਆਂ ਸਨ :

ਬਾਰੀਂ ਬਰਸੀ ਖੱਟਣ ਗਿਆ ਸੀ

ਖੱਟ ਕੇ ਲਿਆਂਦਾ ਪਤਾਸਾ,

ਨੀਂ ਸਹੁਰੇ ਕੋਲੋਂ ਘੁੰਡ ਕੱਢਦੀ,

ਨੰਗਾ ਰੱਖਦੀ ਕਲਿੱਪ ਵਾਲਾ ਪਾਸਾ।

ਕਈ ਵਾਰ ਨਵੀਂ ਵਿਆਹੀ ਘੁੰਡ ਕੱਢਣ ਤੋਂ ਤੰਗ ਆ ਕੇ ਇਹ ਵੀ ਆਖ ਦਿੰਦੀ ਸੀ ਕਿ :

ਕੋਰੇ ਕੋਰੇ ਕੂੰਡੇ ਵਿੱਚ ਮਿਰਚਾਂ ਮੈਂ ਰਗੜਾਂ,

ਜੇਠ ਦੀਆਂ ਅੱਖਾਂ ਵਿੱਚ ਪਾ ਦੇਣੀ ਆ,


ਘੁੰਡ ਕੱਢਣੇ ਦੀ ਅਲਖ ਮਿਟਾ ਦੇਣੀ ਆ।

ਦਿਨੋਂ-ਦਿਨ ਪੱਛਮੀ ਸਭਿਆਚਾਰ ਸਾਡੇ 'ਤੇ ਭਾਰੀ ਹੁੰਦਾ ਜਾ ਰਿਹਾ ਹੈ। ਇਹ ਸਭ ਵੇਖ ਕੇ ਕਿਸੇ ਫਨਕਾਰ ਦੇ ਕਿਹੇ ਬੋਲ ਸੱਚ ਜਾਪਦੇ ਹਨ ਕਿ 'ਘੁੰਡ ਵੀ ਗਏ ਤੇ ਘੁੰਡ ਵਾਲੀਆਂ ਵੀ ਗਈਆਂ।' ਇਸ ਦੇ ਬਾਵਜੂਦ ਅੱਜ ਵੀ ਹਰਿਆਣਾ ਤੇ ਰਾਜਸਥਾਨ ਸੂਬਿਆਂ 'ਚ ਕੁਝ ਔਰਤਾਂ ਘੁੰਡ ਕੱਢਦੀਆਂ ਹਨ।


# ਜ਼ਰੂਰ ਜਾਣੋ; ਗਿਆਨ ਗੰਗਾ

।। ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ।।

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

**IPTV ਦੁਆਰਾ ਸਤਸੰਗ ਦੇਖੋ**

ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਧਾ ਤੇ ਸਵੇਰੇ 3:30 - 4:30 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸਵੇਰੇ 7:00 - 8:00 ਵਜੇ ਤੱਕ

ਸਾਧਣਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸ਼ਾਮ 7:00 - 8:00 ਵਜੇ ਤੱਕ

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:

satlokashramcanada@gmail.com
satsahibusa@gmail.com

647-739-4641
346-714-0224


## ਵਿਅੰਗ

# ਭ੍ਰਿਸ਼ਟਾਚਾਰ ਨਹੀਂ ਹੈ, ਤਾਂ ਹੀ ਤਾਂ...

-ਗੁਰਮੀਤ ਬੇਦੀ-

ਮੈਂ ਬਾਕੀ ਸਾਰੀਆਂ ਚੀਜ਼ਾਂ ਬਰਦਾਸ਼ਤ ਕਰ ਸਕਦਾ ਹਾਂ, ਪਰ ਇਹ ਹਰਗਿਜ਼ ਬਰਦਾਸ਼ਤ ਨਹੀਂ ਕਰ ਸਕਦਾ ਕਿ ਕੋਈ ਫਜ਼ੂਲ 'ਚ ਸਰਕਾਰ ਨੂੰ ਪਾਣੀ ਪੀ-ਪੀ ਕੇ ਕੋਸੇ ਅਤੇ ਇਹ ਦੋਸ਼ ਲਾਏ ਕਿ ਭ੍ਰਿਸ਼ਟਾਚਾਰ ਵਧ ਗਿਆ ਹੈ ਅਤੇ ਸਰਕਾਰ ਸੁੱਤੀ ਪਈ ਹੈ। ਅਜਿਹਾ ਭਲਾ ਕਦੇ ਹੋ ਸਕਦਾ ਹੈ ਕਿ ਭ੍ਰਿਸ਼ਟਾਚਾਰ ਵਧ ਗਿਆ ਹੋਵੇ ਅਤੇ ਸਰਕਾਰ ਸੁੱਤੀ ਰਹੇ।

ਸਰਕਾਰ ਕੋਲ ਇੰਨੀ ਫੁਰਸਤ ਹੀ ਕਿੱਥੇ ਹੈ ਕਿ ਉਹ ਘੜੀ-ਦੋ ਘੜੀ ਸੌਂ ਕੇ ਫਰੈਸ਼ ਹੋ ਲਵੇ ਤੇ ਦੇਸ਼ ਦੇ ਚੌਧਰੀਆਂ ਕੋਲ ਇੰਨਾ ਸਮਾਂ ਹੀ ਕਿੱਥੇ ਹੈ ਕਿ ਉਹ ਘੜੀ ਦੋ ਘੜੀ ਭ੍ਰਿਸ਼ਟਾਚਾਰ ਕਰ ਲੈਣ। ਉਨ੍ਹਾਂ ਨੂੰ ਉਂਝ ਵੀ ਦੂਰ ਦੂਰ ਤੱਕ ਕਿਤੇ ਭ੍ਰਿਸ਼ਟਾਚਾਰ ਦਿਖਾਈ ਨਹੀਂ ਦਿੰਦਾ। ਸਿਰਫ ਗਰੀਬਾਂ ਦੀ ਬਦਹਾਲੀ ਦਿਸਦੀ ਹੈ, ਪਰ ਉਹ ਉਨ੍ਹਾਂ ਲਈ ਆਖਰ ਕਰ ਵੀ ਕੀ ਸਕਦੇ ਹਨ। ਭ੍ਰਿਸ਼ਟਾਚਾਰ 'ਤੇ ਸਰਕਾਰ ਦਾ ਸਟੈਂਡ ਵੀ ਸਪੱਸ਼ਟ ਹੈ ਅਤੇ ਮੇਰਾ ਵੀ। ਸਾਡੇ ਦੋਵਾਂ ਦੇ ਸਟੈਂਡ ਨਾਲ ਇੱਕ ਨੇਤਾ ਜੀ ਪੂਰੀ ਤਰ੍ਹਾਂ ਸਹਿਮਤ ਹਨ। ਉਨ੍ਹਾਂ ਨੇ ਵੀ ਭ੍ਰਿਸ਼ਟਾਚਾਰ ਕਦੀ ਨਹੀਂ ਦੇਖਿਆ। ਮੈਂ ਇੱਕ ਵਾਰ ਉਨ੍ਹਾਂ ਨੂੰ ਟੋਹ ਕੇ ਪੁੱਛਿਆ ਤਾਂ ਬੋਲੇ, "ਤੁਸੀਂ ਭ੍ਰਿਸ਼ਟਾਚਾਰ ਦੇਖਣ ਦੀ ਗੱਲ ਪੁੱਛ ਰਹੇ ਹੋ, ਮੈਂ ਤਾਂ ਚੋਣਾਂ ਜਿੱਤਣ ਤੋਂ ਬਾਅਦ ਆਪਣੇ ਚੋਣ ਖੇਤਰ ਦੀ ਸ਼ਕਲ ਵੀ ਪਲਟ ਕੇ ਨਹੀਂ ਦੇਖੀ।"

ਇੱਕ ਹੋਰ ਨੇਤਾ ਜੀ ਤੋਂ ਪੁੱਛਿਆ ਤਾਂ ਫਟਾਫਟ ਬੋਲੇ, "ਮੈਂ ਦਾਅਵੇ ਨਾਲ ਇਹ ਕਹਿ ਸਕਦਾ ਹਾਂ ਕਿ ਭ੍ਰਿਸ਼ਟਾਚਾਰ ਅੰਗਰੇਜ਼ਾਂ ਦੇ ਦੌਰ 'ਚ ਕਦੇ ਹੁੰਦਾ ਹੋਵੇਗਾ, ਅੱਜਕੱਲ੍ਹ ਬਿਲਕੁਲ ਵੀ ਨਹੀਂ ਹੈ। ਜੇ ਭ੍ਰਿਸ਼ਟਾਚਾਰ ਵਾਕਈ ਹੋ ਰਿਹਾ ਹੁੰਦਾ ਤਾਂ ਆਪਣੇ ਵੱਖੋ-ਵੱਖ ਕੰਮ ਕਰਾਉਣ ਦੇ ਬਦਲੇ ਮੈਨੂੰ ਨੋਟਾਂ ਦੇ ਬੰਡਲ ਫੜਾਉਣ ਵਾਲੇ ਲੋਕ ਇੰਨਾ ਤਾਅਨਾ ਤਾਂ ਜ਼ਰੂਰ ਮਾਰਦੇ ਕਿ ਤੁਹਾਡੇ ਰਾਜ 'ਚ ਭ੍ਰਿਸ਼ਟਾਚਾਰ ਹੋ ਰਿਹਾ ਹੈ। ਉਂਝ ਵੀ ਭ੍ਰਿਸ਼ਟਾਚਾਰ ਸੁਣੀ-ਸੁਣਾਈ ਗੱਲ ਹੈ, ਇਸ 'ਤੇ ਤੁਹਾਨੂੰ ਯਕੀਨ ਨਹੀਂ ਕਰਨਾ ਚਾਹੀਦਾ। ਜੇ ਭ੍ਰਿਸ਼ਟਾਚਾਰ ਹੁੰਦਾ ਤਾਂ ਸਾਨੂੰ ਰਾਤੋ-ਰਾਤ ਅਮੀਰ ਬਣਨ ਦਾ ਮੌਕਾ ਕਿੱਥੋਂ ਮਲਦਾ, ਸਾਡੇ ਕੋਲ ਪੈਟਰੋਲ ਪੰਪ ਕਿੱਥੋਂ ਆਉਂਦਾ, ਅਸੀਂ ਵਿਦੇਸ਼ੀ ਕਾਰ ਵਿੱਚ ਕਿਵੇਂ ਘੁੰਮਦੇ। ਵਿਦੇਸ਼ੀ ਬੈਂਕਾਂ ਵਿੱਚ ਖਾਤੇ ਕਿਵੇਂ ਖੁੱਲ੍ਹਵਾਉਂਦੇ ਤੇ ਕਿੱਥੋਂ ਪੈਸੇ ਲੈ ਕੇ ਇਨ੍ਹਾਂ ਖਾਤਿਆਂ 'ਚ ਜਮ੍ਹਾ ਕਰਾਉਂਦੇ, ਵੱਡੇ ਹੋਟਲਾਂ 'ਚ ਜਾ ਕੇ ਮਹਿੰਗੀ ਸ਼ਰਾਬ ਕਿਵੇਂ ਪੀਂਦੇ, ਕਲੱਬਾਂ ਅਤੇ ਪਾਰਟੀਆਂ ਦਾ ਖਰਚ ਕਿੱਥੋਂ ਕਰਦੇ, ਭ੍ਰਿਸ਼ਟਾਚਾਰ ਨਹੀਂ ਹੈ ਤਾਂ ਹੀ ਅਸੀਂ ਬੇਫਿਕਰ ਹੋ ਕੇ ਦੇਸ਼ ਸੇਵਾ ਕਰ ਰਹੇ ਹਾਂ।"

ਨੇਤਾਜੀ ਦੀ ਗੱਲ ਸੁਣ ਕੇ ਮੇਰਾ ਇਹ ਭਰੋਸਾ ਹੋਰ ਪੱਕਾ ਹੋ ਗਿਆ ਕਿ ਭ੍ਰਿਸ਼ਟਾਚਾਰ ਇਸ ਦੇਸ਼ 'ਚ ਕਿਤੇ ਨਹੀਂ ਹੈ। ਫਿਰ ਵੀ ਤਸੱਲੀ ਕਰਨ ਲਈ ਮੈਂ ਇੱਕ ਵੱਡੇ ਅਫਸਰ ਤੋਂ ਪੁੱਛਿਆ, "ਸਰ ਤੁਸੀਂ ਭ੍ਰਿਸ਼ਟਾਚਾਰ ਬਾਰੇ ਦੱਸ ਸਕਦੇ ਹੋ?"

ਉਹ ਜਲਦੀ ਵਿੱਚ ਸਨ। ਬੋਲੇ, "ਇੱਕ ਜ਼ਰੂਰੀ ਡੀਲ ਕਰਨ ਜਾ ਰਿਹਾ ਹਾਂ। ਫਿਲਹਾਲ ਡਿਟੇਲ ਵਿੱਚ ਨਹੀਂ ਦੱਸ ਸਕਾਂਗਾ। ਤੁਸੀਂ ਸਿਰਫ ਇੰਨਾ ਨੋਟ ਕਰ ਲਓ ਕਿ ਭ੍ਰਿਸ਼ਟਾਚਾਰ ਦੇ ਮਾਮਲੇ ਵਿੱਚ ਸਾਡੀਆਂ ਨੀਤੀਆਂ ਬਹੁਤ ਸਖਤ ਹਨ।"

ਅਫਸਰ ਸ੍ਰੀਰਾਮ ਨੂੰ 'ਥੈਂਕਸ' ਕਹਿਣ ਤੋਂ ਬਾਅਦ ਜਿਵੇਂ ਹੀ ਮੈਂ ਪਿੱਛੇ ਮੁੜਿਆ, ਮੇਰਾ ਸਾਹਮਣਾ ਇੱਕ ਦਫਤਰ ਦੇ ਬਾਬੂ ਜੀ ਨਾਲ ਹੋ ਗਿਆ। ਮੈਂ ਸ਼ਰਧਾ ਨਾਲ ਨਿਮਰ ਹੋ ਕੇ ਆਪਣੇ ਦੋਵੇਂ ਹੱਥ ਜੋੜਦੇ ਹੋਏ ਉਸ ਕੋਲੋਂ ਪੁੱਛਿਆ, "ਹੇ ਸਰਕਾਰੀ ਫਾਈਲਾਂ ਦੇ ਤਾਰਣਹਾਰ, ਹੇ ਸਰਕਾਰੀ ਤੰਤਰ ਦੇ ਘਟਾਟੋਪ 'ਚ ਉਮੀਦਾਂ ਦੇ ਟਿਮਟਿਮਾਉਂਦੇ ਚਿਰਾਗ, ਕੀ ਤੁਹਾਨੂੰ ਭ੍ਰਿਸ਼ਟਾਚਾਰ ਦੇ ਬਾਰੇ ਕੋਈ ਜਾਣਕਾਰੀ ਹੈ?"

ਉਨ੍ਹਾਂ ਬਾਬੂ ਜੀ ਨੇ ਪਹਿਲੇ ਮੈਨੂੰ ਗੌਰ ਨਾਲ ਉਪਰ ਤੋਂ ਹੇਠਾਂ ਤੱਕ ਦੇਖਿਆ। ਫਿਰ ਦਾਰਸ਼ਨਿਕ ਅੰਦਾਜ਼ 'ਚ ਬੋਲੇ, "ਜਿਵੇਂ ਇਸ ਦੁਨੀਆ 'ਚ ਭੂਤ, ਪ੍ਰੇਤ, ਚੁੜੇਲਾਂ ਆਦਿ ਹੁੰਦੀਆਂ ਨਹੀਂ, ਪਰ ਤੰਤਰਿਕ ਇਨ੍ਹਾਂ ਦੀ ਹੋਂਦ ਖੜੀ ਕਰ ਕੇ ਭੋਲੀ-ਭਾਲੀ ਜਨਤਾ ਨੂੰ ਡਰਾਉਂਦੇ ਹਨ ਉਂਝ ਹੀ ਸਾਡੇ ਦੇਸ਼ ਵਿੱਚ ਕੁਝ ਸਿਰਫਿਰੇ ਲੋਕ ਭ੍ਰਿਸ਼ਟਾਚਾਰ ਦਾ ਹਊਆ ਖੜਾ ਕਰ ਕੇ ਪਬਲਿਕ ਨੂੰ ਡਰਾ ਰਹੇ ਹਨ, ਹਕੀਕਤ ਇਹ ਹੈ ਕਿ ਦੇਸ਼ 'ਚ ਭ੍ਰਿਸ਼ਟਾਚਾਰ ਨਾਂਅ ਦੀ ਕੋਈ ਦੁਸ਼ਟ ਆਤਮਾ ਹੈ ਹੀ ਨਹੀਂ। ਜੇ ਹੁੰਦੀ ਤਾਂ ਕੀ ਤੁਸੀਂ ਮਹਿੰਗੇ ਸਕੂਲਾਂ 'ਚ ਆਪਣੇ ਬੱਚਿਆਂ ਨੂੰ ਭਿਜਵਾ ਲੈਂਦੇ, ਉਨ੍ਹਾਂ ਦੇ ਹੱਥਾਂ 'ਚ ਮਹਿੰਗੇ ਮੋਬਾਈਲ ਫੋਨ ਦੇ ਲੈਂਦੇ। ਤੁਹਾਡੀਆਂ ਪਤਨੀਆਂ ਕਿਟੀ ਪਾਰਟੀਆਂ 'ਚ ਜਾ ਸਕਦੀਆਂ, ਭ੍ਰਿਸ਼ਟਾਚਾਰ ਨਹੀਂ ਹੈ ਤਦੇ ਸਭ ਠੀਕ ਚੱਲ ਰਿਹਾ ਹੈ।"

ਦਫਤਰ ਤੋਂ ਬਾਹਰ ਨਿਕਲਦੇ ਹੀ ਮੇਰੀ ਨਜ਼ਰ ਉਥੋਂ ਗੁਜਰ ਰਹੇ ਇੱਕ ਜਸਟਿਸ ਉੱਤੇ ਪਈ। ਮੈਂ ਡਰਦੇ-ਡਰਦੇ ਉਨ੍ਹਾਂ ਤੋਂ ਵੀ ਪੁੱਛ ਲਿਆ, "ਸਰ, ਕੁਝ ਭ੍ਰਿਸ਼ਟਾਚਾਰ ਬਾਰੇ ਚਾਨਣਾ ਪਾਓ?" ਉਹ ਪ੍ਰਸ਼ਨ ਸੁਣ ਕੇ ਗੰਭੀਰ ਹੋ ਗਏ। ਫਿਰ ਬੋਲੇ, "ਪਹਿਲਾਂ ਤੁਸੀਂ ਭ੍ਰਿਸ਼ਟਾਚਾਰ ਨੂੰ ਜ਼ਿੰਦਾ ਜਾਂ ਮੁਰਦਾ ਫੜ ਕੇ ਲਿਆਓ। ਅਸੀਂ ਸਬੂਤ ਬਿਨਾਂ ਟਿੱਪਣੀ ਨਹੀਂ ਕਰਦੇ।"

ਫਿਰ ਘਰ ਪਰਤਦੇ ਹੋਏ ਮੈਂ ਇੱਕ ਪੁਲਸ ਵਾਲੇ ਤੋਂ ਪੁੱਛਿਆ, "ਤੁਸੀਂ ਭ੍ਰਿਸ਼ਟਾਚਾਰ ਨੂੰ ਕਿਤੇ ਦੇਖਿਆ ਹੈ?" ਉਹ ਇਕਦਮ ਬੋਲਿਆ, "ਸਵੇਰੇ ਇੱਕ ਅਪਰਾਧੀ ਨੂੰ ਏਧਰੋਂ ਭੱਜਦੇ ਦੇਖਿਆ ਸੀ ਦੁਪਹਿਰੇ ਇੱਕ ਟੈਕਸੀ ਵਾਲਾ ਇੱਕ ਬਜ਼ੁਰਗ ਨੂੰ ਟੱਕਰ ਮਾਰ ਕੇ ਭੱਜ ਗਿਆ। ਦੋਵੇਂ ਕੇਸ ਰਫਾ-ਦਫਾ ਹੁੰਦੇ ਵੀ ਵੇਖੇ ਸੀ, ਪਰ ਭ੍ਰਿਸ਼ਟਾਚਾਰ ਬਿਲਕੁਲ ਨਹੀਂ ਦੇਖਿਆ।"

ਇਸ ਤੋਂ ਮੈਨੂੰ ਤਸੱਲੀ ਹੋ ਗਈ ਕਿ ਭ੍ਰਿਸ਼ਟਾਚਾਰ ਬਾਰੇ ਮੇਰਾ ਸਟੈਂਡ ਬਿਲਕੁਲ ਸਹੀ ਹੈ। ਭ੍ਰਿਸ਼ਟਾਚਾਰ ਸਿਰਫ ਮਨ ਦਾ ਵਹਿਮ ਹੈ। ਇਹ ਇਸ ਦੇਸ਼ ਵਿੱਚ ਨਾ ਸਿਆਸਤ 'ਚ ਪਾਇਆ ਜਾਂਦਾ ਹੈ, ਨਾ ਵਿਵਸਥਾ ਵਿੱਚ, ਨਾ ਸਰਕਾਰੀ ਦਫਤਰਾਂ ਵਿੱਚ ਅਤੇ ਕਿਤੇ ਹੋਰ। ਚਾਰੋਂ ਪਾਸੇ ਸਭ ਠੀਕ ਹੈ। ਮੈਂ 'ਜੈ ਹੋ' ਦਾ ਨਾਅਰਾ ਲਾਇਆ ਅਤੇ ਘਰ ਵੱਲ ਤੁਰ ਪਿਆ।



# ਖ਼ਬਰਾਂ ਪੰਜਾਬ ਦੀਆਂ

## ਸ਼੍ਰੋਮਣੀ ਕਮੇਟੀ ਤੇ ਸਿੱਖ ਸੰਗਠਨਾਂ ਵਿਚਾਲੇ ਹਿੰਸਕ ਝੜਪ ਦਾ ਮੁੱਦਾ ਹੋਰ ਗਰਮਾਇਆ

*** ਤਿੰਨ ਮੈਂਬਰਾਂ, ਇੱਕ ਸੈਕਟਰੀ ਅਤੇ ਹੋਰਨਾਂ ਖ਼ਿਲਾਫ਼ ਕਰਾਸ ਕੇਸ ਦਰਜ**

ਅੰਮ੍ਰਿਤਸਰ, 29 ਅਕਤੂਬਰ (ਪੋਸਟ ਬਿਊਰੋ)- ਸ਼੍ਰੋਮਣੀ ਕਮੇਟੀ ਦਫਤਰ ਮੂਹਰੇ ਝਗੜੇ ਤੋਂ ਬਾਅਦ ਤਿੰਨ ਦਿਨ ਖਾਮੋਸ਼ੀ ਤੇ ਸੋਚ ਵਿਚਾਰ ਪਿੱਛੋਂ ਅੰਮ੍ਰਿਤਸਰ ਪੁਲਸ ਨੇ ਲਾਪਤਾ ਹੋਏ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪਾਂ ਦੇ ਕੇਸ ਵਿੱਚ ਰੋਸ ਧਰਨਾ ਦੇ ਰਹੇ ਸਿੱਖ ਸੰਗਠਨਾਂ ਦੇ ਆਗੂਆਂ ਦੀ 24 ਅਕਤੂਬਰ ਦੀ ਦੁਪਹਿਰ ਨੂੰ ਦਰਬਾਰ ਸਾਹਿਬ ਕੰਪਲੈਕਸ ਵਿਖੇ ਕੁੱਟਮਾਰ ਕੀਤੇ ਜਾਣ ਬਾਰੇ ਸ਼੍ਰੋਮਣੀ ਕਮੇਟੀ ਤੇ ਧਰਮ ਪ੍ਰਚਾਰ ਕਮੇਟੀ ਦੇ ਤਿੰਨ ਮੈਂਬਰਾਂ, ਇੱਕ ਸੈਕਟਰੀ, ਤਿੰਨ ਐਡੀਸ਼ਨਲ ਸੈਕਟਰੀ ਅਤੇ ਹੋਰ ਅਧਿਕਾਰੀਆਂ ਸਣੇ ਕਰੀਬ 400 ਤੋਂ ਵੱਧ ਸ਼੍ਰੋਮਣੀ ਕਮੇਟੀ ਮੁਲਾਜ਼ਮਾਂ ਉੱਤੇ ਕਾਨੂੰਨ ਦੀਆਂ ਵੱਖ-ਵੱਖ ਧਾਰਾਵਾਂ ਦਾ ਕਰਾਸ ਕੇਸ ਦਰਜ ਕਰ ਲਿਆ ਹੈ। ਦੂਸਰੇ ਪਾਸੇ ਸ਼੍ਰੋਮਣੀ ਕਮੇਟੀ ਦੇ ਸੈਕਟਰੀਅਤੇ ਐਡੀਸ਼ਨਲ ਸੈਕਟਰੀ ਦੀਆਂ ਸ਼ਿਕਾਇਤਾਂ ’ਤੇ ਪੁਲਸ ਨੇ ਸਤਿਕਾਰ ਕਮੇਟੀਆਂ ਦੇ ਆਗੂਆਂ ਅਤੇ ਹੋਰਨਾਂ ਖਿਲਾਫ ਪਹਿਲਾਂ ਹੀ ਵੱਖ-ਵੱਖ ਧਾਰਾਵਾਂ ਤਹਿਤ ਪਰਚੇ ਦਰਜ ਕੀਤੇ ਜਾ ਚੁੱਕੇ ਹਨ ਅਤੇ ਇਸ ਦੀ ਜਾਂਚ ਜਾਰੀ ਹੈ।

ਇਸ ਤੋਂ ਪਹਿਲਾਂ ਪੁਲਸ ਇਸ ਕਰਾਸ ਕੇਸ ਬਾਰੇ ਮੀਡੀਆ ਨੂੰ ਰਸਮੀਂ ਜਾਣਕਾਰੀ ਦੇਣਤੋਂ ਟਾਲਾ ਵੱਟ ਰਹੀ ਸੀ। ਦਰਜ ਹੋਈ ਰਿਪੋਰਟ ਅਨੁਸਾਰ ਥਾਣਾ ਈ ਡਵੀਜ਼ਨ ਦੀ ਪੁਲਸ ਨੇ ਇਹ ਕੇਸ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਕਮੇਟੀ ਦੇ ਮੁੱਖ ਸੇਵਾਦਾਰ ਬਲਬੀਰ ਸਿੰਘ ਮੁੱਛਲ ਦੀ ਸ਼ਿਕਾਇਤ ’ਤੇ ਦਰਜ ਕੀਤਾ ਹੈ, ਜਿਸ ਨੇ ਪੁਲਸ ਨੂੰ ਦੱਸਿਆ



ਕਿ ਉਹ ਸੰਗਤ ਸਣੇ ਸ਼ਾਂਤਮਈ ਤਰੀਕੇ ਨਾਲ ਧਰਨਾ ਦੇ ਰਹੇ ਸਨ ਜਦੋਂ ਬੀਤੇ 24 ਅਕਤੂਬਰ ਨੂੰ ਸ਼੍ਰੋਮਣੀ ਕਮੇਟੀ ਮੈਂਬਰ ਸੁਰਜੀਤ ਸਿੰਘ ਭਿੱਟੇਵੱਡ, ਮੰਗਵਿੰਦਰ ਸਿੰਘ ਖਾਪੜਖੇੜੀ, ਅਜਾਇਬ ਸਿੰਘ ਅਭਿਆਸੀ, ਸੈਕਟਰੀ ਮਹਿੰਦਰ ਸਿੰਘ ਆਹਲੀ, ਐਡੀਸ਼ਨਲਸੈਕਟਰੀ ਸੁਖਦੇਵ ਸਿੰਘ ਭੂਰਾ ਕੋਹਨਾ, ਬਿਜੈਪਾਲ ਸਿੰਘ ਅਤੇ ਪ੍ਰਤਾਪ ਸਿੰਘ, ਮੀਤ ਸੈਕਟਰੀ ਸੁਲੱਖਣ ਸਿੰਘ ਭੰਗਾਲੀ ਤੇ ਹਰਪਾਲ ਸਿੰਘ ਆਦਿ ਸਣੇ ਕਰੀਬ 400 ਸ਼੍ਰੋਮਣੀ ਕਮੇਟੀ ਮੁਲਾਜ਼ਮਾਂ, ਜਿਨ੍ਹਾਂ ਦੇ ਹੱਥਾਂ ’ਚ ਬਰਛੇ, ਡਾਂਗਾਂ, ਕ੍ਰਿਪਾਨਾਂ ਆਦਿ ਸਨ, ਨੇ ਆ ਕੇ ਉਨ੍ਹਾਂ ਦੇ ਸਾਥੀ ਮਨਜੀਤ ਸਿੰਘ ਝਬਾਲ ਨੂੰ ਜਬਰਦਰਸਤੀ ਚੁੱਕ ਲਿਆ ਅਤੇ ਆਪਣੇ ਦਫ਼ਤਰ ਲੈ ਗਏ ਤੇ ਕੁਝ ਕਰਮਚਾਰੀਆਂ ਨੇ ਰੋਸ ਧਰਨੇ ਵਾਲੀ ਥਾਂ ’ਤੇ ਲੱਗੇ ਬੈਨਰ ਪਾੜਨੇ ਸ਼ੁਰੂ ਕਰ ਦਿੱਤੇ। ਸੁਖਦੇਵ ਸਿੰਘ ਭੂਰਾ ਕੋਹਨਾ ਹੋਰ ਮੁਲਾਜ਼ਮਾਂ ਨੂੰ ਨਾਲ ਲੈ ਕੇ ਉਸ ਨੂੰ ਧੂਹ ਕੇ ਆਪਣੇ ਦਫ਼ਤਰ ਲੈ ਗਏ ਤੇ ਡਾਂਗਾਂ ਨਾਲ ਕੁੱਟਮਾਰ ਕੀਤੀ। ਪੁਲਸ ਨੇ ਇਸ ਬਾਰੇ ਧਾਰਾ 323, 342, 148, 149 ਦਾ ਕੇਸ ਪਰਚਾ ਦਰਜ ਕਰਕੇ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

ਵਰਨਣ ਯੋਗ ਹੈ ਕਿ ਇਸ ਤੋਂਪਹਿਲਾਂ ਸ਼੍ਰੋਮਣੀ ਕਮੇਟੀ ਦੀ ਸ਼ਿਕਾਇਤ ਉਤੇ ਸਿੱਖ ਜਥੇਬੰਦੀਆਂ ਦੇ ਆਗੂਆਂ ਅਤੇ ਵਰਕਰਾਂ ਖ਼ਿਲਾਫ਼ ਵੀ ਕੇਸ ਦਰਜ ਕੀਤਾ ਜਾ ਚੁੱਕਾ ਹੈ ਅਤੇ ਇਹ ਕਰਾਸ ਕੇਸ ਸ਼੍ਰੋਮਣੀ ਕਮੇਟੀ ’ਤੇ ਵੀ ਦਰਜ ਕਰ ਲੈਣ ਦੀ ਪੁਸ਼ਟੀ ਡੀ ਸੀ ਪੀ ਜਗਮੋਹਨ ਸਿੰਘ ਨੇ ਕੀਤੀ ਹੈ।ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਪਿਛਲੇ ਦਿਨੀਂ ਧਰਨਾਕਾਰੀਆਂ ਵੱਲੋਂ ਕੀਤੀ ਹਿੰਸਕ ਕਾਰਵਾਈ ਬਾਰੇ ਪੁਲਸ ਵੱਲੋਂ ਸ਼੍ਰੋਮਣੀ ਕਮੇਟੀ ਦੇ ਮੈਂਬਰਾਂ ਤੇ ਅਧਿਕਾਰੀਆਂ ’ਤੇ ਕਰਾਸ ਪਰਚਾ ਦਰਜ ਕਰਨ ਦੀ ਨਿੰਦਾ ਕਰਦਿਆਂ ਕਿਹਾ ਹੈ ਕਿ ਇਸ ਤੋਂ ਪੰਜਾਬ ਸਰਕਾਰ ਦੀ ਮਨਸ਼ਾ ਸਾਫ਼ ਹੁੰਦੀ ਹੈ ਕਿ ਉਹ ਸਿੱਖ ਕੌਮ ਦੀ ਪ੍ਰਤੀਨਿਧ ਧਾਰਮਿਕ ਸੰਸਥਾ ਨੂੰ ਜਾਣ ਬੁੱਝ ਕੇ ਢਾਹ ਲਾਉਣਾ ਚਾਹੁੰਦੀ ਹੈ।

## ਬਹਿਬਲ ਕਲਾਂ ਕਾਂਡ ਮਾਮਲੇ ਵਿਚ ਐਸ ਪੀ ਬਿਕਰਮਜੀਤ ਸਣੇ 4 ਜਣਿਆਂ ਨੂੰ ਅਦਾਲਤਪੇਸ਼ ਹੋਣ ਦੇ ਹੁਕਮ ਜਾਰੀ

ਫਰੀਦਕੋਟ, 29 ਅਕਤੂਬਰ (ਪੋਸਟ ਬਿਊਰੋ)- ਬਹਿਬਲ ਕਲਾਂ ਗੋਲੀ ਕਾਂਡ ਵਿੱਚ ਦੋਸ਼ੀਵਜੋਂ ਨਾਮਜਦ ਕੀਤੇ ਗਏ ਐਸ ਪੀ ਬਿਕਰਮਜੀਤ ਸਿੰਘ ਤੇ ਥਾਣਾ ਬਾਜਾਖਾਨਾ ਦੇ ਸਾਬਕਾ ਮੁਖੀ ਅਮਰਜੀਤ ਸਿੰਘ ਕੁਲਾਰ ਸਮੇਤ ਚਾਰ ਵਿਅਕਤੀਆਂ ਨੂੰ ਸਥਾਨਕ ਇਲਾਕਾ ਮੈਜਿਸਟਰੇਟ ਸੁਰੇਸ਼ ਕੁਮਾਰ ਨੇ ਅਦਾਲਤ ਵਿੱਚ ਪੇਸ਼ ਹੋਣ ਦੇ ਹੁਕਮ ਦਿੱਤੇ ਹਨ।

ਵਿਸ਼ੇਸ਼ ਜਾਂਚ ਟੀਮ ਨੇ ਬੀਤੀ 9 ਅਕਤੂਬਰ ਨੂੰ ਐਸ ਪੀ ਬਿਕਮਰਜੀਤ ਸਿੰਘ, ਬਾਜਾਖਾਨਾ ਦੇ ਤਤਕਾਲੀ ਐਸ ਐਚ ਓ ਅਮਰਜੀਤ ਸਿੰਘ ਕੁਲਾਰ, ਪੰਕਜ ਮੋਟਰਜ਼ ਦੇ ਮਾਲਕ ਪੰਕਜ ਬਾਂਸਲ ਤੇ ਸੁਹੇਲ ਸਿੰਘ ਬਰਾੜ ਖਿਲਾਫ ਅਦਾਲਤ ਵਿੱਚ ਚਲਾਨ ਪੇਸ਼ ਕੀਤਾ ਸੀ। ਇਸਮਗਰੋਂ ਇਲਾਕਾ ਮੈਜਿਸਟਰੇਟ ਨੇ ਪੁਲਸ ਅਧਿਕਾਰੀਆਂ ਅਤੇ ਦੂਸਰੇ ਮੁਲਜ਼ਮਾਂ ਨੂੰ ਅਦਾਲਤ ਸਾਹਮਣੇ ਪੇਸ਼ ਹੋਣ ਦੇ ਹੁਕਮ ਦਿੱਤੇ ਸਨ, ਪਰ ਕੋਈ ਵੀ ਅਦਾਲਤ ਪੇਸ਼ ਨਹੀਂ ਹੋਇਆ। ਅੱਗੋਂ ਅਦਾਲਤ ਨੇ 18 ਨਵੰਬਰ ਲਈ ਇਨ੍ਹਾਂ ਸਾਰਿਆਂ ਨੂੰ ਦੁਬਾਰਾ ਨੋਟਿਸ ਜਾਰੀ ਕਰ ਕੇ ਅਦਾਲਤ ਪੇਸ਼ ਹੋਣ ਦੇ ਹੁਕਮ ਦਿੱਤੇ ਹਨ। ਵਿਸ਼ੇਸ਼ ਜਾਂਚ ਟੀਮ ਇਸ ਕੇਸ ਵਿੱਚ ਆਈ ਜੀ ਪਰਮਰਾਜ ਸਿੰਘ ਉਮਰਾਨੰਗਲ ਅਤੇ ਸਾਬਕਾ ਡੀ ਜੀ ਪੀ ਸੁਮੇਧ ਸੈਣੀ ਨੂੰ ਵੀ ਮੁਲਜ਼ਮ ਵਜੋਂ ਨਾਮਜ਼ਦ ਕਰ ਚੁੱਕੀ ਹੈ। ਵਿਸ਼ੇਸ਼ ਜਾਂਚ ਟੀਮ ਨੇ ਆਪਣੀ ਰਿਪੋਰਟ ਵਿੱਚ ਦਾਅਵਾ ਕੀਤਾ ਹੈ ਕਿ ਬਹਿਬਲ ਗੋਲੀ ਕਾਂਡ ਵਾਲੇ ਦਿਨ ਉਮਰਾ ਨੰਗਲ ਅਤੇ ਸੁਮੇਧ ਸੈਣੀ ਦਰਮਿਆਨ ਤਿੰਨ ਘੰਟਿਆਂ ਵਿੱਚ 22 ਵਾਰ ਫੋਨ ’ਤੇ ਗੱਲ ਹੋਈ ਸੀ।

ਬਹਿਬਲ ਕਲਾਂ ਤੇ ਕੋਟਕਪੂਰਾ ਗੋਲੀ ਕਾਂਡ ਵਿੱਚ ਮੁਲਜ਼ਮ ਵਜੋਂ ਨਾਮਜ਼ਦ ਹੋਣ ਮਗਰੋਂ ਥਾਣਾ ਸਿਟੀ ਕੋਟਕਪੂਰਾ ਦੇ ਸਾਬਕਾ ਐਸ ਐਚ ਓ ਗੁਰਦੀਪ ਪੰਧੇਰ ਨੇ ਆਈ ਜੀ ਕੁੰਵਰ ਵਿਜੈ ਪ੍ਰਤਾਪ ਸਿੰਘ ਨੂੰ ਜਾਂਚ ਟੀਮ ਵਿੱਚੋਂ ਬਾਹਰ ਕਰਨ ਦੀ ਮੰਗ ਕਰਦਿਆਂ ਦੋਸ਼ ਲਾਇਆ ਹੈ ਕਿ ਕੁੰਵਰ ਵਿਜੈ ਪ੍ਰਤਾਪ ਸਿੰਘ ਪੱਖਪਾਤ ਕਰ ਰਹੇ ਹਨ। ਇਸ ਬਾਰੇ ਰਾਜ ਸਰਕਾਰ ਜਾਂਚ ਅਧਿਕਾਰੀ ਨੂੰ ਬਦਲਣ ਤੋਂ ਸਾਫ ਇਨਕਾਰ ਕਰ ਚੁੱਕੀ ਹੈ ਤੇ ਇਸ ਬਾਰੇ ਲਿਖਤੀ ਤੌਰ ’ਤੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਇਸ ਦੀ ਸੁਣਵਾਈ 18 ਨਵੰਬਰ ਤੱਕ ਮੁਲਤਵੀ ਕਰ ਦਿੱਤੀ ਹੈ। ਹਾਈ ਕੋਰਟ ਦੇ ਹੁਕਮ ਮੁਤਾਬਕ ਜਾਂਚ ਟੀਮ 18 ਨਵੰਬਰ ਤੱਕ ਗੁਰਦੀਪ ਪੰਧੇਰ ਖਿਲਾਫ ਬਹਿਬਲ ਕਲਾਂ ਕਾਂਡ ਮਾਮਲੇ ਵਿੱਚ ਚਲਾਨ ਪੇਸ਼ ਨਹੀਂ ਕਰ ਸਕੇਗੀ।

NEW CONDOS COMING SOON



STARTING FROM
$299,900

50 Herrick Ave. St. Catharines

QUICK FACTS:
Maintenance Fee: $0.55 Per SqFt
Parking: $7,500
Occupancy: March 2023

MONTEBELLO
ST. CATHARINES

Deposit Structure:
- $5000 Due on Signing
- Balance to 5% in 30 days,
- 5% in 180 days,
- 5% in 240 days

For Scheduling an appointment, or request more Information:

Hardeep Grewal
(416) 877 6464



Century 21
President Realty Inc
Brokerage*
Independently Owned and Operated.
Grewalhomes.com

Jagdish Grewal
Sales Representative
416 877-6464
or E-mail Jagdish@grewalhomes.com

## ਦੁਸਹਿਰੇ ਮੌਕੇ ਭਗਵਾਨ ਰਾਮ ਦਾ ਪੁਤਲਾ ਸਾੜਨ ਦੇ ਦੋਸ਼ ’ਚ ਚਾਰ ਜਣੇ ਗ੍ਰਿਫਤਾਰ

ਅੰਮ੍ਰਿਤਸਰ, 29 ਅਕਤੂਬਰ (ਪੋਸਟ ਬਿਊਰੋ)- ਦੁਸਹਿਰੇ ਦੇ ਦਿਨ ਸਰਹੱਦੀ ਕਸਬੇ ਲੋਪੋਕੇ ਦੇ ਪਿੰਡ ਮਾਨਾਂਵਾਲਾ ਵਿੱਚ ਭਗਵਾਨ ਰਾਮ ਦਾ ਪੁਤਲਾ ਸਾੜਨ ਅਤੇ ਇਤਰਾਜ਼ਯੋਗ ਟਿੱਪਣੀ ਕਰਨ ਦਾ ਵੀਡੀਓ ਵਾਇਰਲ ਹੋਣ ’ਤੇ ਪੁਲਸ ਨੇ ਚਾਰ ਜਣਿਆਂ ਨੂੰ ਗ੍ਰਿਫਤਾਰ ਕੀਤਾ ਹੈ ਅਤੇ ਅਗਲੀ ਜਾਂਚ ਕੀਤੀ ਜਾ ਰਹੀ ਹੈ। ਐਸ ਐਸ ਪੀ ਅੰਮ੍ਰਿਤਸਰ ਦਿਹਾਤੀ ਧਰੁਵ ਦਹੀਆ ਨੇ ਕੱਲ੍ਹ ਪ੍ਰੈਸ ਕਾਨਫਰੰਸ ਕਰ ਕੇ ਇਹ ਖੁਲਾਸਾ ਕੀਤਾ। ਇਸ ਤੋਂ ਪਹਿਲਾਂ ਵਿਸ਼ਵ ਹਿੰਦੂ ਪ੍ਰੀਸ਼ਦ ਬਜਰੰਗ ਦਲ, ਵਾਲਮੀਕ ਸਮਾਜ, ਰਵਿਦਾਸ ਸਮਾਜ, ਸਿੱਖ ਸਮਾਜ ਆਦਿ ਨਾਲ ਜੁੜੇ ਲੋਕਾਂ ਨੇ ਪੰਜਾਬ ਦਾ ਮਾਹੌਲ ਵਿਗਾੜਨ ਵਾਲੀਆਂ ਅਜਿਹੀਆਂ ਘਟਨਾਵਾਂ ’ਤੇ ਚਿੰਤਾ ਜ਼ਾਹਰ ਕਰਦੇ ਹੋਏ ਐਸ ਐਸ ਪੀ ਨੂੰ ਮੈਮੋਰੰਡਮ ਸੌਂਪ ਕੇ ਕਾਰਵਾਈ ਦੀ ਮੰਗ ਕੀਤੀ ਸੀ।ਐਸ ਐਸ ਪੀ ਨੇ ਦੱਸਿਆ ਕਿ ਪੁਲਸ ਕੋਲ ਇੱਕ ਵੀਡੀਓ ਆਈ ਸੀ, ਇਸ ਵਿੱਚ ਲੋਪੋਕੇ ਦੇ ਪਿੰਡ ਮਾਨਾਂਵਾਲਾ ਦੇ ਕੁਝ ਨੌਜਵਾਨ ਭਗਵਾਨ ਰਾਮਚੰਦਰ ਦਾ ਪੁਤਲਾ ਸਾੜ ਰਹੇ ਹਨ। ਡੀ ਐਸ ਪੀ ਰਾਜਾਸਾਂਸੀ ਅਤੇ ਐਸ ਐਚ ਓ ਲੋਪੋਕੇ ਨੇ ਇਸ ਆਧਾਰ ’ਤੇ ਛਾਪੇਮਾਰੀ ਕੀਤੀ ਅਤੇ ਅੰਗਰੇਜ਼ ਸਿੰਘ ਪੁੱਤਰ ਚਮਨ ਸਿੰਘ, ਵਿੱਕੀ, ਅੰਗਰੇਜ਼ ਸਿੰਘ ਪੁੱਤਰ ਤਰਸੇਮ ਸਿੰਘ ਅਤੇ ਅਸ਼ੋਕ ਮਸੀਹ ਪਿੰਡ ਮਾਨਾਂਵਾਲਾ ਨੂੰ ਗ੍ਰਿਫਤਾਰ ਕਰ ਲਿਆ ਹੈ। ਉਨ੍ਹਾਂ ਦੇ ਖਿਲਾਫ ਵੱਖ-ਵੱਖ ਧਾਰਾਵਾਂ ਦਾ ਕੇਸ ਦਰਜ ਕੀਤਾ ਗਿਆ ਹੈ। ਪੁਲਸ ਅਨੁਸਾਰ ਇਸ ਮਾਮਲੇ ਵਿੱਚ ਮੁੱਖ ਦੋਸ਼ੀ ਅੰਗਰੇਜ਼ ਸਿੰਘ ਹੈ। ਵੀਡੀਓ ਵਿੱਚ ਉਹੀ ਇਤਰਾਜ਼ ਯੋਗ ਟਿੱਪਣੀ ਕਰ ਰਿਹਾ ਹੈ। ਵੀਡੀਓ ਵਾਇਰਲ ਹੋਣ ਪਿੱਛੋਂ ਹਿੰਦੂ ਸੰਗਠਨਾਂ ਵਿੱਚ ਰੋਸ ਪਾਇਆ ਜਾ ਰਿਹਾ ਸੀ। ਐਸ ਐਸ ਪੀ ਨੇ ਕਿਹਾ ਕਿ ਅਮਨ ਕਾਨੂੰਨ ਵਿਵਸਥਾ ਨੂੰ ਹਰ ਹਾਲਤ ਵਿੱਚ ਕਾਇਮ ਰੱਖਿਆ ਜਾਏਗਾ। ਕਿਸੇ ਵੀ ਵਿਅਕਤੀ ਨੂੰ ਮਾਹੌਲ ਖਰਾਬ ਕਰਨ ਨਹੀਂ ਦਿੱਤਾ ਜਾਏਗਾ। ਇਸ ਤੋਂ ਪਹਿਲਾਂ ਐਸ ਐਸ ਪੀ ਨੂੰ ਮੈਮੋਰੰਡਮ ਦਿੰਦੇ ਹੋਏ ਵੱਖ-ਵੱਖ ਸੰਗਠਨਾਂ ਨੇ ਕਿਹਾ ਸੀ ਕਿ ਮਾਹੌਲ ਵਿਗਾੜਨ ਵਾਲੇ ਇੱਕ-ਇੱਕ ਦੋਸ਼ੀ ’ਤੇ ਕਾਰਵਾਈ ਨਾ ਕੀਤੀ ਗਈ ਤਾਂ ਸੜਕਾਂ ’ਤੇ ਸੰਘਰਸ਼ ਕੀਤਾ ਜਾਏਗਾ।

## ਠੱਗਾਂ ਨੇ ਅੰਧ ਵਿਸ਼ਵਾਸੀ ਸਹੇਲੀਆਂ ਤੋਂ 13 ਲੱਖ ਰੁਪਏ ਤੇ 8 ਤੋਲੇ ਸੋਨਾ ਠੱਗਿਆ

ਲੁਧਿਆਣਾ, 29 ਅਕਤੂਬਰ (ਪੋਸਟ ਬਿਊਰੋ)- ਧਾਰਮਿਕ ਸਥਾਨ ਉੱਤੇ ਗਈਆਂ ਦੋ ਸਹੇਲੀਆਂ ਨੂੰ ਪਟਿਆਲੇ ਦੀ ਠੱਗ ਔਰਤ ਨਾਲ ਦੋਸਤੀ ਕਰਨੀ ਇੰਨੀ ਮਹਿੰਗੀ ਪਈ ਕਿ ਦੋਵਾਂ ਨੂੰ ਆਪਣੀ ਜਮਾਂ ਪੂੰਜੀ ਤੋਂ ਹੱਥ ਧੋਣਾ ਪਿਆ। ਠੱਗ ਔਰਤ ਨੇ ਦੋਵਾਂ ਸਹੇਲੀਆਂ ਤੋਂ 13 ਲੱਖ ਰੁਪਏ ਨਕਦ ਅਤੇ ਅੱਠ ਤੋਲੇ ਸੋਨਾ ਲੈ ਕੇ ਆਪਣਾ ਸ਼ਿਕਾਰ ਬਣਾਇਆ ਹੈ।

ਪਤਾ ਲੱਗਾ ਹੈ ਕਿ ਠੱਗ ਔਰਤ ਨੇ ਦੋਵਾਂ ਸਹੇਲੀਆਂ ਦੇ ਘਰਾਂ ਵਿੱਚ ਸੋਨੇ ਦੇ ਗਹਿਣਿਆਂ ਨਾਲ ਭਰੀਆਂ ਗਾਗਰਾਂ ਨੂੰ ਕੱਢਣ ਦੇ ਬਦਲੇ ਇੰਨੀ ਵੱਡੀ ਰਕਮ ਅਤੇ ਸੋਨਾ ਠੱਗ ਲਿਆ, ਜਿਸ ਦੇ ਬਾਅਦ ਥਾਣਾ ਸਦਰ ਦੀ ਪੁਲਸ ਨੇ ਲਲਤੋਂ ਖੁਰਦ ਵਾਸੀ ਭੁਪਿੰਦਰ ਕੌਰ ਦੀ ਸ਼ਿਕਾਇਤ ਉੱਤੇ ਪਟਿਆਲੇ ਦੀ ਪ੍ਰੋਫੈਸਰ ਕਾਲੋਨੀ ਵਾਸੀ ਠੱਗ ਔਰਤ ਅਮਨਦੀਪ ਸ਼ਰਮਾ, ਪਤੀ ਜਸਪਾਲ ਸ਼ਰਮਾ ਅਤੇ ਦੋਵਾਂ ਪੁੱਤਰਾਂ ਨੀਰਜ ਸ਼ਰਮਾ ਅਤੇ ਸੰਜੂ ਦੇ ਖਿਲਾਫ ਵੱਖ-ਵੱਖ ਧਾਰਾਵਾਂ ਦਾ ਧੋਖਾਧੜੀ ਦਾ ਮਾਮਲਾ ਦਰਜ ਕੀਤਾ ਹੈ। ਸ਼ਿਕਾਇਤ ਕਰਤਾ ਭੁਪਿੰਦਰ ਕੌਰ ਨੇ ਪੁਲਸ ਨੂੰ ਦੱਸਿਆ ਕਿ ਕੁਝ ਸਮਾਂ ਪਹਿਲਾਂ ਉਹ ਆਪਣੀ ਸਹੇਲੀ ਰਮਨਦੀਪ ਕੌਰ ਨਾਲ ਇੱਕ ਧਾਰਮਿਕ ਸਥਾਨ ’ਤੇ ਦਰਸ਼ਨ ਕਰਨ ਗਈ ਸੀ। ਉਥੇ ਪਟਿਆਲਾ ਦੀ ਅਮਨਦੀਪ ਸ਼ਰਮਾ ਨੇ ਧਾਰਮਿਕ ਸਮਾਗਮ ਕੀਤਾ ਸੀ, ਜਿੱਥੇ ਉਹ ਲੋਕਾਂ ਦੀਆਂ ਸਮੱਸਿਆਵਾਂ ਜਾਣ ਕੇ ਉਨ੍ਹਾਂ ਨੂੰ ਹੱਲ ਦੱਸ ਰਹੀ ਸੀ। ਉਹ ਦੋਵੇਂ ਸਹੇਲੀਆਂ ਵੀ ਉਸੇ ਪ੍ਰੋਗਰਾਮ ਵਿੱਚ ਸ਼ਾਮਲ ਹੋ ਗਈਆਂ। ਉਨ੍ਹਾਂ ਦੋਵਾਂ ਦੀ ਅਮਨਦੀਪ ਸ਼ਰਮਾ ਨਾਲ ਜਾਣ-ਪਛਾਣ



ਹੋ ਗਈ ਤੇ ਉਸ ਦੇ ਬਾਅਦ ਰੋਜ਼ ਮੋਬਾਈਲ ’ਤੇ ਗੱਲਬਾਤ ਕਰਨ ਲੱਗੇ। ਸਤੰਬਰ ਵਿੱਚ ਜਦ ਦੋਸ਼ੀ ਮਹਿਲਾ ਉਨ੍ਹਾਂ ਦੇ ਘਰ ਗਈ, ਤਾਂਉਨ੍ਹਾਂ ਨੂੰ ਦੱਸਿਆ ਕਿ ਉਸ ਨੂੰ ਆਪਣੀ ਦਿਵਿਆ ਦ੍ਰਿਸ਼ਟੀ ਤੋਂ ਪਤਾ ਲੱਗਾ ਹੈ ਕਿ ਉਨ੍ਹਾਂ ਦੇ ਘਰ ਵਿੱਚ ਸੋਨੇ ਦੇ ਕੀਮਤੀ ਗਹਿਣਿਆਂ ਨਾਲ ਭਰੀਆਂ 11 ਗਾਗਰਾਂ ਦੱਬੀਆਂ ਹਨ, ਜਿਸ ਤੋਂ ਉਹ ਉਸ ਦੀਆਂ ਗੱਲਾਂ ਉੱਤੇ ਵਿਸ਼ਵਾਸ ਕਰਕੇ ਉਸ ਦੇ ਝਾਂਸੇ ਵਿੱਚ ਫਸ ਗਈਆਂ। ਦੋਸ਼ੀ ਔਰਤ ਹਵਨ ਆਦਿ ਕਰਨ ਬਾਰੇ ਕਹਿ ਕੇ ਉਸ ਕੋਲੋਂ 10 ਲੱਖ ਰੁਪਏ ਤੇ ਛੇ ਤੋਲੇ ਸੋਨਾ ਲੈ ਗਈ।ਜਦ ਸ਼ਿਕਾਇਤਕਰਤਾ ਨੇ ਆਪਣੀ ਸਹੇਲੀ ਰਮਨਦੀਪ ਕੌਰ ਨਾਲ ਇਸ ਬਾਰੇ ਗੱਲ ਕੀਤੀ, ਤਾਂ ਉਸ ਨੂੰ ਪਤਾ ਲੱਗਾ ਕਿ ਦੋਸ਼ੀ ਔਰਤ ਨੇ ਉਸ ਦੀ ਸਹੇਲੀ ਰਮਨਦੀਪ ਕੌਰ ਨੂੰ ਵੀ ਝਾਂਸੇ ਵਿੱਚ ਲੈ ਕੇ ਉਸ ਤੋਂ ਵੀ ਤਿੰਨ ਲੱਖ ਰੁਪਏ ਨਕਦ ਅਤੇ ਦੋ ਤੋਲੇ ਸੋਨਾ ਲੈ ਲਿਆ ਹੈ। ਇਸ ਬਾਰੇ ਲਲਤੋਂ ਚੌਕੀ ਮੁਖੀ ਹਰਮੇਸ਼ ਸਿੰਘ ਦਾ ਕਹਿਣਾ ਹੈ ਕਿ ਇਸ ਮਾਮਲੇ ਵਿੱਚ ਭੁਪਿੰਦਰ ਕੌਰ ਦੀ ਸ਼ਿਕਾਇਤ ਉੱਤੇ ਦੋਸ਼ੀ ਔਰਤ ਸਮੇਤ ਉਸ ਦੇ ਪਤੀ ਅਤੇ ਦੋਵਾਂ ਪੁੱਤਰਾਂ ਦੇ ਖਿਲਾਫ ਕੇਸ ਦਰਜ ਕਰ ਦਿੱਤਾ ਹੈ। ਜਾਂਚ ਦੌਰਾਨ ਪਤਾ ਲੱਗਾ ਹੈ ਕਿ ਦੋਸ਼ੀਆਂ ਖਿਲਾਫ ਪਹਿਲਾਂ ਵੀ ਪਟਿਆਲਾ, ਖੰਨਾ ਸਮੇਤ ਵੱਖ-ਵੱਖ ਸ਼ਹਿਰਾਂ ਦੇ ਥਾਣਿਆਂ ਵਿੱਚ ਲਗਭਗ ਸੱਤ ਮਾਮਲੇ ਦਰਜ ਹਨ।



# ਰਾਜ ਸਭਾ ਚੋਣਾਂ ਵੇਲੇ ਉਤਰ ਪ੍ਰਦੇਸ਼ ਵਿੱਚ ਸੱਤ ਬਸਪਾ ਵਿਧਾਇਕ ਬਾਗੀ

*** ਮਾਇਆਵਤੀ ਨੇ ਪਾਰਟੀ ਵਿੱਚੋਂ ਸਸਪੈਂਡ ਕੀਤੇ**



ਲਖਨਊ, 29 ਅਕਤੂਬਰ (ਪੋਸਟ ਬਿਊਰੋ)- ਅਗਲੇ ਮਹੀਨੇ ਹੋ ਰਹੀਆਂ ਰਾਜ ਸਭਾ ਚੋਣਾਂ ਲਈ ਬਹੁਜਨ ਸਮਾਜ ਪਾਰਟੀ (ਬਸਪਾ) ਦੇ ਇਕਲੌਤੇ ਉਮੀਦਵਾਰ ਦਾ ਨਾਂਅ ਪੇਸ਼ ਕਰਨ ਵਾਲੇ 10 ਪਾਰਟੀ ਵਿਧਾਇਕਾਂ ’ਚੋਂ ਚਾਰ ਨੇ ਆਪਣਾ ਸਮਰਥਨ ਵਾਪਸ ਲੈ ਲਿਆ ਅਤੇ ਪਾਰਟੀ ਬਦਲਣ ਦੇ ਸੰਕੇਤ ਦਿੱਤੇ ਹਨ।

ਇਸ ਸੰਬੰਧ ਵਿੱਚ ਬਸਪਾ ਦੇ ਇਨ੍ਹਾਂ ਚਾਰ ਵਿਧਾਇਕਾਂ ਨਾਲ ਦੋ ਹੋਰ ਵਿਧਾਇਕ ਵੀ ਰਿਟਰਨਿੰਗ ਅਫਸਰ ਨੂੰ ਮਿਲੇ ਅਤੇ ਇਨ੍ਹਾਂ ਨੇ ਲਿਖ ਕੇ ਦਿੱਤਾ ਕਿ ਪਾਰਟੀ ਦੇ ਸੀਨੀਅਰ ਆਗੂ ਰਾਮਜੀ ਗੌਤਮ ਦੇ ਨਾਮਜ਼ਦਗੀ ਕਾਗ਼ਜ਼ਾਂ ਉੱਤੇ ਉਨ੍ਹਾਂ ਦੇ ਦਸਤਖਤ ‘ਜਾਅਲੀ’ ਹਨ। ਇੱਕ ਬਾਗੀ ਮਹਿਲਾ ਵਿਧਾਇਕ ਨੇ ਕਿਹਾ ਕਿ ਉਹ ਸਮਾਜਵਾਦੀ ਪਾਰਟੀ ਦੇ ਪ੍ਰਧਾਨ ਅਖਿਲੇਸ਼ ਯਾਦਵ ਨੂੰ ਮਿਲੀ ਹੈ। ਇਨ੍ਹਾਂ ਛੇ ਵਿਧਾਇਕਾਂ ਦੇ ਗਰੁੱਪ ’ਚੋਂ ਕਈਆਂ ਨੇ ਪਾਰਟੀ ਵੱਲੋਂਉਨ੍ਹਾਂ ਨਾਲ ਬੁਰਾ ਸਲੂਕ ਕਰਨ ਦੇ ਦੋਸ਼ ਲਾਏ ਹਨ ਅਤੇ ਇਨ੍ਹਾ ਨਾਲ ਇੱਕ ਹੋਰ ਵਿਧਾਇਕ ਵੀ ਮਿਲ ਕੇ ਸੱਤ ਹੋ ਗਏ ਹਨ। ਫਿਰ ਵੀ ਇਨ੍ਹਾਂ ਵਿੱਚੋਂ ਕਿਸੇ ਨੇ ਵੀ ਬਸਪਾ ਦੀ ਮੁਖੀ ਮਾਇਆਵਤੀ ਵਿਰੁੱਧ ਕੁਝ ਨਹੀਂ ਬੋਲਿਆ।

ਰਿਟਰਨਿੰਗ ਅਫਸਰ ਵੱਲੋਂ ਹਾਲੇ ਇਸ ਬਾਰੇ ਫੈਸਲਾ ਲਿਆ ਜਾਣਾ ਬਾਕੀ ਸੀ ਕਿ ਸਮਾਜਵਾਦੀ ਉਮੀਦਵਾਰ ਵੱਲੋਂ ਦਾਖਲ ਕਰਵਾਏ ਕਾਗਜ਼ਾਂ ਵਿੱਚ ਨੁਕਸ ਨਿਕਲਣ ਕਾਰਨ ਰੱਦ ਹੋ ਗਏ ਅਤੇ ਬਾਕੀ ਸਾਰੇ ਉਮੀਦਵਾਰ ਬਿਨਾਂ ਮੁਕਾਬਲਾ ਹੀ ਜਿੱਤ ਗਏ, ਜਿਨ੍ਹਾਂ ਵਿੱਚ ਬਸਪਾ ਉਮੀਦਵਾਰ ਸ਼ਾਮਲ ਸੀ। ਰਿਟਰਨਿੰਗ ਅਫਸਰ ਨੂੰ ਜਾਅਲੀ ਦਸਤਖਤਾਂ ਬਾਰੇ ਐਫੀਡੇਵਿਟ ਦੇਣ ਵਾਲੇ ਵਿਧਾਇਕਾਂ ਵਿੱਚ ਅਸਲਮ ਰੈਣਾ, ਅਸਲਮ ਚੌਧਰੀ, ਮੁਜਤਬਾ ਸਿੱਦੀਕੀ ਅਤੇ ਹਾਕਮ ਲਾਲ ਬਿੰਡ ਸ਼ਾਮਲ ਹਨ। ਇਨ੍ਹਾਂ ਨਾਲ ਤਿੰਨ ਹੋਰ ਵਿਧਾਇਕ ਵੀ ਜਾ ਮਿਲੇ ਸਨ।

# ਕਰੋੜਾਂ ਦੀ ਠੱਗੀ ਮਾਰਨ ਵਾਲੇ ਗਿਰੋਹ ਦਾ ਪਰਦਾਫਾਸ਼

*** ਖਰਾਬ ਏ ਟੀ ਐਮ ਕਾਰਡ ਦਾ 20 ਮਿੰਟ ਵਿੱਚ ਕਲੋਨ ਤਿਆਰ**
*** ਅਨਪੜ੍ਹਾਂ ਦੇ ਪਰਵਾਰ ਨੇ ਗੈਂਗ ਬਣਾਇਆ**



ਹਿਸਾਰ, 29 ਅਕਤੂਬਰ (ਪੋਸਟ ਬਿਊਰੋ)- ਰਾਜਸਥਾਨ ਦੀ ਝੁੰਜਨੂੰ ਪੁਲਸ ਵੱਲੋਂ ਫੜੇ ਗਏ ਹਿਸਾਰ ਦੇ ਬਰਵਾਲਾ ਵਾਸੀ ਗੈਂਗ ਦੇ ਮੁਖੀਏ ਬਲਵਾਨ ਨੇ ਪੁੱਛਗਿੱਛ ਵਿੱਚ ਮੰਨਿਆ ਕਿ ਉਹ ਖਰਾਬ ਏ ਟੀ ਐਮ ਕਾਰਡ ਦਾ ਕਲੋਨ ਬਣਾ ਕੇ ਰੁਪਏ ਕਢਵਾ ਲੈਂਦੇ ਹਨ। ਇਹ ਗੈਂਗ 9 ਰਾਜਾਂ ਵਿੱਚ ਤਿੰਨ ਕਰੋੜ ਰੁਪਏ ਤੋਂ ਵੱਧ ਦੀ ਠੱਗੀ ਕਰ ਚੁੱਕਾ ਹੈ।

ਜਾਂਚ ਅਧਿਕਾਰੀ ਏ ਐਸ ਆਈ ਅਸ਼ੋਕ ਕੁਮਾਰ ਨੇ ਦੱਸਿਆ ਕਿ ਪੁੱਛਗਿੱਛ ਵਿੱਚ ਦੋਸ਼ੀ ਬਲਵਾਨ ਨੇ ਦੱਸਿਆ ਕਿ ਇਸ ਗੈਂਗ ਦੇ ਮੈਂਬਰਾਂ ਨੇ ਸੋਸ਼ਲ ਮੀਡੀਆ ’ਤੇ ਵੀਡੀਓ ਦੇਖੀ ਸੀ, ਜਿਸ ਵਿੱਚ ਸਵਾਈਪ ਮਸ਼ੀਨ ਤੋਂ ਕਾਰਡ ਦਾ ਕਲੋਨ ਬਣਾਉਣਾ ਦਿਖਾਇਆ ਗਿਆ ਸੀ। ਇਥੋਂ ਬਲਵਾਨ, ਉਸ ਦੇ ਸਾਲੇ ਦੇ ਲੜਕੇ ਅਤੇ ਹੋਰਨਾਂ ਨੇ ਕਲੋਨ ਬਣਾਉਣਾ ਸਿੱਖਿਆ। ਇਸ ਮਸ਼ੀਨ ਵਿੱਚ ਆਪਸ਼ਨ ਹੈ, ਜਿਸ ਤੋਂ ਪੂਰਾ ਵੇਰਵਾ ਬਲੂ-ਟੁੱਥ ਤੋਂ ਦੋਸ਼ੀ ਮੋਬਾਈਲ ਵਿੱਚ ਲੈਣ ਦੇ ਬਾਅਦ ਕੁਝ ਮਿੰਟਾਂ ਵਿੱਚ ਖਰਾਬ ਏ ਟੀ ਐਮ ਕਾਰਡ ਦਾ ਦੂਸਰਾ ਕਲੋਨ ਬਣਾ ਲੈਂਦੇ ਹਨ। ਫਰਾਰ ਦੋਸ਼ੀ ਨੂੰ ਫੜਨ ਲਈ ਹਿਸਾਰ ਪੁਲਸ ਤੋਂ ਵੀ ਸਹਿਯੋਗ ਮੰਗਿਆ ਗਿਆ ਹੈ। ਪੁੱਛਗਿੱਛ ਵਿੱਚ ਪਤਾ ਲੱਗਾ ਕਿ ਗਿਰੋਹ ਦੇ ਮੈਂਬਰ ਏ ਟੀ ਐਮ ਕਾਰਡ ਦਾ ਕਲੋਨ ਬਣਾਉਣ ਵਾਲੀ ਮਸ਼ੀਨ ਆਨਲਾਈਨ ਮੰਗਵਾਉਂਦੇ ਹਨ। ਦੋਸ਼ੀ ਬਲਵਾਨ ਸਿਰਫ ਦੂਸਰੀ ਕਲਾਸ ਪਾਸ ਹੈ, ਪਰ ਉਹ ਸੋਸ਼ਲ ਮੀਡੀਆ ਅਤੇ ਐਂਡਰੀਆਡ ਫੋਨ ਨੂੰ ਚਲਾਉਣ ਦੀ ਪੂਰੀ ਜਾਣਕਾਰੀ ਰੱਖਦਾ ਹੈ। ਗਿਰੋਹ ਦੇ ਤਿੰਨਾਂ ਮੈਂਬਰ ਪਰਵਾਰ ਦੇ ਹੀ ਹਨ। ਇੱਕ ਜਣਾ ਦੂਸਰੀ ਜਮਾਤ ਪਾਸ ਹੈ ਅਤੇ ਬਾਕੀ ਦੋਵੇਂ ਅਨਪੜ੍ਹ ਹਨ।

# ਯੂ ਪੀ ਦੀ ਭਾਜਪਾ ਵਿਧਾਇਕ ਨੇ ਪੰਜਾਬ ਸਰਕਾਰ ਉਤੇ ਅੰਸਾਰੀ ਨੂੰ ਬਚਾਉਣ ਦੇ ਦੋਸ਼ ਲਾਏ

ਲਖਨਊ, 29 ਅਕਤੂਬਰ (ਪੋਸਟ ਬਿਊਰੋ)- ਉੱਤਰ ਪ੍ਰਦੇਸ਼ ਦੀ ਮੁਹੰਮਦਾਬਾਦ ਸੀਟ ਤੋਂ ਭਾਜਪਾ ਵਿਧਾਇਕਾ ਅਲਕਾ ਰਾਏ ਨੇ ਕਾਂਗਰਸ ਆਗੂ ਪ੍ਰਿਅੰਕਾ ਗਾਂਧੀ ਨੂੰ ਲਿਖੇ ਪੱਤਰ ਵਿੱਚ ਦੋਸ਼ ਲਾਇਆ ਹੈ ਕਿ ਪੰਜਾਬ ਦੀ ਕਾਂਗਰਸ ਸਰਕਾਰ ਗੈਂਗਸਟਰ ਤੋਂ ਸਿਆਸਤਦਾਨ ਬਣੇ ਮੁਖਤਾਰ ਅੰਸਾਰੀ ਨੂੰ ਉਤਰ ਪ੍ਰਦੇਸ਼ ਦੀਆਂ ਅਦਾਲਤਾਂ ਵਿੱਚ ਚੱਲ ਰਹੇ ਕੇਸਾਂ ਵਿੱਚ ਪੇਸ਼ ਹੋਣ ਤੋਂ ਬਚਾਅ ਰਹੀ ਹੈ। ਅਲਕਾ ਰਾਏ ਵਿਧਾਇਕ ਕ੍ਰਿਸ਼ਨਾਨੰਦ ਰਾਏ, ਜਿਸ ਦੀ 2005 ਵਿੱਚ ਛੇ ਹੋਰਨਾਂ ਨਾਲ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ, ਦੀ ਪਤਨੀ ਹੈ। ਅੰਸਾਰੀ ਤੇ ਸੱਤ ਹੋਰਨਾਂ ਨੂੰ ਇਸ ਕੇਸ ਵਿੱਚ ਸਬੂਤਾਂ ਦੀ ਘਾਟ ਦੇ ਹਵਾਲੇ ਨਾਲ ਰਿਹਾਅ ਕਰ ਦਿੱਤਾ ਗਿਆ ਸੀ। ਹਲਕਾ ਮਾਓ ਤੋਂ ਬਹੁਜਨ ਸਮਾਜ ਪਾਰਟੀ ਦਾ ਮੌਜੂਦਾ ਵਿਧਾਇਕ ਅੰਸਾਰੀ ਮੌਜੂਦਾ ਸਮੇਂ ਫਿਰੌਤੀ ਨਾਲ ਸਬੰਧਤ ਕੇਸ ਵਿੱਚ ਪੰਜਾਬ ਦੀ ਇੱਕ ਜੇਲ੍ਹ ਵਿੱਚ ਬੰਦ ਹੈ।

ਅਲਕਾ ਰਾਏ ਨੇ ਕਿਹਾ, “ਮੈਂ ਪਿਛਲੇ 14 ਸਾਲਾਂ ਤੋਂ ਆਪਣੇ ਪਤੀ ਨੂੰ ਇਨਸਾਫ ਦਿਵਾਉਣ ਵਾਸਤੇ ਲੜ ਰਹੀ ਹਾਂ,ਜਦੋਂ ਕਿ ਕਾਂਗਰਸ ਵੱਲੋਂ ਅੰਸਾਰੀ ਨੂੰ ਖੁੱਲ੍ਹੇਆਮ ਸਰਪ੍ਰਸਤੀ ਦਿੱਤੀ ਜਾ ਰਹੀ ਹੈ।’’ ਉਸ ਨੇ ਪੱਤਰ ਵਿੱਚ ਕਿਹਾ, ‘ਉਤਰ ਪ੍ਰਦੇਸ਼ ਦੀਆਂ ਅਦਾਲਤਾਂ ਨੇ ਮੁਖਤਾਰ ਅੰਸਾਰੀ ਨੂੰ ਸੰਮਨ ਕੀਤਾ ਹੈ, ਪਰ ਪੰਜਾਬ ਸਰਕਾਰ ਉਸ ਨੂੰ ਯੂ ਪੀ ਭੇਜਣ ਲਈ ਤਿਆਰ ਨਹੀਂ।’’ ਉਸ ਨੇ ਕਿਹਾ, “ਇਹ ਸਭ ਸ਼ਰਮਨਾਕ ਹੈ ਅਤੇ ਕੋਈ ਵੀ ਯਕੀਨ ਨਹੀਂ ਕਰੇਗਾ ਕਿ ਇਹ ਤੁਹਾਡੇ ਜਾਂ ਰਾਹੁਲ ਗਾਂਧੀ ਜੀ ਦੀ ਜਾਣਕਾਰੀ ਤੋਂ ਬਿਨਾਂ ਹੋ ਰਿਹਾ ਹੈ।’’

# ਲੁਧਿਆਣਾ ਪੁਲਸ ਨੇ ਜੈਪੁਰ ਵਿੱਚੋਂ 6.5 ਕਰੋੜ ਦੀਆਂ ਨਸ਼ੀਲੀਆਂ ਦਵਾਈਆਂ ਜਾ ਫੜੀਆਂ

*** 15 ਦਿਨਾਂ ਵਿੱਚ ਦੂਸਰੀ ਵਾਰ ਤਲਾਸ਼ੀ ਮੁਹਿੰਮ ਚਲਾਈ ਗਈ**



ਜੈਪੁਰ, 29 ਅਕਤੂਬਰ (ਪੋਸਟ ਬਿਊਰੋ)- ਪੰਜਾਬ ਦੇ ਲੁਧਿਆਣਾ ਕਮਿਸ਼ਨਰੇਟ ਦੀ ਪੁਲਸ ਨੇ ਜੈਪੁਰ ਵਿੱਚ ਆ ਕੇ ਵੱਡੀ ਕਾਰਵਾਈ ਕਰਦੇ ਹੋਏ ਇਥੋਂ ਨਸ਼ੀਲੀਆਂ ਦਵਾਈਆਂ ਦੀ ਵੱਡੀ ਖੇਪ ਫੜੀ ਹੈ। ਬਰਾਮਦ ਦਵਾਈਆਂ ਦੀ ਕੀਮਤ ਸਾਢੇ ਛੇ ਕਰੋੜ ਰੁਪਏ ਤੋਂ ਵੱਧ ਦੱਸੀ ਜਾ ਰਹੀ ਹੈ। ਪੁਲਸ ਨੇ ਕਰੀਬ ਚਾਰ ਕਰੋੜ ਰੁਪਏ ਕੀਮਤ ਦੀਆਂ ਗਰਭਪਾਤ ਦੇ ਕੰਮ ਆਉਣ ਵਾਲੀਆਂ ਐਮ ਟੀ ਪੀ ਕਿੱਟਾਂ ਵੀ ਬਰਾਮਦ ਕੀਤੀਆਂ ਹਨ।

ਪਤਾ ਲੱਗਾ ਹੈ ਕਿ ਪੰਜਾਬ ਪੁਲਸ ਨੇ ਜੈਪੁਰ ਵਿੱਚ ਨਸ਼ੇ ਦੇ ਕਾਰੋਬਾਰ ਵਿੱਚ ਸ਼ਾਮਲ ਦੋਸ਼ੀ ਪ੍ਰੇਮ ਪ੍ਰਕਾਸ਼ ਦੇ ਟਿਕਾਣੇ ’ਤੇ ਤਲਾਸ਼ੀ ਮੁਹਿੰਮ ਚਲਾਈ ੀ। ਲੁਧਿਆਣਾ ਪੁਲਸ ਦੀ 15 ਮੈਂਬਰੀ ਟੀਮ ਨੇ ਜੈਪੁਰ ਵਿੱਚ ਕਰਣੀ ਵਿਹਾਰ ਥਾਣਾ ਇਲਾਕੇ ਦੇ ਮਯੂਰ ਵਿਹਾਰ ਵਿੱਚ ਇਹ ਕਾਰਵਾਈ ਕੀਤੀ, ਜਿੱਥੇ ਇੱਕ ਮਕਾਨ ਦੇ ਬੇਸਮੈਂਟ ਵਿੱਚ ਨਸ਼ੇ ਦਾ ਕਾਰੋਬਾਰ ਚੱਲਦਾ ਸੀ। ਇਸ ਦੌਰਾਨ ਲੁਧਿਆਣਾ ਦੀ ਪੁਲਸ ਨੇ ਮੌਕੇ ਤੋਂ 10 ਲੱਖ ਤੋਂ ਵੱਧ ਅਲਪ੍ਰਾਜੋਲਮ ਟੈਬਲੇਟ, 80 ਹਜ਼ਾਰ ਤੋਂਵੱਧ ਕੋਡੀਨ ਸਿਰਪ ਅਤੇ 16 ਹਜ਼ਾਰ ਟ੍ਰਾਮਾਡਾਲ ਦੇ ਇੰਜੈਕਸ਼ਨ ਬਰਾਮਦ ਕੀਤੇ ਹਨ। ਇਨ੍ਹਾਂ ਦੀ ਬਾਜ਼ਾਰ ਵਿੱਚ ਕੀਮਤ ਕਰੀਬ 6.5 ਕਰੋੜ ਰੁਪਏ ਤੋਂ ਵੱਧ ਦੱਸੀ ਗਈ ਹੈ। ਇਹ ਦਵਾਈਆਂ ਐਨ ਡੀ ਪੀ ਐਸ ਐਕਟ ਹੇਠ ਫੜੀਆਂ ਗਈਆਂ ਹਨ। ਇਸ ਦੇ ਨਾਲ ਪੁਲਸ ਨੇ ਮੌਕੇ ਤੋਂ ਵੱਡੀ ਗਿਣਤੀ ਵਿੱਚ ਗਰਭਪਾਤ ਦੇ ਕੰਮ ਆਉਣ ਵਾਲੀਆਂ ਐਮ ਟੀ ਪੀ ਕਿੱਟਾਂ ਬਰਾਮਦ ਕੀਤੀਆਂ ਹਨ। ਇਨ੍ਹਾਂ ਨੂੰ ਡਰੱਗ ਐਂਡ ਕਾਸਮੈਟਿਕ ਐਕਟ ਹੇਠ ਜ਼ਬਤ ਕੀਤਾ ਗਿਆ ਹੈ। ਪੰਜਾਬ ਪੁਲਸ ਦੀ ਇਸ ਕਾਰਵਾਈ ਨਾਲ ਰਾਜਸਥਾਨ ਪੁਲਸ ’ਤੇ ਵੀ ਸਵਾਲ ਖੜੇ ਹੋ ਗਏ ਹਨ। ਵਰਨਣ ਯੋਗ ਹੈ ਕਿ ਪੰਜਾਬ ਪੁਲਸ ਨੇ ਮਸਾਂ 15 ਦਿਨਾਂ ਵਿੱਚ ਇਥੇ ਦੂਸਰੀ ਵੱਡੀ ਕਾਰਵਾਈ ਕੀਤੀ ਹੈ। ਪੰਜਾਬ ਨਾਲ ਲੱਗਦੇ ਰਾਜਸਥਾਨ ਦੇ ਸ੍ਰੀਗੰਗਾਨਗਰ ਅਤੇ ਹਨੂਮਾਨਗੜ੍ਹ ਇਲਾਕਿਆਂ ਵਿੱਚ ਕਈ ਵਾਰ ਨਸ਼ੀਲੀਆਂ ਦਵਾਈਆਂ ਦੀ ਖੇਪ ਫੜੀ ਗਈ ਹੈ।

# ਹਜ਼ੂਰ ਸਾਹਿਬ ਗੁਰਦੁਆਰਾ ਬੋਰਡ ਮੈਂਬਰਾਂ ਦੇ ਖਿਲਾਫ ਕੇਸ ਦਰਜ

ਔਰੰਗਾਬਾਦ, 29 ਅਕਤੂਬਰ (ਪੋਸਟ ਬਿਊਰੋ)- ਮਹਾਰਾਸ਼ਟਰ ਵਿੱਚ ਨਾਂਦੇੜ ਵਿੱਚ ਤਖਤ ਸ੍ਰੀ ਹਜ਼ੂਰ ਸਾਹਿਬ ਗੁਰਦੁਆਰਾ ਸਾਹਿਬ ਦੇ ਬੋਰਡ ਮੈਂਬਰਾਂ ਦੇ ਖਿਲਾਫ ਪੁਲਸ ਨੇ ਦੁਸਹਿਰੇ ਸਮਾਗਮ ਦੌਰਾਨ ਕੋਵਿਡ-19 ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਨਾ ਕਰਨ ਦਾ ਇੱਕ ਦਰਜ ਕੀਤਾ ਹੈ। ਇਹ ਜਾਣਕਾਰੀ ਕੱਲ੍ਹ ਪੁਲਸ ਅਧਿਕਾਰੀਆਂ ਨੇ ਦਿੱਤੀ ਹੈ। ਵਰਨਣ ਯੋਗ ਹੈ ਕਿ ਪਿਛਲੇ ਹਫਤੇ ਬੰਬੇ ਹਾਈ ਕੋਰਟ ਨੇ ਨਾਂਦੇੜ ਦੇ ਤਖਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਅਬਚਲ ਨਗਰ ਬੋਰਡ ਨੂੰ ਕੋਵਿਡ-19 ਦੀ ਪਾਲਣਾ ਕਰਦੇ ਹੋਏ ਦੁਸਹਿਰਾ ਸਮਾਗਮ ਅਤੇ ਮਹੱਲਾ ਕੱਢਣ ਦੀ ਇਜਾਜ਼ਤ ਦਿੱਤੀ ਸੀ। ਬੋਰਡ ਨੂੰ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਇੱਕ ਪਾਲਕੀ, 16 ਇਤਿਹਾਸਕ ਨਿਸ਼ਾਨ ਸਾਹਿਬ, ਗੁਰੂ ਸਾਹਿਬ ਦੇ ਪੰਜ ਘੋੜੇ ਅਤੇ ਦੋ ਵੱਡੇ ਖੁੱਲ੍ਹੇ ਟਰੱਕਾਂ ਉੱਤੇ ਤਿੰਨ ਕੀਰਤਨੀ ਜਥਿਆਂ ਦੀ ਆਗਿਆ ਮਿਲੀ ਸੀ। ਅਦਾਲਤ ਨੇ ਕਿਹਾ ਸੀ ਕਿ 16 ਲੋਕ ਇੱਕ ਟਰੱਕ ਵਿੱਚ ਸਵਾਰ ਹੋਣਗੇ ਅਤੇ ਅੱਠ ਲੋਕ ਦੂਸਰੇ ਟਰੱਕ ਵਿੱਚ ਅਤੇ ਸਾਰਿਆਂ ਨੂੰ ਕੋਰੋਨਾ ਟੈਸਟ ਕਰਵਾਉਣਾ ਹੋਵੇਗਾ। ਜਾਂਚ ਰਿਪੋਰਟ ਨੈਗੇਟਿਵ ਮਿਲਣ ਉਤੇ ਹੀ ਉਹ ਲੋਕ ਮਹੱਲੇ ਵਿੱਚ ਸ਼ਾਮਲ ਹੋ ਸਕਦੇ ਹਨ ਅਤੇ ਨਾਲ ਕਿਸੇ ਨੂੰ ਵੀ ਪੈਦਲ ਸ਼ਾਮਲ ਹੋਣ ਦੀ ਇਜਾਜ਼ਤ ਨਹੀਂ ਸੀ। ਨਾਂਦੇੜ ਦੇ ਵਜ਼ੀਰਾਬਾਦ ਥਾਣੇ ਦੇ ਇੱਕ ਅਧਿਕਾਰੀ ਨੇ ਦੱਸਿਆ ਕਿ ਐਤਵਾਰ ਨੂੰ ਹੋਏ ਸਮਾਗਮ ਵਿੱਚ 250 ਤੋਂ ਲੈ ਕੇ 300 ਲੋਕ ਸ਼ਾਮਲ ਹੋਏ ਅਤੇ ਸਾਰੇ ਪੈਦਲ ਚੱਲਦੇ ਸਨ।

# ਆਮਦਨ ਟੈਕਸ ਵਿਭਾਗ ਵੱਲੋਂ ਹਵਾਲਾ ਕਾਰੋਬਾਰੀਆਂ ’ਤੇ ਛਾਪੇ

*** 5.26 ਕਰੋੜ ਦੀ ਨਕਦੀ ਅਤੇ ਗਹਿਣੇ ਬਰਾਮਦ**



ਨਵੀਂ ਦਿੱਲੀ, 29 ਅਕਤੂਬਰ (ਪੋਸਟ ਬਿਊਰੋ)- ਆਮਦਨ ਟੈਕਸ ਵਿਭਾਗ ਨੇ ਕਈ ਹਵਾਲਾ ਅਪਰੇ-ਟਰਾਂ ਤੇ ਨਕਲੀ ਬਿੱਲ ਬਣਾਉਣ ਵਾਲੇ ਬਹੁਤ ਸਾਰੇ ਲੋਕਾਂ ਦੇ ਅੱਡਿਆਂ ’ਤੇ ਛਾਪੇ ਮਾਰੇ ਅਤੇ 5.26 ਕਰੋੜ ਰੁਪਏ ਦੇ ਗਹਿਣੇ ਤੇ ਨਕਦੀ ਬਰਾਮਦ ਕੀਤੀ ਹੈ। ਸਿੱਧੇ ਟੈਕਸਾਂ ਬਾਰੇ ਕੇਂਦਰੀ ਬੋਰਡ (ਸੀ ਬੀ ਡੀ ਟੀ) ਨੇ ਕਿਹਾ ਕਿ ਬੀਤੇ ਦਿਨੀਂ ਪੰਜਾਬ, ਹਰਿਆਣਾ, ਦਿੱਲੀ-ਐਨ ਸੀ ਆਰ, ਉਤਰਾ ਖੰਡ ਅਤੇ ਗੋਆ ਵਿੱਚ 42 ਥਾਵਾਂ ’ਤੇ ਛਾਪੇ ਮਾਰੇ ਗਏ ਸਨ।

ਇਸ ਸੰਬੰਧ ਵਿੱਚ ਅਧਿਕਾਰੀਆਂ ਨੇ ਕਿਹਾ ਕਿ ਇਹ ਕਾਰਵਾਈ ਐਂਟਰੀ ਅਪਰੇਸ਼ਨ ਚਲਾਉਣ ਵਾਲੇ ਲੋਕਾਂ (ਹਵਾਲਾ ਵਰਗੇ ਅਪਰੇਸ਼ਨ) ਅਤੇ ਝੂਠੇ ਬਿੱਲਾਂ ਰਾਹੀਂ ਪੈਸਾ ਕਮਾਉਣ ਵਾਲਿਆਂ ਵਿਰੁੱਧ ਕੀਤੀ ਗਈ ਸੀ। ਸੀ ਬੀ ਡੀ ਟੀ ਨੇ ਬਿਆਨ ਵਿੱਚ ਕਿਹਾ ਕਿ ਛਾਪੇ ਦੌਰਾਨ 2.37 ਕਰੋੜ ਰੁਪਏ ਦੀ ਨਕਦੀ ਅਤੇ 2.89 ਕਰੋੜ ਰੁਪਏ ਦੇ ਗਹਿਣੇ ਮਿਲੇ ਹਨ ਅਤੇ 17 ਬੈਂਕ ਲਾਕਰਾਂ ਦਾ ਪਤਾ ਲੱਗਾ ਹੈ ਜਿਨ੍ਹਾਂ ਦੀ ਹਾਲੇ ਤਲਾਸ਼ੀ ਨਹੀਂ ਲਈ ਗਈ। ਵਿਭਾਗ ਨੇ ਇੱਕ ਬਿਆਨ ਵਿੱਚ ਦੱਸਿਆ ਕਿ ਕਈ ਟੀਮਾਂ ਨੇ ਬੀਤੇ ਦਿਨੀਂ ਫਰਜ਼ੀ ਬਿੱਲਾਂ ਰਾਹੀਂ ਵੱਡੀ ਪੱਧਰ ’ਤੇ ਪੈਸੇ ਕਮਾਉਣ ਦਾ ਰੈਕੇਟ ਚਲਾਣ ਵਾਲੇ ਵਿਅਕਤੀਆਂ ਦੇ ਇੱਕ ਵੱਡੇ ਨੈਟਵਰਕ ਨੂੰ ਲੱਭ ਕੇ ਉਨ੍ਹਾਂਦੇ ਖਿਲਾਫ ਕਾਰਵਾਈ ਕੀਤੀ ਗਈ ਹੈ। ਆਮਦਨ ਟੈਕਸ ਵਿਭਾਗ ਨੇ ਪੰਜਾਬ, ਹਰਿਆਣਾ, ਦਿੱਲੀ ਐਨ ਸੀ ਆਰ, ਉਤਰਾ ਖੰਡ ਅਤੇ ਗੋਆ ਵਿੱਚ 42 ਥਾਵਾਂ ’ਤੇ ਛਾਪੇ ਮਾਰ ਕੇ ਤਲਾਸ਼ੀ ਲਈ ਹੈ। ਇਸ ਦੌਰਾਨ ਡਾਟਾ ਐਂਟਰੀ ਅਪਰੇਟਰਾਂ, ਦਲਾਲਾਂ, ਨਕਦੀ ਸੰਚਾਲਕਾਂ, ਫਰਮਾਂ ਤੇ ਕੰਪਨੀਆਂ ਦੇ ਪੂਰੇ ਨੈਟਵਰਕ ਦਾ ਪਰਦਾ ਫਾਸ਼ ਕਰਨ ਵਾਲੇ ਸਬੂਤ ਜ਼ਬਤ ਕੀਤੇ ਗਏ ਹਨ। ਵਿਭਾਗ ਨੇ ਕਿਹਾ ਕਿ ਕਈ ਕੰਪਨੀਆਂ ਜਾਂ ਫਰਮਾਂ ਵੱਲੋਂ ਵਰਤੋਂ ਕੀਤੇ ਗਏ ਫਰਜ਼ੀ ਬਿੱਲਾਂ ਅਤੇ ਜਾਰੀ ਕੀਤੇ ਗਏ ਅਸੁਰੱਖਿਅਤ ਬਿੱਲਾਂ ਦੇ ਬਦਲੇ ਵਿੱਚ ਬੇਹਿਸਾਬ ਫੰਡ ਅਤੇ ਨਕਦੀ ਫੜੀ ਗਈ ਹੈ।

# ਪੈਦਾਵਾਰ ਘਟਣ ਨਾਲ ਚਾਹ ਪੁੱਛਣੀ ਵੀ ਮਹਿੰਗੀ ਹੋਈ

*** ਅਸਾਮ, ਬੰਗਾਲ ਤੇ ਕੇਰਲ ’ਚ ਚਾਹ ਦੀ ਪੈਦਾਵਾਰ ਘਟੀ**

ਕੋਲਕਾਤਾ, 29 ਅਕਤੂਬਰ (ਪੋਸਟ ਬਿਊਰੋ)- ਭਾਰਤ ਵਿੱਚ ਇਸ ਸਾਲ ਜ਼ਿਆਦਾ ਮੀਂਹ ਅਤੇ ਲਾਕਡਾਊਨ ਕਾਰਨ ਚਾਹ ਦੀ ਪੈਦਾਵਾਰ ਘੱਟ ਹੋਣ ਨਾਲ ਕੀਮਤਾਂ ’ਚ ਵਾਧਾ ਹੋਇਆ ਹੈ। ਜਨਵਰੀ ਤੋਂ ਸਤੰਬਰ ਤੱਕ ਚਾਹ ਨਿਲਾਮੀ ਦੇ ਔਸਤ ਮੁੱਲ ’ਚ ਜਨਵਰੀ ਤੋਂ ਸਤੰਬਰ 2019 ਦੇ ਮੁਕਾਬਲੇ 31 ਫੀਸਦੀ ਵਾਧਾ ਹੋਇਆ ਹੈ। ਇਸ ਕਾਰਨ ਪੈਕੇਟ ਬੰਦ ਚਾਹ ਵਾਲੀਆਂ ਕੰਪਨੀਆਂ ਨੇ ਵੀ ਕੀਮਤਾਂ ਵਿੱਚ 20-22 ਫੀਸਦੀ ਵਾਧਾ ਕੀਤਾ ਹੈ।

ਕੋਲਕਾਤਾ ਵਿਚਲੇ ਭਾਰਤੀ ਚਾਹ ਬੋਰਡ ਨੇ ਨਵੇਂ ਅੰਕੜਿਆਂ ਦੇ ਅਨੁਸਾਰ ਇਸ ਸਾਲ ਜਨਵਰੀ ਤੋਂ ਸਤੰਬਰ ਦੌਰਾਨ ਤਿੰਨ ਤਿਮਾਹੀਆਂ ਵਿੱਚ ਭਾਰਤੀ ਨੀਲਾਮੀ ਵਿੱਚ ਚਾਹ ਦੀ ਔਸਤ ਕੀਮਤ 44.03 ਰੁਪਏ ਵਧ ਕੇ 185.76 ਰੁਪਏ ਕਿਲੋ ਹੋ ਗਈ। ਪਿਛਲੇ ਸਾਲ ਇਹ 141.73 ਕਰੋੜ ਰੁਪਏ ਪ੍ਰਤੀ ਕਿਲੋ ਸੀ। ਭਾਰਤੀ ਚਾਹ ਐਸੋਸੀਏਸ਼ਨ ਦੇ ਸੈਕਟਰੀ ਸੁਜੀਤ ਪਾਤਰਾ ਨੇ ਦੱਸਿਆ ਕਿ ਭਾਰਤ ਵਿੱਚ ਆਸਾਮ ਤੇ ਬੰਗਾਲ ਪ੍ਰਮੁੱਖ ਚਾਹ ਉਤਪਾਦਕ ਸੂਬੇ ਹਨ, ਜਿੱਥੇ ਪਹਿਲਾਂ ਲਾਕਡਾਊਨ ਕਾਰਨ ਚਾਹ ਦੇ ਬਾਗਾਂ ਵਿੱਚ ਕੰਮ ਠੱਪ ਪੈ ਗਿਆ ਸੀ। ਫਿਰ ਪਿਛਲੇ ਤਿੰਨ-ਚਾਰ ਮਹੀਨਿਆਂ ਵਿੱਚ ਭਾਰੀ ਮੀਂਹ ਅਤੇ ਹੜ੍ਹਦੇ ਹਾਲਾਤ ਕਾਰਨ ਪੈਦਾਵਾਰ ’ਤੇ ਅਸਰ ਪਿਆ ਹੈ। ਇਸ ਸਾਲ ਦੇ ਪਹਿਲੇ 9 ਮਹੀਨਿਆਂ ਵਿੱਚ 15 ਕਰੋੜ ਕਿਲੋ ਚਾਹ ਦੀ ਪੈਦਾਵਾਰ ਘਟੀ ਹੈ। ਟੀ ਬੋਰਡ ਦੇ ਅੰਕੜਿਆਂ ਮੁਤਾਬਕ ਮੌਸਮ ਵਧੀਆ ਨਾ ਹੋਣ ਕਾਰਨ ਇਸ ਸਾਲ ਚਾਹ ਦੀ ਪੈਦਾਵਾਰ 15 ਤੋਂ 18 ਫੀਸਦੀ ਘਟਣ ਦਾ ਡਰ ਹੈ। ਜਨਵਰੀ ਤੋਂ ਸਤੰਬਰ 2020 ਵਿੱਚ ਦੇਸ਼ ਵਿੱਚ ਚਾਹ ਦੀ ਕੁੱਲ ਪੈਦਾਵਾਰ 67.1 ਕਰੋੜ ਕਿਲੋ ਰਹੀ, ਜਦ ਕਿ ਪਿਛਲੇ ਸਾਲ ਇਸੇ ਸਮੇਂ ਦੌਰਾਨ ਇਹ 82.3 ਕਰੋੜ ਕਿਲੋ ਸੀ। ਚਾਹ ਦੀ ਪੈਦਾਵਾਰ ਦੱਖਣੀ ਭਾਰਤ ਦੇ ਮੁਕਾਬਲੇ ਪੂਰਬ-ਉਤਰ ਵਿੱਚ ਜ਼ਿਆਦਾ ਪ੍ਰਭਾਵਤ ਹੋਈ ਹੈ।

ਜਾਣਕਾਰ ਸੂਤਰਾਂ ਦਾ ਕਹਿਣਾ ਹੈ ਕਿ ਇਸ ਸਾਲ ਦੀ ਆਖਰੀ ਤਿਮਾਹੀ ’ਚ ਵੀ ਰਿਕਵਰੀ ਦੀ ਸੰਭਾਵਨਾ ਨਹੀਂ ਹੈ। ਭਾਰਤੀ ਚਾਹ ਐਕਸਪੋਰਟਰ ਐਸੋਸੀਏਸ਼ਨ (ਆਈ ਟੀ ਈ ਏ) ਦੇ ਚੇਅਰਮੈਨ ਅੰਸ਼ੂਮਾਨ ਕਨੌਰੀਆ ਨੇ ਦੱਸਿਆ ਕਿ ਇਸ ਸਾਲ ਭਾਰਤ ਦੀ ਚਾਹ ਬਰਾਮਦ ਵੀ ਪ੍ਰਭਾਵਤ ਹੋਵੇਗੀ, ਕਿਉਂਕਿ ਕੀਨੀਆ ’ਚ ਪੈਦਾਵਾਰ ਤੀਹ ਫੀਸਦੀ ਤੋਂ ਜ਼ਿਆਦਾ ਵਧੀ ਹੈ ਅਤੇ ਇਸ ਦੀਆਂ ਕੀਮਤਾਂ ਘੱਟ ਹਨ। ਚਾਹ ਬੋਰਡ ਦੇ ਅੰਕੜਿਆਂ ਅਨੁਸਾਰ ਪਿਛਲੇ ਸਾਲ ਕਰੀਬ 25.2 ਕਰੋੜ ਕਿਲੋ ਚਾਹ ਦੀ ਐਕਸਪੋਰਟ ਹੋਈ ਸੀ। ਉਨ੍ਹਾਂ ਕਿਹਾ ਕਿ ਇਸ ਸਾਲ ਸਾਨੂੰ ਖਦਸ਼ਾ ਹੈ ਕਿ ਐਕਸਪੋਰਟ ਦਾ ਘੇਰਾ ਘਟ ਕੇ 18 ਕਰੋੜ ਕਿਲੋ ਦੇ ਨੇੜੇ-ਤੇੜੇ ਰਹਿ ਜਾਵੇਗਾ। ਭਾਰਤ ਵਿੱਚ ਚਾਹ ਦੀਆਂ ਇੱਕ ਤੋਂ ਇੱਕ ਵਧੀਆ ਕਿਸਮਾਂ ਹਨ। ਇਨ੍ਹਾਂ ਵਿੱਚੋਂ ਆਸਾਮ, ਦਾਰਜੀਲਿੰਗ ਤੇ ਨੀਲਗਿਰੀ ਦੀ ਚਾਹ ਦੁਨੀਆ ਵਿੱਚ ਮਸ਼ਹੂਰ ਹੈ ਤੇ ਇਨ੍ਹਾਂ ਦੀ ਹੀ ਸਭ ਤੋਂਵੱਧ ਮੰਗ ਰਹਿੰਦੀ ਹੈ। ਚਾਹ ਦੀਆਂ ਸਾਰੀਆਂ ਕਿਸਮਾਂ ਵਿੱਚੋਂ ਦਾਰਜੀਲਿੰਗ ਦੀ ਮਕਈਬਾਰੀ ਚਾਹ ਸਭ ਤੋਂ ਮਹਿੰਗੀ ਹੈ। 155 ਸਾਲ ਪੁਰਾਣੇ ਇਸ ਬਾਗ ਦੀ ਚਾਹ ਨੀਲਾਮੀ ਵਿੱਚ ਆਮ ਤੌਰ ’ਤੇ ਵੀਹ ਹਜ਼ਾਰ ਰੁਪਏ ਤੋਂ ਇੱਕ ਲੱਖ ਰੁਪਏ ਕਿਲੋ ਤੱਕ ਵਿਕਦੀ ਹੈ।

# ਕੋਰਟ ਨੇ ਰਾਹੁਲ ਗਾਂਧੀ ਨੂੰ ਮਾਣ-ਹਾਨੀ ਕੇਸ ਵਿੱਚ ਨਿੱਜੀ ਪੇਸ਼ੀ ਤੋਂ ਛੋਟ ਦਿੱਤੀ

ਅਹਿਮਦਾਬਾਦ, 29 ਅਕਤੂਬਰ (ਪੋਸਟ ਬਿਊਰੋ)- ਗੁਜਰਾਤ ਵਿੱਚ ਅਹਿਮਦਾਬਾਦ ਦੀ ਇੱਕ ਕੋਰਟ ਨੇ ਮਾਣ ਹਾਨੀ ਨਾਲ ਜੁੜੇ ਕੇਸ ਵਿੱਚ ਕਾਂ-ਗਰਸ ਦੇ ਸਾਬਕਾ ਪ੍ਰਧਾਨ ਰਾਹੁਲ ਗਾਂਧੀ ਨੂੰ ਨਿੱਜੀ ਪੇਸ਼ੀ ਤੋਂ ਛੋਟ ਦੇ ਦਿੱਤੀ ਹੈ।

ਹਾਕਮ ਧਿਰ ਭਾਜਪਾ ਦੇ ਨੇਤਾ ਅਤੇ ਸਥਾਨਕ ਮਹਾਨਗਰ ਪਾਲਿਕਾ ਦੇ ਚੁਣੇ ਗਏ ਮੈਂਬਰ ਕ੍ਰਿਸ਼ਨ ਵਦਨ ਬ੍ਰਹਮ ਭੱਟ ਨੇ ਰਾਹੁਲ ਗਾਂਧੀ ਵੱਲੋਂ ਪਿਛਲੇ ਸਾਲ ਲੋਕ ਸਭਾ ਚੋਣਾਂ ਤੋਂ ਪਹਿਲਾਂ ਮੱਧ ਪ੍ਰਦੇਸ਼ ਦੇ ਜਬਲਪੁਰ ਦੀ ਇੱਕ ਰੈਲੀ ਵਿੱਚ ਅਮਿਤ ਸ਼ਾਹ ਨੂੰ ਕਤਲ ਦਾ ਦੋਸ਼ੀ ਕਹਿਣ ’ਤੇ ਇਹ ਕੇਸ ਦਰਜ ਕਰਾਇਆ ਸੀ। ਰਾਹੁਲ ਗਾਂਧੀ ਨੂੰ ਇਸ ਬਾਰੇ ਕੋਰਟ ਵਿੱਚ ਪੇਸ਼ ਹੋ ਕੇ ਜ਼ਮਾਨਤ ਕਰਵਾਉਣੀ ਪਈ ਸੀ। ਉਨ੍ਹਾਂ ਦੇ ਵਕੀਲ ਨੇ ਉਨ੍ਹਾਂ ਦੇ ਰੁਝੇਵਿਆਂ ਦਾ ਹਵਾਲਾ ਦਿੰਦੇ ਹੋਏ ਰੋਜ਼ਾਨਾ ਨਿੱਜੀ ਪੇਸ਼ੀ ਤੋਂ ਛੋਟ ਦੀ ਦਰਖਾਸਤ ਦਿੱਤੀ ਸੀਮ ਜਿਸ ਨੂੰ ਚੀਫ ਮੈਟਰੋਪਾਲੀਟਨ ਮੈਜਿਸਟਰੇਟ ਆਰ ਬੀ ਇਟਾਲੀਆ ਨੇ ਮਨਜ਼ੂਰ ਕਰ ਲਿਆ ਹੈ। ਗੁਜਰਾਤ ਦੀਆਂ ਦੋ ਹੋਰਨਾਂ ਅਦਾਲਤਾਂ ਵਿੱਚ ਵੀ ਰਾਹੁਲ ਗਾਂਧੀ ਦੇ ਖਿਲਾਫ ਮਾਣਹਾਨੀ ਦੇ ਦੋ ਹੋਰ ਮਾਮਲੇ ਚੱਲ ਰਹੇ ਹਨ। ‘ਸਾਰੇ ਮੋਦੀ ਚੋਰ ਹਨ’ ਕਹਿਣ ਉੱਤੇ ਰਾਹੁਲ ਗਾਂਧੀ ਦੇ ਖਿਲਾਫ ਭਾਜਪਾ ਦੇ ਨੇਤਾ ਪੂਰਨੇਸ਼ ਮੋਦੀ ਨੇ ਸੂਰਤ ਵਿੱਚ ਕੇਸ ਦਰਜ ਕਰਾਇਆ ਹੈ।ਓਦੋਂ ਪਹਿਲਾਂ ਨੋਟਬੰਦੀ ਪਿਛੋਂ ਅਹਿਮਦਾ-ਬਾਦ ਕੋਆਪਰੇਟਿਵ ਬੈਂਕ ਉਤੇ 750 ਕਰੋੜ ਰੁਪਏ ਦੇ ਪੁਰਾਣੇ ਨੋਟ ਬਦਲਣ ਦਾ ਦੋਸ਼ ਲਾਉਣ ’ਤੇ ਬੈਂਕ ਦੇ ਪ੍ਰਧਾਨ ਅਜੈ ਪਟੇਲ ਨੇ ਮਾਣਹਾਨੀ ਕੇਸ ਕੀਤਾ ਸੀ। ਸ਼ਾਹ ਇਸ ਬੈਂਕ ਦੇ ਡਾਇਰੈਕਟਰਾਂ ਵਿੱਚੋਂ ਇੱਕ ਸਨ। ਇਸ ਕੇਸ ਵਿੱਚ ਵੀ ਪੇਸ਼ੀ ਤੋਂ ਛੋਟ ਦੀ ਰਾਹੁਲ ਗਾਂਧੀ ਦੀ ਅਰਜ਼ੀ ’ਤੇ ਸਥਾਨਕ ਕੋਰਟ ਨੇ ਆਪਣਾ ਫੈਸਲਾ ਅਜੇ ਤੱਕ ਰਾਖਵਾਂ ਰੱਖਿਆ ਹੋਇਆ ਹੈ।

jobs! jobs! jobs! jobs! jobs!

DUNDAS · JAFINE

HELP WANTED

ਕਾਮਿਆਂ ਦੀ ਲੋੜ

ਜਨਰਲ ਲੇਬਰ ਦਾ ਕੰਮ ਉਪਲੱਬਧ ਹੈ

ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।
ਤਿੰਨੋਂ ਸ਼ਿਫਟਾਂ : Day ਅਤੇ Afternoon Available ਹਨ

ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ

ਅਪਲਾਈ ਕਰਨ ਲਈ ਆਪ ਪਹੁੰਚੋ:
110 Glidden Rd., Brampton

ਜਾਂ ਫੇਰ ਈ-ਮੇਲ ਕਰੋ:
jbrown@dundasjafine.com
kkaur@dundasjafine.com

# ਕੇਂਦਰ ਸਰਕਾਰ ਨੂੰ ਪਤਾ ਨਹੀਂ ਕਿ ਉਸ ਦੀ ‘ਅਰੋਗਿਆ ਸੇਤੂ ਐਪ’ ਕਿਸ ਨੇ ਬਣਾਈ ਹੈ

*** ਆਰ ਟੀ ਆਈ ਤਹਿਤ ਮੰਗੀ ਜਾਣਕਾਰੀ ਦਾ ‘ਗੋਲਮੋਲ’ ਜਵਾਬ ਮਿਲਿਆ**




ਨਵੀਂ ਦਿੱਲੀ, 29 ਅਕਤੂਬਰ (ਪੋਸਟ ਬਿਊਰੋ)- ਭਾਰਤ ਸਰਕਾਰ ਦੇ ਕੇਂਦਰੀ ਸੂਚਨਾ ਕਮਿਸ਼ਨ ਨੇ ਇਸ ਬਾਰੇ ’ਨੈਸ਼ਨਲ ਇਨਫਾਰਮੈਟਿਕਸ ਸੈਂਟਰ’ (ਐਨ ਆਈ ਸੀ) ਤੋਂ ਜਵਾਬ ਮੰਗਿਆ ਹੈ ਕਿ ਜਦ ‘ਅਰੋਗਿਆ ਸੇਤੂ ਐਪ’ ਦੀ ਵੈਬਸਾਈਟ ’ਤੇ ਉਸ ਦਾ ਨਾਂਅ ਹੈ ਤਾਂ ਫਿਰ ਉਨ੍ਹਾਂ ਕੋਲ ਇਸ ਐਪ ਨੂੰ ਵਿਕਸਤ ਕਰਨ ਬਾਰੇ ਜਾਣਕਾਰੀ ਕਿਉਂਨਹੀਂ ਹੈ ?

ਕਮਿਸ਼ਨ ਨੇ ਇਸ ਸਵਾਲ ਬਾਰੇ ਕਈ ਮੁੱਖ ਲੋਕ ਸੂਚਨਾ ਅਧਿਕਾਰੀਆਂ (ਸੀ ਪੀ ਆਈ ਓਜ਼) ਸਣੇ ਨੈਸ਼ਨਲ ਈ-ਗਵਰਨੈਂਸ ਡਵੀਜ਼ਨ (ਐਨ ਈ ਜੀ ਡੀ), ਇਲੈਕਟ੍ਰੋਨਿਕਸ ਤੇ ਸੂਚਨਾ ਤਕਨੀਕ ਮੰਤਰਾਲੇ ਅਤੇ ਐਨ ਆਈ ਸੀ ਨੂੰ ਕਾਰਨ ਦੱਸੋ ਨੋਟਿਸ ਜਾਰੀ ਕੀਤਾ ਅਤੇਉਨ੍ਹਾਂ ਤੋਂ ਨੋਟਿਸ ਵਿੱਚ ਸਪੱਸ਼ਟੀਕਰਨ ਮੰਗਿਆ ਹੈ ਕਿ ਕਰੋੜਾਂ ਲੋਕਾਂ ਵੱਲੋਂ ਇਸਤੇਮਾਲ ਕੀਤੀ ਜਾ ਰਹੀ ਇਸ ‘ਕੰਟੈਕਟ ਟਰੇਸਿੰਗ’ ਐਪ ਬਾਰੇ ਦਾਇਰ ਕੀਤੀ ਗਈ ਇੱਕ ਆਰ ਟੀ ਆਈ ਅਰਜ਼ੀ ਦਾ ਸਪੱਸ਼ਟ ਜਵਾਬ ਉਨ੍ਹਾਂ ਸਾਰਿਆਂ ਨੇ ਕਿਉਂਨਹੀਂ ਦਿੱਤਾ ਹੈ?

ਅਸਲ ਵਿੱਚ ਕੋਰੋਨਾ ਵਾਇਰਸ ਦੀ ਮਾਰ ਦੇ ਦੌਰਾਨ ਭਾਰਤ ਸਰਕਾਰ ਵੱਲੋਂ ਇਸ ‘ਅਰੋਗਿਆ ਸੇਤੂ ਐਪ’ਦੀ ਵਰਤੋਂ ਨੂੰ ਉਤਸ਼ਾਹਤ ਕੀਤਾ ਗਿਆ ਹੈ। ਇਸ ਐਪ ਦੀ ਵੈਬਸਾਈਟ ਕਹਿੰਦੀ ਹੈ ਕਿ ਇਸ ਨੂੰ ਐਨ ਆਈ ਸੀ ਅਤੇ ਆਈ ਟੀ ਮੰਤਰਾਲੇ ਨੇ ਡਿਵੈਲਪ ਕੀਤਾ ਹੈ, ਪਰ ਇਸ ਐਪ ਬਾਰੇ ਪਾਈ ਗਈ ਸੂਚਨਾ ਅਧਿਕਾਰ (ਆਰ ਟੀ ਆਈ) ਦੀ ਅਰਜ਼ੀ ਵਿੱਚ ਦੋਵਾਂ ਧਿਰਾਂ ਨੇ ਕਿਹਾ ਹੈ ਕਿ ਉਨ੍ਹਾਂ ਕੋਲ ਇਸ ਬਾਰੇ ਜਾਣਕਾਰੀ ਨਹੀਂ ਕਿ ਇਸ ਐਪ ਨੂੰ ਕਿਸ ਨੇ ਵਿਕਸਤ ਕੀਤਾ ਹੈ। ਇਸ ਦੇ ਬਾਅਦ ਸੂਚਨਾ ਕਮਿਸ਼ਨ ਨੇ ‘ਗੋਲਮੋਲ’ ਜਵਾਬ ਬਾਰੇ ਸਰਕਾਰ ਨੂੰ ਨੋਟਿਸ ਭੇਜ ਕੇ ਕਿਹਾ ਹੈ ਕਿ ‘ਅਧਿਕਾਰੀਆਂ ਵੱਲੋਂ ਸੂਚਨਾ ਦੇਣ ਤੋਂ ਇਨਕਾਰ ਕੀਤੇ ਜਾਣ ਨੂੰ ਸਵੀਕਾਰ ਨਹੀਂ ਕੀਤਾ ਜਾਵੇਗਾ।’

ਸਮਾਜਕ ਕਾਰਕੁਨ ਸੌਰਵ ਦਾਸ ਨੇ ਸੂਚਨਾ ਕਮਿਸ਼ਨ ਨੂੰ ਸ਼ਿਕਾਇਤ ਕੀਤੀ ਸੀ ਕਿ ਐਪ ਦੀ ਡਿਵੈਲਪਮੈਂਟ ਬਾਰੇ ਕਈ ਮੰਤਰਾਲੇ ਸਪੱਸ਼ਟ ਸੂਚਨਾ ਦੇਣ ਵਿੱਚ ਅਸਫਲ ਰਹੇ ਹਨ।ਸੂਚਨਾ ਕਮਿਸ਼ਨ ਨੇ ਸਾਰੀਆਂ ਸਬੰਧਤ ਯੂਨਿਟਾਂ ਨੂੰ ਨੋਟਿਸ ਜਾਰੀ ਕਰ ਕੇ ਪੁੱਛਿਆ ਹੈ ਕਿ ‘ਸੂਚਨਾ ਦੇਣ ਵਿੱਚ ਰੁਕਾਵਟ ਪੈਦਾ ਕਰਨ’ ਅਤੇ ਆਰ ਟੀ ਆਈ ਅਰਜ਼ੀ ਉਤੇ ਗੋਲਮੋਲ ਜਵਾਬ ਦੇਣ ਉਤੇ ਉਨ੍ਹਾਂ ਖਿਲਾਫ ਕਾਰਵਾਈ ਕਿਉਂ ਨਾ ਕੀਤੀ ਜਾਵੇ। ਸੌਰਵ ਦਾਸ ਨੇ ਐਪ ਦੀ ਸ਼ੁਰੂਆਤੀ ਤਜਵੀਜ਼, ਇਸ ਨੂੰ ਮਿਲੀ ਮਨਜ਼ੂਰੀ, ਕੰਮ ਵਿੱਚ ਸ਼ਾਮਲ ਕੰਪਨੀਆਂ, ਵਿਅਕਤੀਆਂ ਤੇ ਸਰਕਾਰੀ ਵਿਭਾਗਾਂ ਬਾਰੇ ਜਾਣਕਾਰੀ ਮੰਗੀ ਸੀ। ਉਨ੍ਹਾਂ ਨੇ ਐਪ ਵਿਕਸਤ ਕਰਨ ਨਾਲ ਜੁੜੇ ਹੋਏ ਲੋਕਾਂ ਵਿਚਾਲੇ ਹੋਏ ਸੂਚਨਾਵਾਂ ਦੇ ਤਬਾਦਲੇ ਦੀਆਂ ਕਾਪੀਆਂ ਵੀ ਮੰਗੀਆਂ ਸਨ। ਉਸ ਦੀ ਅਰਜ਼ੀ ਦੋ ਮਹੀਨਿਆਂ ਤੱਕ ਵੱਖ-ਵੱਖ ਸਰਕਾਰੀ ਵਿਭਾਗਾਂ ਕੋਲ ਘੁੰਮਦੀ ਰਹੀ। ਐਨ ਆਈ ਸੀ ਨੇ ਵਾਰ-ਵਾਰ ਕਿਹਾ ਕਿ ਐਪ ਦੇ ਵਿਕਸਤ ਹੋਣ ਨਾਲ ਜੁੜੀ ਪੂਰੀ ਫਾਈਲ ਕੇਂਦਰ ਕੋਲ ਨਹੀਂ। ਆਈ ਟੀ ਮੰਤਰਾਲੇ ਨੇ ਫਿਰ ਇਹ ਆਰ ਟੀ ਆਈ ਅਰਜ਼ੀ ਨੈਸ਼ਨਲ ਈ-ਗਵਰਨੈਂਸ ਡਿਵੀਜ਼ਨ ਨੂੰ ਭੇਜ ਦਿੱਤੀ, ਜਿਨਾਂ ਨੇ ਕਿਹਾ ਕਿ ਜੋ ਸੂਚਨਾ ਮੰਗੀ ਗਈ ਹੈ, ਉਹ ਉਨ੍ਹਾਂ ਦੇ ਵਿਭਾਗ ਨਾਲ ਜੁੜੀ ਨਹੀਂ ਹੈ।





# ਸਵੀਡਿਸ਼ ਮਾਹਿਰ ਵੱਲੋਂ ਖੁਲਾਸਾ, ਆਰਮੇਨੀਆ ਵਿਰੁੱਧ ਜਹਾਦੀ ਭੇਜ ਰਹੇ ਹਨ ਤੁਰਕੀ ਤੇ ਪਾਕਿਸਤਾਨ



ਸਟਾਕਹੋਮ, 29 ਅਕਤੂਬਰ (ਪੋਸਟ ਬਿਊਰੋ)- ਆਰਮੇਨੀਆ ਨਾਲ ਲੜਨ ਲਈ ਤੁਰਕੀ ਤੇ ਪਾਕਿਸਤਾਨ ਜਹਾਦੀਆਂ ਨੂੰ ਭੇਜ ਰਹੇ ਹਨ। ਆਰਮੇਨੀਆ ਅਤੇ ਅਜਰਬੈਜਾਨ ਤੁਰਕੀ ਅਤੇ ਪਾਕਿਸਤਾਨ ਦੀਆਂ ਕਾਰਵਾਈਆਂ ਤੋਂ ਪ੍ਰਭਾਵਿਤ ਨਾਗੋਰਨੋ ਕਾਰਬਾਸ਼ ਖੇਤਰ ਦੇ ਕੰਟਰੋਲ ਲਈ ਸੰਘਰਸ਼ ਕਰ ਰਹੇ ਹਨ।

ਇੱਕ ਸਵੀਡਿਸ਼ ਪੱਤਰਕਾਰ, ਤੁਰਕੀ ਮਾਹਿਰ ਤੇ ਨਾਰਟਿਕ ਨਿਗਰਾਨੀ ਖੋਜ ਨੈਟਵਰਕ ਦੇ ਡਾਇਰੈਕਟਰ ਅਬਦੁੱਲਾ ਬੋਜਕੁਲ ਨੇ ਖੁਲਾਸਾ ਕੀਤਾ ਹੈ ਕਿ ਆਰਮੇਨੀਆ ਅਤੇ ਅਜਰਬੈਜਾਨ ਵਿਚਾਲੇ ਸੰਘਰਸ਼ ਤੇ ਕੋਕੇਸ਼ਿਆਨ 'ਚ ਧਾਰਮਿਕ ਜੰਗਾਂ ਨੂੰ ਪ੍ਰੇਰਿਤ ਕਰਨ 'ਚ ਤੁਰਕੀ ਅਤੇ ਪਾਕਿਸਤਾਨ ਦੀ ਭੂਮਿਕਾ ਕੋਈ ਨਵੀਂ ਗੱਲ ਨਹੀਂ ਹੋਈ। ਇਹ ਦੋਵੇਂ ਦੇਸ਼ ਅੱਗੇ ਵੀ ਆਰਮੇਨੀਆ ਦੇ ਖ਼ਿਲਾਫ਼ ਅਜਰਬੈਜਾਨ ਨੂੰ ਉਕਸਾਉਂਦੇ ਰਹੇ ਹਨ। ਆਰਮੇਨੀਆਈ ਵਿਦੇਸ਼ ਮੰਤਰਾਲੇ ਦੇ ਸਾਬਕਾ ਅਧਿਕਾਰੀ ਅਰਸਤੂ ਕੋਸਟਾਨੀਅਨ ਨੇ ਕਿਹਾ ਕਿ ਆਰਮੇਨੀਆ ਨੂੰ ਜਿੱਤਣ ਲਈ ਤੁਰਕੀ ਦੇ ਰਾਸ਼ਟਰਪਤੀ ਰੇਸੇਪ ਤਈਅਪ ਏਰਦੋਗਾਨ ਕੋਲ ਇੱਕ ਸ਼ਾਨਦਾਰ ਯੋਜਨਾ ਸੀ। ਇਹ ਇਸ ਲਈ ਹੋਇਆ ਕਿਯੂਰਪੀ ਯੂਨੀਅਨ ਵਰਗੀਆਂ ਵੱਡੀਆਂ ਤਾਕਤਾਂ ਨੇ ਤੁਰਕੀ ਦੀਆਂ ਨੀਤੀਆਂ ਦੀ ਆਲੋਚਨਾ ਕਰਨ ਤੋਂ ਪਰਹੇਜ਼ ਕੀਤਾ। ਅਜਰਬੈਜਾਨ ਦਾ ਸਮਰਥਨ ਕਰ ਕੇ ਤੁਰਕੀ ਇਸਲਾਮੀ ਅਗਵਾਈ 'ਤੇ ਜ਼ੋਰ ਦੇਣਾ ਚਾਹੁੰਦਾ ਹੈ।

ਪਾਕਿਸਤਾਨ ਦਾ ਰਵੱਈਆ ਵੀ ਆਰਮੇਨੀਆ ਪ੍ਰਤੀ ਦੁਸ਼ਮਣੀ ਵਾਲਾ ਹੈ ਅਤੇ ਇਸ ਨੂੰ ਇੱਕ ਰਾਸ਼ਟਰ ਦੇ ਰੂਪ 'ਚ ਮਾਨਤਾ ਨਹੀਂ ਦਿੰਦਾ। ਨਤੀਜੇ ਵਜੋਂ ਇਹ ਜਹਾਦੀਆਂ ਨੂੰ ਭਾੜੇ ਦੇ ਫੌਜੀਆਂ ਵਾਂਗ ਆਰਮੇਨੀਆ ਨਾਲ ਲੜਨ ਲਈ ਭੇਜਦਾ ਹੈ। ਪਾਕਿਸਤਾਨ ਨੇ ਇਨ੍ਹਾਂ ਸਰਹੱਦ ਪਾਰ ਅੱਤਵਾਦੀ ਤਕਨੀਕਾਂ 'ਚ ਮੁਹਾਰਤ ਹਾਸਲ ਕੀਤੀ ਹੈ ਅਤੇ ਦਹਾਕਿਆਂ ਤੋਂ ਵਿਸ਼ਵ ਪੱਧਰੀ ਜਹਾਦ ਨੂੰ ਉਤਸ਼ਾਹ ਦੇ ਰਿਹਾ ਹੈ, ਪਰ ਇਹ ਕਦੇ ਵੀ ਕਿਸੇ ਵੀ ਹਾਲਾਤ 'ਚ ਨਹੀਂ ਰੁਕਦਾ। ਵਰਨਣ ਯੋਗ ਹੈ ਕਿ ਆਰਮੇਨੀਆ ਅਤੇ ਅਜਰਬੈਜਾਨ ਵਿਚਾਲੇ ਜਾਰੀ ਜੰਗ ਨੇ ਹਜ਼ਾਰਾਂ ਲੋਕਾਂ ਦੀ ਜ਼ਿੰਦਗੀ ਤਬਾਹ ਕਰ ਦਿਤੀ ਹੈ। ਅਜਰਬੈਜਾਨ ਜਾਣ ਬੁੱਝ ਕੇ ਆਰਮੇਨੀਆ ਦੇ ਰਿਹਾਇਸ਼ੀ ਇਲਾਕਿਆਂ ਨੂੰ ਨਿਸ਼ਾਨਾ ਬਣਾ ਰਿਹਾ ਹੈ। ਤੁਰਕੀ ਅਤੇ ਪਾਕਿਸਤਾਨ ਜੰਗ 'ਚ ਅਜਰਬੈਜਾਨ ਦਾ ਸਮਰਥਨ ਕਰ ਰਹੇ ਹਨ, ਜਿਸ ਦੇ ਜ਼ੋਰ 'ਤੇ ਉਹ ਆਰਮੇਨੀਆ ਨੂੰ ਬਰਬਾਦ ਕਰਨ 'ਤੇ ਤੁਲੇ ਹਨ।

## ਸਰਕਾਰੀ ਗੱਡੀ ਦੇ ਲਾਊਡ ਸਪੀਕਰ ਉੱਤੋਂ 'ਟਰੰਪ 2020' ਬੋਲਣ ਵਾਲਾ ਪੁਲਸ ਮੁਲਾਜ਼ਮ ਸਸਪੈਂਡ

ਨਿਊ ਯਾਰਕ, 29 ਅਕਤੂਬਰ (ਪੋਸਟ ਬਿਊਰੋ)- ਨਿਊ ਯਾਰਕ ਪੁਲਸ ਨੇ ਕਿਹਾ ਹੈ ਕਿ ਉਸ ਨੇ ਆਪਣੇ ਇੱਕ ਅਧਿਕਾਰੀ ਨੂੰ ਇੱਕ ਵੀਡੀਓ ਵਿੱਚ ਪੈਟਰੋਲ ਵਾਹਨ ਦੇ ਲਾਊਡ ਸਪੀਕਰ ਤੋਂ ਟਰੰਪ 2020 ਬੋਲਦੇ ਨਜ਼ਰ ਆਉਣ ਉਤੇ ਇੱਕ ਦਿਨ ਬਾਅਦ ਬਿਨਾਂ ਤਨਖਾਹ ਦੇ ਸਸਪੈਂਡ ਕਰ ਦਿੱਤਾ ਹੈ। ਵਿਭਾਗੀ ਨਿਯਮਾਂ ਦੀ ਉਲੰਘਣਾਂ ਦੇ ਦੋਸ਼ ਵਿੱਚ ਉਸ ਨੂੰ ਸਸਪੈਂਡ ਕੀਤਾ ਗਿਆ, ਪਰ ਅਗਲੀ ਕਾਰਵਾਈ ਬਾਰੇ ਨਹੀਂ ਦੱਸਿਆ ਗਿਆ।

ਕਮਿਸ਼ਨਰ ਡਰਮਾਟ ਸ਼ਿਆਨ ਨੇ ਟਵੀਟ ਕੀਤਾ ਕਿ ਅਧਿਕਾਰੀ ਦਾ ਵਤੀਰਾ 100 ਫੀਸਦੀ ਸਵੀਕਾਰ ਨਾ ਕਰਨ ਦੇ ਯੋਗ ਹੈ। ਉਨ੍ਹਾਂ ਨੇ ਕਿਹਾ ਕਿ ਪੁਲਸ ਵਾਲਿਆਂ ਦਾ ਕੰਮ ਸਿਆਸਤ ਤੋਂ ਪ੍ਰਭਾਵਤ ਨਹੀਂ ਹੋਣਾ ਚਾਹੀਦਾ। ਸਸਪੈਂਡ ਕੀਤੇ ਗਏ ਪੁਲਸ ਮੁਲਾਜ਼ਮ ਦਾ ਨਾਂਅ ਫਿਲਹਾਲ ਜਨਤਕ ਨਹੀਂ ਕੀਤਾ ਗਿਆ। ਮੇਅਰ ਬਿਲ ਡੀ ਬਲਾਸੀਓ ਨੇ ਤੁਰੰਤ ਕਾਰਵਾਈ ਦਾ ਭਰੋਸਾ ਦਿੰਦੇ ਹੋਏ ਟਵੀਟ ਕੀਤਾ ਕਿ ਡਿਊਟੀ ਉੱਤੇ ਹੁੰਦਿਆਂ ਕਿਸੇ ਰਾਜਨੀਤਕ ਏਜੰਡੇ ਨੂੰ ਅੱਗੇ ਵਧਾਉਣ ਵਾਲੇ ਪੁਲਸ ਅਧਿਕਾਰੀ ਨੂੰ ਇਸ ਦਾ ਸਿੱਟਾ ਭੁਗਤਣਾ ਪਵੇਗਾ। ਵਿਭਾਗ ਦੇ ਗਸ਼ਤ ਦੇ ਨਿਯਮਾਂ ਵਿੱਚ ਅਧਿਕਾਰੀਆਂ ਨੂੰ ਕਿਸੇ ਰਾਜਨੀਤਕ ਉਮੀਦਵਾਰ ਦਾ ਪ੍ਰਚਾਰ ਕਰਨ ਜਾਂ ਜਨਤਕ ਤੌਰ 'ਤੇ ਉਮੀਦਵਾਰਾਂ ਦੇ ਬਾਰੇ ਵਰਦੀ ਜਾਂ ਡਿਊਟੀ 'ਤੇ ਰਹਿਣ ਦੇ ਦੌਰਾਨ ਆਪਣੀ ਨਿੱਜੀ ਰਾਏ ਦੇਣ ਦੀ ਮਨਾਹੀ ਹੈ। ਵੀਡੀਓ ਵਿੱਚ ਪੁਲਸ ਵਾਲਾ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਸੰਬੰਧ ਵਿੱਚ ਕਿਸੇ ਵਿਅਕਤੀ ਦੇ ਬਾਰੇ ਟਿੱਪਣੀ ਕਰ ਰਿਹਾ ਸੀ, ਜੋ ਉਸ ਦਾ ਵੀਡੀਓ ਬਣਾ ਰਿਹਾ ਸੀ। ਪੁਲਸ ਵਾਲੇ ਨੇ ਕਿਹਾ, 'ਇਸ ਨੂੰ ਯੂ-ਟਿਊਬ ਉੱਤੇ ਪਾ ਦੇਣਾ, ਇਸ ਨੂੰ ਫੇਸਬੁਕ ਉੱਤੇ ਦਿਖਾਉਣਾ। ਟਰੰਪ 2020।'

## ਪੋਲੈਂਡ 'ਚ ਗਰਭਪਾਤ ਬਾਰੇ ਫੈਸਲੇ ਖਿਲਾਫ ਲੋਕ ਸੜਕਾਂ 'ਤੇ ਆਣ ਨਿਕਲੇ




ਵਾਰਸਾ, 29 ਅਕਤੂਬਰ (ਪੋਸਟ ਬਿਊਰੋ)- ਪੋਲੈਂਡ ਦੀ ਸਿਖਰਲੀ ਅਦਾਲਤ ਵੱਲੋਂ ਜਮਾਂਦਰੂ ਤੌਰ 'ਤੇ ਕਿਸੇ ਵਿਗਾੜ ਦਾ ਸ਼ਿਕਾਰ ਭਰੂਣ ਦੇ ਗਰਭਪਾਤ ਉਤੇ ਰੋਕ ਲਾਏ ਜਾਣ ਤੋਂ ਬਾਅਦ ਮੁਲਕ ਦੇ ਲੋਕ ਸੜਕਾਂ 'ਤੇ ਆ ਗਏ ਹਨ। ਲੋਕਾਂ ਨੇ ਦੇਸ਼ ਵਿਆਪੀ ਹੜਤਾਲ 'ਚ ਹਿੱਸਾ ਲਿਆ ਤੇ ਫੈਸਲੇ ਦਾ ਡੱਟ ਕੇ ਵਿਰੋਧ ਕੀਤਾ।

ਵਰਨਣ ਯੋਗ ਹੈ ਕਿ ਪੋਲੈਂਡ ਦੀ ਬੇਹੱਦ ਰੂੜੀਵਾਦੀ ਸਰਕਾਰ ਤੇ ਲੋਕਾਂ ਵਿਚਾਲੇ ਟਕਰਾਅ ਦਾ ਮਾਹੌਲ ਬਣਿਆ ਹੋਇਆ ਹੈ। ਸਰਕਾਰ ਪਿੱਛੇ ਹਟਣ ਲਈ ਤਿਆਰ ਨਹੀਂ। ਅਦਾਲਤ ਦੇ ਫੈਸਲੇ ਤੋਂ ਬਾਅਦ ਰੋਜ਼ ਇਸ ਯੂਰਪੀ ਮੁਲਕ ਵਿੱਚ ਰੋਸ ਪ੍ਰਦਰਸ਼ਨ ਹੋ ਰਹੇ ਹਨ। ਇਸ ਦੌਰਾਨ ਮੁਲਕ ਦੀ ਫੁੱਟ ਵੀ ਉਭਰ ਆਈ ਹੈ। ਦੇਸ਼ ਲੰਮੇ ਸਮੇਂ ਤੋਂ ਕੱਟੜ ਕੈਥੋਲਿਕ ਵਿਚਾਰਧਾਰਾ ਦਾ ਧੁਰਾ ਬਣਿਆ ਰਿਹਾ ਹੈ ਅਤੇ ਅੱਜਕੱਲ੍ਹ ਸਮਾਜਕ ਸੁਧਾਰਾਂ ਦੇ ਹੱਕ ਵਿੱਚ ਲਹਿਰ ਚੱਲੀ ਹੈ। ਅਦਾਲਤੀ ਫੈਸਲੇ ਵਿੱਚ ਔਰਤਾਂ ਨੂੰ ਉਨ੍ਹਾਂ ਕੇਸਾਂ ਵਿੱਚ ਵੀ ਗਰਭਪਾਤ ਦੀ ਕਾਨੂੰਨੀ ਇਜਾਜ਼ਤ ਨਹੀਂ ਦਿੱਤੀ ਜਾ ਰਹੀ ਹੈ ਜਿੱਥੇ ਬੱਚੇ ਦਾ ਜਨਮ ਤੋਂ ਬਾਅਦ ਮਰਨਾ ਤੈਅ ਹੈ।

# ਅਮਰੀਕੀ ਕੰਪਨੀ ਨੇ ਲਾਈਸੈਂਸ ਲਈ ਭਾਰਤੀ ਨੂੰ 10 ਲੱਖ ਰੁਪਏ ਰਿਸ਼ਵਤ ਦਿੱਤੀ



ਵਾਸ਼ਿੰਗਟਨ, 29 ਅਕਤੂਬਰ (ਪੋਸਟ ਬਿਊਰੋ)- ਅਮਰੀਕਾ ਦੇ ਨਿਆਂ ਵਿਭਾਗ ਵੱਲੋਂ ਇੱਕ ਅਮਰੀਕੀ ਸਪਿਰਟ ਨਿਰਮ-ਾਤਾ ਵੱਲੋਂ ਭਾਰਤ 'ਚ ਆਪਣੇ ਉਤਪਾਦ ਬਾਜ਼ਾਰ 'ਚ ਉਤਾਰਨ ਅਤੇ ਵਿਕਰੀ ਦਾ ਲਾਈਸੈਂਸ ਲੈਣ ਲਈ ਇੱਕ ਸੀਨੀਅਰ ਭਾਰਤੀ ਅਧਿਕਾਰੀ ਨੂੰ 10 ਲੱਖ ਰੁਪਏ ਦੀ ਰਿਸ਼ਵਤ ਦੇਣ ਦੀ ਜਾਂਚ ਸ਼ੁਰੂ ਕੀਤੇ ਜਾਣ ਪਿੱਛੋਂ ਉਕਤ ਕੰਪਨੀ ਨੇ ਇਸ ਕੇਸ ਨੂੰ ਬੰਦ ਕਰਨ ਲਈ 1.95 ਕਰੋੜ ਅਮਰੀਕੀ ਡਾਲਰ ਦੇਣ 'ਤੇ ਸਹਿਮਤੀ ਪ੍ਰਗਟਾਈ ਹੈ।

ਸ਼ਿਕਾਗੋ ਦੀ ਇਸ ਕੰਪਨੀ ਨੇ 2006 ਵਿੱਚ ਭਾਰਤ ਵਿੱਚ ਕਾਰੋਬਾਰ ਦਾ ਸ਼ੁਰੂ ਕੀਤਾ ਸੀ। ਅਮਰੀਕੀ ਨਿਆਂ ਵਿਭਾਗ ਦੇ ਦੋਸ਼ਾਂ ਅਨੁਸਾਰ ਬੀਮ ਇੰਡੀਆ ਨੇ ਆਪਣੇ ਕਾਰੋਬਾਰ ਨੂੰ ਬਣਾਈ ਰੱਖਣ ਲਈ 2012 ਦੀ ਤੀਸਰੀ ਤਿਮਾਹੀ 'ਚ ਵੱਖ-ਵੱਖ ਸਰਕਾਰੀ ਅਧਿਕਾਰੀਆਂ ਨੂੰ ਰਿਸ਼ਵਤ ਦਿੱਤੀ ਤੇ ਨਾਜਾਇਜ਼ ਭੁਗਤਾਨ ਕੀਤਾ। ਨਿਆਂ ਵਿਭਾਗ ਨੇ ਦੋਸ਼ ਲਾਇਆ ਕਿ ਬੀਮ ਸਨਟੋਰੀ ਇੰਕ ਨੇ ਆਪਣੇ ਕਈ ਉਤਪਾਦਾਂ ਨੂੰ ਭਾਰਤੀ ਬਾਜ਼ਾਰ ਵਿੱਚ ਵੇਚਣ ਦਾ ਲਾਈਸੈਂਸ ਲੈਣ ਲਈ ਭਾਰਤ ਦੀ ਸਰਕਾਰ ਦੇ ਇੱਕ ਅਧਿਕਾਰੀ ਨੂੰ ਰਿਸ਼ਵਤ ਦਿੱਤੀ। ਨਿਆਂ ਵਿਭਾਗ ਦੇ ਸਹਾਇਕ ਅਟਾਰਨੀ ਜਨਰਲ ਬ੍ਰਾਇਨ ਸੀ ਰੈਬਿਟ ਨੇ ਕਿਹਾ ਕਿ ਬੀਮ ਅਤੇ ਉਸ ਦੀ ਭਾਰਤੀ ਸਹਾਇਕ ਕੰਪਨੀ ਨੇ ਨਾ ਕੇਵਲ ਭਾਰਤ ਸਰਕਾਰ ਦੇ ਅਧਿਕਾਰੀਆਂ ਨੂੰ ਰਿਸ਼ਵਤ ਦਿੱਤੀ, ਬਲਕਿ ਉਹ ਰਿਸ਼ਵਤਖੋਰੀ ਨੂੰ ਰੋਖਣ ਲਈ ਅੰਦਰਲੇ-ਤਰੀਕਿਆਂ ਨੂੰ ਲਾਗੂ ਕਰਨ 'ਚ ਅਸਫਲ ਰਹੇ ਤੇ ਆਪਣੇ ਵਹੀ ਖਾਤਿਆਂ 'ਚ ਹੇਰਾਫੇਰੀ ਕੀਤੀ। ਉਨ੍ਹਾਂ ਕਿਹਾ ਕਿ ਜੋ ਕੰਪਨੀਆਂ ਨਿਰਪੱਖ, ਨੈਤਿਕ ਅਤੇ ਇਮਾਨਦਾਰ ਤਰੀਕੇ ਨਾਲ ਮੁਕਾਬਲਾ ਕਰਨ ਦੀ ਥਾਂ ਭ੍ਰਿਸ਼ਟ ਤਰੀਕਿਆਂ ਦਾ ਇਸਤੇਮਾਲ ਕਰਦੀਆਂ ਹਨ, ਉਨ੍ਹਾਂ ਲਈ ਇਹ ਸਮਝੌਤਾ ਇੱਕ ਮਿਸਾਲ ਹੈ ਤੇ ਰਿਸ਼ਵਤ ਦੇ ਕੇ ਕਾਰੋਬਾਰ ਕਰਨਾ ਇੱਕ ਅਪਰਾਧ ਹੈ।

## ਆਪਣਾ ਪੰਥ ਚਲਾਉਣ ਵਾਲੇ ਅਮਰੀਕੀ ਗੁਰੂ ਨੂੰ 120 ਸਾਲ ਕੈਦ

ਨਿਊ ਯਾਰਕ, 29 ਅਕਤੂਬਰ (ਪੋਸਟ ਬਿਊਰੋ)- ਸਵੈ-ਵਿਕਾਸ ਲਈ ਨਿੱਜੀ ਅਤੇ ਪੇਸ਼ੇਵਰ ਪੱਧਰ 'ਤੇ ਸਲਾਹਾਂ ਦੇਣ ਵਾਲੇ ਬਦਨਾਮ ਅਮਰੀਕੀ ਗੁਰੂ ਕੀਥ ਰਾਨੀਅਰ (60) ਨੂੰ ਲੋਕਾਂ ਨੂੰ ਸੈਕਸ ਗੁਲਾਮ ਬਣਾਉਣ ਤੇ ਜਿਨਸੀ ਸ਼ੋਸ਼ਣ ਦੇ ਦੋਸ਼ਾਂ ਹੇਠ 120 ਸਾਲ ਕੈਦ ਦੀ ਸਜ਼ਾ ਸੁਣਾਈ ਗਈ ਹੈ।

ਇੱਕ ਮਾਰਕੀਟਿੰਗ ਕੰਪਨੀ ਚਲਾਉਂਦਾ ਹੈ, ਜਿਸ ਨੂੰ 'ਕਲਟ' (ਪੰਥ) ਵਾਂਗ ਮੰਨਿਆ ਜਾਂਦਾ ਹੈ। ਇਸ ਦੇ ਚੇਲਿਆਂ ਵਿੱਚ ਕਈ ਅਰਬਪਤੀ ਤੇ ਹਾਲੀਵੁੱਡ ਅਦਾਕਾਰ ਸ਼ਾਮਲ ਹਨ। ਅਮਰੀਕੀ ਜੱਜ ਨੇ ਫੈਸਲਾ ਦੇਣ ਵੇਲੇ ਕੀਥ ਨੂੰ ਬੇਰਹਿਮ ਤੇ ਅੜੀਅਲ ਕਰਾਰ ਦਿੱਤਾ।ਅਦਾਲਤ ਨੇ ਕਿਹਾ ਕਿ ਉਸ ਵੱਲੋਂ ਕੀਤੇ ਅਪਰਾਧ ਖਤਰਨਾਕ ਹਨ, ਉਸ ਨੇ ਲੜਕੀਆਂ ਅਤੇ ਔਰਤਾਂ ਨੂੰ ਜਿਨਸੀ ਤਸਕਰੀ ਲਈ ਨਿਸ਼ਾਨਾ ਬਣਾਇਆ ਹੈ। ਕੀਥ ਨੇ ਅਦਾਲਤ ਵਿੱਚ ਕਿਹਾ ਕਿ ਉਹ ਨਿਰਦੋਸ਼ ਹੈ ਤੇ ਉਹ ਨਹੀਂ ਮੰਨਦਾ ਕਿ ਉਸ ਨੇ ਇਹ ਅਪਰਾਧ ਕੀਤੇ ਹਨ। ਸਵੈ ਸੁਧਾਰ ਲਈ ਕੀਥ ਜਿਹੜਾ ਪ੍ਰੋਗਰਾਮ ਚਲਾਉਂਦਾ ਸੀ, ਉਸ ਵਿੱਚ ਸ਼ਾਮਲ ਹੋਣ ਦੀ ਫੀਸ ਹੀ ਹਜ਼ਾਰਾਂ ਡਾਲਰ ਸੀ। ਇਹ ਪ੍ਰੋਗਰਾਮ ਕੰਪਨੀ 'ਐਨ ਐਕਸ ਆਈ ਵੀ ਐਮ' ਦੇ ਅਲਬਾਨੀ (ਨਿਊ ਯਾਰਕ) ਸਥਿਤ ਹੈਡਕੁਆਰਟਰ ਵਿੱਚ ਹੁੰਦੇ ਸਨ।

# ਨਾਸਾ ਵੱਲੋਂ ਚੰਦ ਦੀ ਸਤ੍ਹਾ ਉਤੇ ਪਾਣੀ ਲੱਭਣ ਦਾ ਦਾਅਵਾ

ਵਾਸ਼ਿੰਗਟਨ, 29 ਅਕਤੂਬਰ (ਪੋਸਟ ਬਿਊਰੋ)- ਅਮਰੀਕੀ ਸਪੇਸ ਰਿਸਰਚ ਏਜੰਸੀ ਨਾਸਾ ਨੇ ਕਿਹਾ ਕਿ ਉਸ ਨੂੰ ਪਹਿਲੀ ਵਾਰ ਚੰਦਰਮਾ ਦੀ ਸਤ੍ਹਾ ਉੱਤੇ ਪਾਣੀ ਦੇ ਨਿਸ਼ਾਨ ਮਿਲੇ ਹਨ। ਇਹ ਖੋਜ ਨਾਸਾ ਤੇ ਜਰਮਨ ਏਅਰੋਸਪੇਸ ਸੈਂਟਰ ਦੀ ਸਾਂਝੀ ਯੋਜਨਾ ਇਨਫਰਾਰੇਡ ਐਸਟ੍ਰੋਨਾਮੀ (ਐਸ ਓ ਐਫ ਆਈ ਏ-ਸੋਫੀਆ) ਲਈ ਸਟ੍ਰੈਟੋਸਫੇਰਿਕ ਲੈਬਾਰਟਰੀਦੀ ਵਰਤੋਂ ਕਰ ਕੇ ਕੀਤੀ ਗਈ ਹੈ। ਨਾਸਾ ਦੇ ਐਡਮਿਨਿਸਟ੍ਰੇਟਰ ਜਿਮ ਬ੍ਰਿਡੇਨਸਟਾਈਨ ਨੇ ਟਵੀਟ ਕੀਤਾ, 'ਅਸੀਂ ਪਹਿਲੀ ਵਾਰ ਸੋਫੀਆ ਟੈਲੀਸਕੋਪ ਦਾ ਵਰਤੋਂ ਕਰ ਕੇ ਚੰਦਰਮਾ ਦੀ ਉਸ ਸਤ੍ਹਾ ਉੱਤੇ ਪਾਣੀ ਦੀ ਪੁਸ਼ਟੀ ਕੀਤੀ ਹੈ, ਜਿੱਥੇ ਸੂਰਜ ਦੀਆਂ ਕਿਰਨਾਂ ਪੈਂਦੀਆਂ ਹਨ।' ਇਸ ਨਾਲ ਚੰਦ ਉੱਤੇ ਮਨੁੱਖੀ ਵਸੇਬੇ ਦੀਆਂ ਆਸਾਂ ਵਧ ਗਈਆਂ ਹਨ।

ਨੇਚਰ ਐਸਟਰੋਨਾਮੀ ਜਰਨਲ ਵਿੱਚ ਛਪੇ ਨਤੀਜਿਆਂ ਤੋਂ ਪਤਾ ਲੱਗਦਾ ਹੈ ਕਿ ਪਾਣੀ ਜਾਂ ਤਾਂ ਛੋਟੇ ਪੁਲਾੜੀ ਪਿੰਡ ਦੇ ਪ੍ਰਭਾਵ ਨਾਲ ਬਣਿਆ ਹੈ ਜਾਂ ਸੂਰਜ ਵਿੱਚੋਂ ਨਿਕਲੇ ਊਰਜਾ ਦੇ ਕਣਾਂ ਤੋਂਬਣਿਆ ਹੈ। ਇਸ ਤੋਂ ਪਤਾ ਲੱਗਦਾ ਹੈ ਕਿ ਪਾਣੀ ਚੰਦਰਮਾ ਦੇ ਠੰਢੇ ਖੇਤਰਾਂ ਤੱਕ ਹੀ ਸੀਮਿਤ ਨਹੀਂ ਅਤੇ ਇਹ ਚੰਦ ਦੀ ਪੂਰੀ ਸਤ੍ਹਾ ਉੱਤੇ ਹੋ ਸਕਦਾ ਹੈ। ਬ੍ਰਿਡੇਨਸਟਾਈਨ ਨੇ ਕਿਹਾ, 'ਅਸੀਂ ਅਜੇ ਤੱਕ ਇਹ ਨਹੀਂ ਜਾਣਦੇ ਕਿ ਅਸੀਂ ਇਸ ਨੂੰ ਇੱਕ ਸਾਧਨ ਵਜੋਂ ਇਸਤੇਮਾਲ ਕਰ ਸਕਦੇ ਹਾਂ ਜਾਂ ਨਹੀਂ, ਪਰ ਚੰਦਰਮਾ ਉੱਤੇ ਪਾਣੀ ਦੇ ਬਾਰੇ ਜਾਣਕਾਰੀ ਸਾਡੀ ਖੋਜ ਲਈ ਕਾਫੀ ਮਹੱਤਵ ਪੂਰਨ ਹੈ।' ਸੋਫੀਆ ਨੇ ਚੰਦਰਮਾ ਦੇ ਦੱਖਣੀ ਗੋਲਾ-ਅਰਧ ਵਿੱਚ ਧਰਤੀ ਤੋਂ ਦਿਖਾਈ ਦੇਂਦੇ ਸਭ ਤੋਂ ਵੱਡੇ ਕ੍ਰੇਟਰਾਂ ਵਿੱਚੋਂ ਇੱਕ ਕਲੇਵੀਅਸ ਕ੍ਰੇਟਰ ਵਿੱਚ ਪਾਣੀ ਦੇ ਕਣਾਂ ਦਾ ਪਤਾ ਲਾਇਆ ਹੈ। ਚੰਦਰਮਾ ਦੀ ਸਤ੍ਹਾ ਦੀਆਂ ਇਸ ਤੋਂ ਪਿਛਲੀਆਂ ਖੋਜਾਂ ਤੋਂ ਹਾਈਡਰੋਜਨ ਦੇ ਕੁਝ ਰੂਪ ਪਤਾ ਲੱਗੇ ਸਨ, ਪਰ ਪਾਣੀ ਅਤੇ ਇਸ ਦੇ ਕਰੀਬੀ ਕੈਮੀਕਲ ਵਿਚ ਫਰਕ ਕਰਨ ਤੋਂ ਅਸਫਲ ਸੀ। ਖੋਜ ਤੋਂ ਪਤਾ ਲੱਗਾ ਹੈ ਕਿ ਚੰਦ ਦੀ ਸਤ੍ਹਾ ਉੱਤੇ ਇੱਕ ਕਿਊਬਿਕ ਮੀਟਰ ਮਿੱਟੀ ਵਿੱਚ ਲਗਭਗ 12 ਔਂਸ ਦੀ ਬੋਤਲ ਜਿੰਨਾ ਪਾਣੀ ਹੈ।

## ਟਰੰਪ ਵੱਲੋਂ ਨਿਯੁਕਤ ਕੀਤੀ ਸੁਪਰੀਮ ਕੋਰਟ ਦੀ ਜੱਜ ਨੂੰ ਅਮਰੀਕੀ ਸੈਨੇਟ ਦੀ ਮਨਜ਼ੂਰੀ ਮਿਲੀ

ਸਿਆਟਲ, 29 ਅਕਤੂਬਰ (ਪੋਸਟ ਬਿਊਰੋ)- ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਬੀਤੇ ਦਿਨੀਂ ਅਮਰੀਕਾ ਦੀ ਸੁਪਰੀਮ ਕੋਰਟ ਦੀ ਜੱਜ ਵਜੋਂ ਨਿਯੁਕਤ ਕੀਤੀ ਗਈ ਐਮੀ ਕੌਨੀ ਬੇਰੇਟ ਨੇ ਕੱਲ੍ਹ ਅਮਰੀਕੀ ਸੈਨੇਟ ਵੱਲੋਂ 52-48 ਵੋਟਾਂ ਨਾਲ ਪਾਸ ਕਰ ਕੇ ਸੁਪਰੀਮ ਕੋਰਟ ਵਿੱਚ ਜਾਣ ਦੀ ਮਨਜ਼ੂਰੀ ਦੇ ਦਿੱਤੀ ਗਈ।

ਵਰਨਣ ਯੋਗ ਹੈ ਕਿ ਬੈਰੇਟ ਨੂੰ ਜੱਜ ਵਜੋਂ ਸੈਨੇਟ ਦੀ ਮਨਜ਼ੂਰੀ ਮਿਲਣਾ ਟਰੰਪ ਦੀ ਵੱਡੀ ਸਫਲਤਾ ਸਮਝਿਆ ਜਾ ਰਿਹਾ ਹੈ। ਟਰੰਪ ਦੀ ਰਿਪਬਲੀਕਨ ਪਾਰਟੀ ਦੇ ਸਿਰਫ ਇੱਕ ਸੈਨੇਟਰ ਨੇ ਟਰੰਪ ਦੀ ਉਮੀਦਵਾਰ ਦੇ ਵਿਰੁੱਧ ਵੋਟ ਪਾਈ ਹੈ। ਵ੍ਹਾਈਟ ਹਾਊਸ ਵਿਖੇ ਜੱਜ ਨੂੰ ਸਹੁੰ ਚੁਕਾਉਣ ਪਿੱਛੋਂ ਰਾਸ਼ਟਰਪਤੀ ਟਰੰਪ ਨੇ ਕਿਹਾ ਕਿ ਅੱਜ ਦਾ ਦਿਨ ਅਮਰੀਕਾ ਦੇ ਲਈ, ਅਮਰੀਕਾ ਦੇ ਸੰਵਿਧਾਨ ਲਈ ਅਤੇ ਨਿਰਪੱਖ ਕਾਨੂੰਨ ਲਈ ਬੜਾ ਮਹੱਤਵਪੂਰਨ ਦਿਨ ਹੈ। ਉਨ੍ਹਾਂਨੇ ਕਿਹਾ ਕਿ ਜਸਟਿਸ ਐਮੀ ਕੌਨੀ ਬੈਰੇਟ ਸਾਡੇ ਦੇਸ਼ ਦੀ ਬੜੀ ਸੂਝਵਾਨ ਅਤੇ ਇਨਸਾਫ ਪਸੰਦ ਜੱਜ ਹਨ ਤੇ ਉਹ ਅਮਰੀਕਾ ਦੀ ਸਭ ਤੋਂ ਉਚੀ ਅਦਾਲਤ ਵਿੱਚ ਬੈਠ ਕੇ ਅਮਰੀਕਾ ਦੇ ਲੋਕਾਂ ਨੂੰ ਇਨਸਾਫ ਦੇਵੇਗੀ। ਇਹ ਸਹੁੰ ਚੁੱਕ ਸਮਾਗਮ ਵ੍ਹਾਈਟ ਹਾਊਸ ਦੇ ਦੱਖਣੀ ਲਾਅਨ ਵਿਖੇ ਕਰਵਾਇਆ ਗਿਆ, ਜਿਸ ਵਿੱਚ ਰਾਸ਼ਟਰਪਤੀ ਵੱਲੋਂ ਨਾਮਜ਼ਦ ਜਸਟਿਸ ਬੈਰੇਨ ਦਾ ਪਹਿਲਾਂ ਕੋਵਿਡ-19 ਦਾ ਟੈਸਟ ਕੀਤਾ ਗਿਆ ਤੇ ਫਿਰ ਰਾਸ਼ਟਰਪਤੀ ਟਰੰਪ ਦਾ ਕੋਵਿਡ-19 ਟੈਸਟ ਕੀਤਾ ਗਿਆ। ਰਾਸ਼ਟਰਪਤੀ ਟਰੰਪ ਵੱਲੋਂ ਅੱਜ ਤੱਕ ਸੁਪਰੀਮ ਕੋਰਟ ਵਿੱਚ ਤਿੰਨ ਜੱਜ ਨਿਯੁਕਤ ਕੀਤੇ ਗਏ ਹਨ। ਉਨ੍ਹਾਂ ਨੇ 2017 ਵਿੱਚ ਨੀਲ ਗੋਰਸਚ, 2018 ਵਿੱਚ ਬਰੇਟ ਕਾਵਨੋਟ ਤੇ ਪਿਛਲੇ ਦਿਨੀਂ 48 ਸਾਲਾ ਐਮੀ ਕੌਨੀ ਬੈਰੇਟ ਨੂੰ ਸੁਪਰੀਮ ਕੋਰਟ ਦੀ ਜੱਜ ਨਿਯੁਕਤ ਕੀਤਾ ਹੈ।

## ਦਰਬਾਰ ਸਾਹਿਬ ਦਾ ਦੁਰਲੱਭ ਚਿੱਤਰ 75 ਲੱਖ 'ਚ ਵਿਕਿਆ

*** ਮਹਾਰਾਣੀ ਜਿੰਦ ਕੌਰ ਦਾ 'ਚੰਦ ਟਿੱਕਾ' 62 ਲੱਖ ਦਾ ਵਿਕਿਆ**

ਲੰਡਨ, 29 ਅਕਤੂਬਰ (ਪੋਸਟ ਬਿਊਰੋ)- ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦਾ 19ਵੀਂ ਸਦੀ ਦਾ ਦੁਰਲੱਭ ਚਿੱਤਰ ਤੇ ਮਹਾਰਾਣੀ ਜਿੰਦ ਕੌਰ ਦੇ 'ਚੰਦ ਟਿੱਕੇ' ਸਮੇਤ ਕੀਮਤੀ ਵਸਤੂਆਂ ਦੀ ਲੰਡਨ 'ਚ ਨਿਲਾਮੀ ਹੋਈ ਹੈ।

ਦਿੱਤੀ ਗਈ ਜਾਣਕਾਰੀ ਅਨੁਸਾਰ ਸ੍ਰੀ ਦਰਬਾਰ ਸਾਹਿਬ ਦੇ ਦੁਰਲੱਭ ਚਿੱਤਰ ਨੂੰ ਪ੍ਰਸਿੱਧ ਬਰਤਾਨਵੀ ਚਿੱਤਰਕਾਰ ਸਿਰਿਲਾ ਵਿਜ਼ਮੈਨ ਹਰਬਰਟ (ਜੋ ਰਾਇਲ ਅਕਾਦਮਿਕ ਜੌਹਰ ਰੌਜ਼ਰਜ਼ ਹਰਬਰਟ ਦਾ ਪੁੱਤਰ ਸੀ) ਨੇ ਬਣਾਇਆ ਸੀ। ਇਸ ਚਿੱਤਰ ਦਾ ਅੰਦਾਜਨ ਮੁੱਲ 60 ਤੋਂ 80 ਹਜ਼ਾਰ ਪੌਂਡ ਮੰਨਿਆ ਗਿਆ ਸੀ, ਪਰ ਇਹ ਚਿੱਤਰ 75 ਲੱਖ ਰੁਪਏ (75062 ਪੌਂਡ) ਦਾ ਵਿਕਿਆ ਹੈ। ਮਵਾੜ ਦੇ ਜੰਗਲਾਂ 'ਚ ਗੁਰੂ ਨਾਨਕ ਦੇਵ ਜੀ ਦੀ ਬਾਲ ਨਾਥ ਨਾਲ ਹੋਈ ਭੇਟ ਵਾਰਤਾ ਨੂੰ ਪੇਸ਼ ਕਰਦਾ 18ਵੀਂ ਸਦੀ ਦਾ ਬਣਿਆ ਇੱਕ ਹੋਰ ਚਿੱਤਰ ਕਰੀਬ 12 ਲੱਖ ਰੁਪਏ (11937 ਪੌਂਡ) ਦਾ ਵਿਕਿਆ ਹੈ।

ਮਹਾਰਾਣੀ ਜਿੰਦ ਕੌਰ ਦਾ ਰਤਨ ਜੜਿਆ ਸੋਨੇ ਦਾ ਮੱਥੇ ਦਾ 'ਚੰਦ ਟਿੱਕਾ' ਅਤੇ ਇੱਕ ਰਤਨ ਜੜਿਆ ਸੋਨੇ ਦਾ ਗੋਲ ਸ਼ੀਸ਼ਾ ਤੇ ਮੋਤੀਆਂ ਨਾਲ ਜੜਿਆ ਗੋਲ ਪੈਂਡੈਂਟ ਵੀ ਨਿਲਾਮ ਹੋਇਆ ਹੈ, ਜਿਸ ਦਾ ਅੰਦਾਜਨ ਮੁੱਲ 60 ਤੋਂ 80 ਹਜ਼ਾਰ ਪੌਂਡ ਮਿਥਿਆ ਗਿਆ ਸੀ, ਪਰ ਇਹ ਚੰਦ ਟਿੱਕਾ 62 ਲੱਖ ਰੁਪਏ (62562 ਪੌਂਡ) ਦਾ ਵਿਕਿਆ ਹੈ।ਮਹਾਰਾਜਾ ਰਣਜੀਤ ਸਿੰਘ ਦੀ ਪਤਨੀ ਮਹਾਰਾਣੀ ਜਿੰਦ ਕੌਰ ਦਾ ਇਹ ਕੀਮਤੀ ਟਿੱਕਾ ਅਤੇ ਲਾਕੇਟ ਮਹਾਰਾਜਾ ਦਲੀਪ ਸਿੰਘ ਨੇ ਆਪਣੀ ਬੇਟੀ ਰਾਜ ਕੁਮਾਰੀ ਬੰਬਾ ਸਦਰਲੈਂਡ ਨੂੰ ਦਿੱਤਾ ਸੀ, ਜਿਸ ਨੇ ਆਪਣੀ ਜੀਵਨ ਭਰ ਦੀ ਸਾਥਣ ਮਿਸਜ਼ ਡੋਰਾ ਕਰੋਅ, ਹੈਮਪਟਨ ਹਾਊਸ ਨੌਰਫਲਕ ਨੂੰ ਦੇ ਦਿੱਤਾ ਸੀ, ਜਿਸ ਦੀ ਧੀ ਮਿਸਜ਼ ਓਰੀਅਲ ਸਦਰਲੈਂਡ ਕੋਲੋਂ ਯੂ ਕੇ ਦੇ ਇੱਕ ਸੰਗ੍ਰਹਿ ਕਰਤਾ ਨੇ ਪ੍ਰਾਪਤ ਕੀਤਾ ਸੀ। ਮਹਾਰਾਣੀ ਜਿੰਦ ਕੌਰ ਨੂੰ ਇਹ ਤਿੰਨੇ ਵਸਤੂਆਂ ਅੰਗਰੇਜ਼ਾਂ ਨੇ ਮਹਾਰਾਣੀ ਦੇ ਪੱਕੇ ਤੌਰ 'ਤੇ ਲੰਡਨ 'ਚ ਰਹਿਣ ਲਈ ਸਹਿਮਤ ਹੋਣ ਉਪਰੰਤ ਲੰਡਨ 'ਚ ਦਿਤੀਆਂ ਸਨ। ਮਹਾਰਾਣੀ ਜਿੰਦਾਂ 1861 ਵਿੱਚ ਮਹਾਰਾਜਾ ਦਲੀਪ ਸਿੰਘ ਨੂੰ ਕਲਕੱਤੇ ਮਿਲੀ ਸੀ। ਨਿਲਾਮੀ ਘਰ ਵੱਲੋਂ ਮਹਾਰਾਜਾ ਦਲੀਪ ਸਿੰਘ ਦੇ ਬੱਚਿਆਂ ਨਾਲ ਸਬੰਧਤ ਤਸਵੀਰਾਂ ਅਤੇ ਕਾਰਡ 2550 ਪੌਂਡ ਦੇ ਕਿਸੇ ਬੋਲੀਕਾਰ ਨੇ ਖਰੀਦੇ ਹਨ ਅਤੇ ਮਹਾਰਾਜਾ ਦਲੀਪ ਸਿੰਘ, ਵੈਕਟਰ ਦਲੀਪ ਸਿੰਘ, ਫ੍ਰੈਡਰਿਕ ਦਲੀਪ ਸਿੰਘ ਅਤੇ ਐਲਬਰਟ ਦਲੀਪ ਸਿੰਘ ਦੇ ਕੱਟੇ ਕੇਸਾਂ ਦੇ ਸੰਗ੍ਰਹਿ ਨੂੰ 7562 ਪੌਂਡ 'ਚ ਵੇਚਿਆ ਗਿਆ ਹੈ।

ਇਸ ਤੋਂ ਬਿਨਾ ਪੰਜਾਬ, ਭਾਰਤ ਤੇ ਪਾਕਿਸਤਾਨ ਨਾਲ ਸਬੰਧਤ ਹੋਰ ਵੀ ਬਹੁਤ ਬੇਸ਼ਕੀਮਤੀ ਵਸਤੂਆਂ ਤੇ ਚਿੱਤਰ ਨਿਲਾਮ ਹੋਏ ਹਨ।

# ਅਮਰੀਕਾ ਨੂੰ ਚੀਨ ਵੱਲੋਂ ਜੰਗ ਲਈ ਉਕਸਾਏ ਜਾਣ ਤੋਂ ਤਨਾਅ

*** ਕੋਰੀਆਈ ਜੰਗ ਦੀ ਬਰਸੀ 'ਤੇ ਜਿਨਪਿੰਗ ਦੇ ਭਾਸ਼ਣ ਵਿੱਚ ਇਸ਼ਾਰੇ**



ਪੇਈਚਿੰਗ , 29 ਅਕਤੂਬਰ (ਪੋਸਟ ਬਿਊਰੋ)- ਕੋਰੀਆਈ ਜੰਗ ਦੀ 70ਵੀਂ ਬਰਸੀ ਦੇ ਵਕਤ ਚੀਨ ਦੇ ਰਾਸ਼ਟਰਪਤੀ ਸ਼ੀ ਜਿਨਪਿੰਗ ਨੇ ਅਜਿਹਾ ਭਾਸ਼ਣ ਦਿੱਤਾ ਹੈ, ਜਿਸ ਕਾਰਨ ਕਈ ਵਿਸ਼ਲੇਸ਼ਕ ਚਿੰਤਾ ਵਿੱਚ ਹਨ।

ਇਸ ਦੌਰਾਨ ਸ਼ੀ ਜਿਨਪਿੰਗ ਨੇ ਆਪਣੇ ਭਾਸ਼ਣ ਵਿੱਚ ਅਮਰੀਕਾ ਨੂੰ ਖੁੱਲ੍ਹੀ ਚੁਣੌਤੀ ਦਿੱਤੀ ਅਤੇ ਇਸ਼ਾਰਿਆਂ ਵਿੱਚ ਕਿਹਾ ਕਿ ਜਦੋਂ ਚੀਨ ਦੇ ਹਾਲਾਤ ਬਹੁਤ ਜ਼ਿਆਦਾ ਖਰਾਬ ਸਨ, ਓਦੋਂ ਵੀ ਉਹ ਅਮਰੀਕਾ ਤੋਂਨਹੀਂ ਡਰਦਾ ਸੀ, ਅੱਜਕੱਲ੍ਹ ਤਾਂ ਉਹ ਹਰ ਪੱਖੋਂ ਮਜ਼ਬੂਤ ਸਥਿਤੀ ਵਿੱਚ ਹੈ। ਇਸ ਲਈ ਅਮਰੀਕਾ ਤੋਂ ਡਰ ਦਾ ਕੋਈ ਮਤਲਬ ਨਹੀਂ ਬਣਦਾ। ਜਿਨਪਿੰਗ ਦੇ ਇਸ ਭਾਸ਼ਣ ਨੂੰ ਪ੍ਰਤੱਖ ਤੌਰ ਉੱਤੇ ਚੀਨ ਵੱਲੋਂ ਅਮਰੀਕਾ ਨੂੰ ਜੰਗ ਲਈ ਉਕਸਾਉਣ ਦਾ ਦਆ ਮੰਨਿਆ ਜਾ ਰਿਹਾ ਹੈ।

ਅਮਰੀਕਾ ਨੇ ਜਦੋਂ ਤਾਈਵਾਨ ਨੂੰ ਇੱਕ ਅਰਬ ਡਾਲਰ ਤੋਂਵੱਧ ਕੀਮਤ ਦੇ ਹਥਿਆਰ ਵੇਚਣ ਦੀ ਮਨਜ਼ੂਰੀ ਦਿੱਤੀ ਹੈ, ਉਸ ਦੇ ਬਾਅਦ ਤੋਂ ਚੀਨ ਤੇ ਅਮਰੀਕਾ ਦਾ ਵਿਵਾਦ ਵਧ ਗਿਆ ਹੈ। ਅਮਰੀਕਾ ਦੇ ਇਸ ਐਲਾਨ ਪਿੱਛੋਂ ਤਣਾਅ ਵਿੱਚ ਵਾਧਾ ਹੋ ਗਿਆ ਹੈ। ਕੋਰੀਆਈ ਜੰਗ ਦੀ 70ਵੀਂ ਬਰਸੀ ਓਦੋਂ ਮਨਾਈ ਜਾ ਰਹੀ ਹੈ,ਜਦੋਂ ਅਮਰੀਕਾ ਨਾਲ ਕਾਰੋਬਾਰ ਅਤੇ ਤਕਨੀਕ ਲਈ ਅਮਰੀਕਾ ਨਾਲ ਮੁਕਾਬਲੇਬਾਜ਼ੀ ਹੈ ਅਤੇ ਮਨੁੱਖੀ ਅਧਿਕਾਰਾਂ ਤੇ ਤਾਈਵਾਨ ਬਾਰੇ ਚੀਨ ਵੱਲੋਂ ਦਬਾਅ ਪੈਂਦਾ ਜਾ ਰਿਹਾ ਹੈ। ਚੀਨ ਤਾਈਵਾਨ ਨੂੰ ਆਪਣਾ ਅਨਿੱਖੜਵਾਂ ਅੰਗ ਮੰਨਦਾ ਹੈ। ਕੋਰੀਆਈ ਜੰਗ ਦੀ ਬਰਸੀ ਮੌਕੇ ਸ਼ੀ ਜਿਨਪਿੰਗ ਨੇ ਚੀਨੀ ਫੌਜ ਦੀਆਂ ਬਹਾਦਰੀ ਦੀਆਂ ਕਹਾਣੀਆਂ ਦਾ ਜ਼ਿਕਰ ਕਰਦੇ ਹੋਏ ਉਨ੍ਹਾਂ ਵਿੱਚ ਦੇਸ਼ਭਗਤੀ ਦੀ ਭਾਵਨਾ ਮਜ਼ਬੂਤ ਕਰਨ ਦੀ ਕੋਸ਼ਿਸ਼ ਵੀ ਕੀਤੀ ਹੈ। ਸਾਲ 1950-53 ਵਿਚਾਲੇ ਚੱਲੀ ਜੰਗ ਨੂੰ ਉਨ੍ਹਾਂ ਨੇ ਇਸ ਗੱਲ ਦੀ ਨਿਸ਼ਾਨੀ ਦੱਸਿਆ ਕਿ ਜੋ ਚੀਨ ਦੇ ਦਰਵਾਜ਼ੇ 'ਤੇ ਮੁਸ਼ਕਲ ਪੈਦਾ ਕਰੇਗਾ,ਇਹ ਦੇਸ਼ ਉਸ ਦੇ ਲਈ ਤਿਆਰ ਹੈ।

ਚੀਨ ਦੀ ਹਾਕਮ ਕਮਿਊਨਿਸਟ ਪਾਰਟੀ ਲਈ ਕੋਰੀਆਈ ਜੰਗ ਉਹ ਕਿੱਸਾ ਹੈ ਜਿਸ ਨੇ ਉਸ ਨੂੰ ਆਪਣੀਆਂ ਜੜ੍ਹਾਂ ਜਮਾਉਣ ਵਿੱਚ ਮਦਦ ਕੀਤੀ ਸੀ। ਇਸ ਰੈਲੀ ਵਿੱਚ ਜਿਨਪਿੰਗ ਨੇ ਅਮਰੀਕਾ ਉੱਤੇ ਨਿਸ਼ਾਨਾ ਵਿੰਨ੍ਹਦੇ ਹੋਏ ਇੱਕ-ਪਾਸੜ ਸੋਚ, ਸੁਰੱਖਿਆਵਾਦ ਅਤੇ ਅੱਤ ਦੇ ਹੰਕਾਰ ਦੀ ਨਿੰਦਾ ਕੀਤੀ। ਅਮਰੀਕਾ ਦੀ ਅਗਵਾਈ ਵਿੱਚ ਯੂ ਐੱਨ ਗਠਜੋੜ ਫੋਰਸਾਂ ਦੇ ਖਿਲਾਫ ਉਤਰ ਕੋਰੀਆ ਨੂੰ ਮਦਦ ਦੇਣ ਲਈ ਚੀਨ ਨੇ ਇਸ ਜੰਗ ਵਿੱਚ ਆਪਣੀ ਫੌਜ ਭੇਜੀ ਸੀ, ਜਿਸ ਨੂੰ ਓਦੋਂ ਚੀਨ ਨੇ 'ਅਮਰੀਕੀ ਹਮਲਾਵਰ ਨੀਤੀ ਦੇ ਖਿਲਾਫ ਜੰਗ ਅਤੇ ਕੋਰੀਆ ਦੀ ਮਦਦ' ਦਾ ਨਾਂਅ ਦਿੱਤਾ ਹੈ। ਇਹ ਜੰਗ ਭਾਵੇਂ ਅੜਿੱਕੇ ਵਿੱਚ ਖਤਮ ਹੋਈ, ਪਰ ਇਸ ਨੇ ਵਿਸ਼ਵ ਮੰਚ 'ਤੇ ਚੀਨ ਨੂੰ ਵੱਡੇ ਖਿਡਾਰੀ ਵਜੋਂ ਸਥਾਪਤ ਕਰ ਦਿੱਤ ਸੀ।

19 ਅਕਤੂਬਰ 1950 ਨੂੰ ਕੋਰੀਆਈ ਜੰਗ ਵਿੱਚ ਚੀਨ ਦੇ ਦਖਲ ਦੀ ਸੱਤਰਵੀਂ ਵਰ੍ਹੇਗੰਢ ਦੌਰਾਨ ਚੀਨ ਦੇ ਸਰਬ ਉਚ ਕਮਾਂਡਰ ਨੇ ਮਜ਼ਾਕੀਆ ਅੰਦਾਜ਼ ਵਿੱਚ ਕਿਹਾ ਕਿ ਹਮਲਾਵਰਾਂ ਨਾਲ ਉਨਾਂ ਦੀ ਭਾਸ਼ਾ ਵਿੱਚ ਗੱਲ ਕਰਨਾ ਜ਼ਰੂਰੀ ਹੈ, ਜੋ ਉਹ ਜਾਣਦੇ ਹਨ। ਉਨ੍ਹਾਂ ਕਿਹਾ ਕਿ ਸ਼ਾਂਤੀ ਅਤੇ ਸਨਮਾਨ ਜਿੱਤਣ ਲਈ ਇੱਕ ਜਿੱਤ ਦੀ ਲੋੜ ਹੁੰਦੀ ਹੈ।

# ਪਾਕਿਸਤਾਨ ਵਿੱਚ ਮਦਰੱਸੇ ਵਿੱਚ ਧਮਾਕੇ ਕਾਰਨ ਅੱਠ ਬੱਚਿਆਂ ਦੀ ਮੌਤ, 120 ਤੋਂ ਵੱਧ ਜ਼ਖਮੀ



ਪਿਸ਼ਾਵਰ, 29 ਅਕਤੂਬਰ (ਪੋਸਟ ਬਿਊਰੋ)- ਉੱਤਰ-ਪੱਛਮੀ ਪਾਕਿ-ਸਤਾਨ ਦੇ ਖੈਬਰ ਪਖਤੂਨਖਵਾ ਰਾਜ ਦੀ ਰਾਜਧਾਨੀ ਪਿਸ਼ਾਵਰ ਸ਼ਹਿਰ ਵਿੱਚ ਕੱਲ੍ਹ ਇੱਕ ਮਦਰੱਸੇ ਵਿੱਚ ਇੱਕ ਸ਼ਕਤੀਸ਼ਾਲੀ ਬੰਬ ਧਮਾਕਾ ਹੋਇਆ, ਜਿਸ ਵਿੱਚ ਅੱਠ ਬੱਚਿਆਂ ਦੀ ਮੌਤ ਹੋ ਗਈ ਅਤੇ ਇਸ ਤੋਂ ਇਲਾਵਾ 120 ਤੋਂ ਵੱਧ ਜ਼ਖਮੀ ਹੋ ਗਏ।

ਇਸ ਬਾਰੇ ਪਿਸ਼ਾਵਰ ਪੁਲਸ ਦੇ ਮੁਖੀ ਮੁਹੰਮਦ ਅਲੀ ਖਾਨ ਨੇ ਮੀਡੀਆ ਨੂੰ ਦੱਸਿਆ ਕਿ ਇਸ ਸ਼ਹਿਰ ਦੀ ਦੀਰ ਕਾਲੋਨੀ ਵਿੱਚ ਮਦਰੱਸੇ ਵਿੱਚ ਸਵੇਰ ਦੀ ਨਮਾਜ਼ ਮਗਰੋਂ ਧਮਾਕਾ ਹੋਇਆ। ਪਤਾ ਲੱਗਾ ਹੈ ਕਿ ਕਿਸੇ ਅਣਪਛਾਤੇ ਵਿਅਕਤੀ ਨੇ ਧਮਾਕਾਖੇਜ਼ ਸਮੱਗਰੀ ਨਾਲ ਭਰਿਆ ਬੈਗ ਮਦਰੱਸੇ ਦੀ ਕੰਧ ਕੋਲ ਰੱਖਿਆ ਸੀ। ਧਮਾਕੇ ਵਿੱਚ ਅੱਠ ਬੱਚਿਆਂ ਦੀ ਮੌਤ ਹੋ ਗਈ ਅਤੇ 120 ਤੋਂ ਵੱਧ ਜ਼ਖਮੀ ਹੋ ਗਏ। ਉਨ੍ਹਾਂ ਦੱਸਿਆ ਕਿ ਧਮਾਕਾ ਸਵੇਰੇ ਲਗਭਗ 8.30 ਵਜੇ ਓਦੋਂ ਹੋਇਆ, ਜਦੋਂ 40-50 ਵਿਦਿਆਰਥੀ ਮਦਰੱਸੇ ਵਿੱਚ ਕੁਰਾਨ ਸ਼ਰੀਫ ਪੜ੍ਹ ਰਹੇ ਸਨ।

ਪਿਸ਼ਾਵਰ ਦੇ ਅੱਤਵਾਦ ਰੋਕੂ ਵਿਭਾਗ (ਸੀ ਟੀ ਡੀ) ਦੇ ਇੱਕ ਅਧਿਕਾਰੀ ਨੇ ਦੱਸਿਆ ਕਿ ਧਮਾਕੇ ਦੌਰਾਨ ਚਾਰ ਤੋਂ ਪੰਜ ਕਿਲੋਗ੍ਰਾਮ ਧਮਾਕਾਖੇਜ ਸਮੱਗਰੀ ਵਰਤੀ ਹੋ ਸਕਦੀ ਹੈ। ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਨੇ ਹਮਲੇ ਦੀ ਨਿਖੇਧੀ ਕੀਤੀ ਤੇ ਜ਼ਖਮੀਆਂ ਦੇ ਛੇਤੀ ਠੀਕ ਹੋਣ ਦੀ ਕਾਮਨਾ ਕੀਤੀ ਹੈ। ਹਾਲੇਂ ਤੱਕ ਕਿਸੇ ਗਰੁੱਪ ਨੇ ਇਸ ਦੀ ਜ਼ਿੰਮੇਵਾਰੀ ਨਹੀਂ ਲਈ। ਖੈਬਰ ਪਖਤੂਨਖਵਾ ਦੇ ਸਿਹਤ ਮੰਤਰੀ ਤੈਮੂਰ ਸਲੀਮ ਝਾਗਰਾ ਨੇ ਘਟਨਾ ਵਾਲੀ ਥਾਂ ਦਾ ਦੌਰਾ ਕੀਤਾ।

# ਕਿਸਾਨ ਜਥੇਬੰਦੀਆਂ ਦਾ 5 ਨਵੰਬਰ ਨੂੰ ਸਾਰੇ ਭਾਰਤ ਵਿੱਚ ਚੱਕਾ ਜਾਮ ਦਾ ਐਲਾਨ

* ਸੰਘਰਸ਼ ਚਲਾਉਣ ਲਈ ਦੇਸ਼ ਪੱਧਰ ਦੀ ਪੰਜ ਮੈਂਬਰੀ ਕਮੇਟੀ ਬਣੀ



ਖੰਨਾ, 29 ਅਕਤੂਬਰ (ਪੋਸਟ ਬਿਊਰੋ)- ਭਾਰਤ ਸਰਕਾਰ ਵੱਲੋਂ ਬਣਾਏ ਗਏ ਤਿੰਨ ਖੇਤੀ ਕਾਨੂੰਨਾਂ ਦੇ ਵਿਰੋਧ ਦਾ ਅੰਦੋਲਨ ਓਦੋਂ ਨਵਾਂ ਮੋੜ ਲੈ ਗਿਆ, ਜਦੋਂ ਦਿੱਲੀ ਵਿੱਚ ਸਾਰੇ ਦੇਸ਼ ਦੀਆਂ 260 ਤੋਂ ਵਧੇਰੇ ਕਿਸਾਨ ਜਥੇਬੰਦੀਆਂ ਨੇ ਸਰਬਸੰਮਤੀ ਨਾਲ ਇਨ੍ਹਾਂ ਤਿੰਨਾਂ ਕਾਨੂੰਨਾਂ ਅਤੇ ਬਿਜਲੀ ਸੋਧ ਬਿੱਲ 2020 ਦੇ ਖਿਲਾਫ ਦੇਸ਼ ਵਿਆਪੀ ਅੰਦੋਲਨ ਕਰਨ ਦਾ ਫੈਸਲਾ ਕਰ ਲਿਆ। ਇਸ ਮੀਟਿੰਗ ਵਿੱਚ 5 ਨਵੰਬਰ ਨੂੰ ਸਵੇਰੇ 12 ਵਜੇ ਤੋਂ ਚਾਰ ਵਜੇ ਸ਼ਾਮ ਤੱਕ ਸਾਰੇ ਦੇਸ਼ ਵਿੱਚ ਸੜਕੀ ਚੱਕਾ ਜਾਮ ਕਰਨ ਦਾ ਐਲਾਨ ਕੀਤਾ ਗਿਆ ਅਤੇ 26 ਅਤੇ 27 ਨਵੰਬਰ ਨੂੰ ਕੇਂਦਰ ਸਰਕਾਰ ਨੂੰ ਤਿੰਨੇ ਖੇਤੀ ਕਾਨੂੰਨਾਂ ਅਤੇ ਬਿਜਲੀ ਬਿੱਲ ਵਾਪਸ ਲੈਣ ਲਈ ਮਜਬੂਰ ਕਰਨ ਵਾਸਤੇ ਸਾਰੇ ਦੇਸ਼ ਦੇ ਕਿਸਾਨਾਂ ਨੂੰ ਦਿੱਲੀ ਪਹੁੰਚਣ ਦਾ ਸੱਦਾ ਵੀ ਦਿੱਤਾ ਗਿਆ ਹੈ। ਇਸ ਪ੍ਰੋਗਰਾਮ ਨੂੰ 'ਦਿੱਲੀ ਕੂਚ' ਦਾ ਨਾਂਅ ਦਿੱਤਾ ਗਿਆ ਹੈ।

ਕਿਸਾਨ ਜਥੇਬੰਦੀਆਂ ਨੇ ਲੰਮੀ ਵਿਚਾਰ ਤੋਂ ਬਾਅਦ ਸਰਬ ਸੰਮਤੀ ਨਾਲ ਇਹ ਪ੍ਰੋਗਰਾਮ ਸਿਰੇ ਚੜ੍ਹਾਉਣ ਤੇ ਕਿਸਾਨ ਸੰਘਰਸ਼ ਦੀ ਜਿੱਤ ਯਕੀਨੀ ਬਣਾਉਣ ਲਈ ਤਾਲਮੇਲ ਕਮੇਟੀ ਬਣਾਈ ਹੈ, ਜਿਸ ਵਿੱਚ ਬਲਵੀਰ ਸਿੰਘ ਰਾਜੇਵਾਲ ਪੰਜਾਬ, ਗੁਰਨਾਮ ਸਿੰਘ ਚੜੂਕੀ ਹਰਿਆਣਾ, ਵੀ ਐਸ ਸਿੰਘ ਉਤਰ ਪ੍ਰਦੇਸ਼, ਰਾਜੂ ਸ਼ੈਟੀ ਸਾਬਕਾ ਐਮ ਪੀ ਮਹਾਰਾਸ਼ਟਰ ਅਤੇ ਯੋਗਿੰਦਰ ਯਾਦਵ ਦਿੱਲੀ ਨੂੰ ਸ਼ਾਮਲ ਕੀਤਾ ਗਿਆ ਹੈ। ਇਸ ਮੀਟਿੰਗ ਵਿੱਚ ਮੁੱਖ ਤੌਰ ਉੱਤੇ ਪੰਜਾਬ, ਹਰਿਆਣਾ, ਉਤਰ ਪ੍ਰਦੇਸ਼, ਰਾਜਸਥਾਨ, ਕੇਰਲ, ਤਾਮਿਲ ਨਾਡੂ, ਤੇਲੰਗਾਨਾ, ਆਂਧਰਾ ਪ੍ਰਦੇਸ਼, ਉੜੀਸਾ, ਛੱਤੀਸਗੜ੍ਹ, ਮੱਧ ਪ੍ਰਦੇਸ਼ ਅਤੇ ਦਿੱਲੀ ਦੀਆਂ ਮੁੱਖ ਕਿਸਾਨ ਜਥੇਬੰਦੀਆਂ ਤੋਂ ਇਲਾਵਾ ਦੇਸ਼ ਦੇ ਹੋਰ ਰਾਜਾਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਦੇ ਪ੍ਰਤੀਨਿਧ ਵੀ ਸ਼ਾਮਲ ਸਨ। ਇਸੇ ਦੌਰਾਨ ਮੀਟਿੰਗ ਵਿੱਚ ਪੰਜਾਬ ਨੂੰ ਕਿਸਾਨ ਅੰਦੋਲਨ ਲਈ ਨਵਾਂ 'ਰਾਹ ਦਸੇਰਾ' ਦੱਸਿਆ ਗਿਆ ਅਤੇ ਉਨ੍ਹਾਂ ਦੀ 31 ਜਥੇਬੰਦੀਆਂ ਦੀ ਏਕਤਾ ਕਰਨ ਅਤੇ ਭਾਜਪਾ ਨੇਤਾਵਾਂ ਵੱਲੋਂ ਉਕਸਾਉਣ ਦੇ ਬਾਵਜੂਦ ਅੰਦੋਲਨ ਨੂੰ ਸ਼ਾਂਤਮਈ ਰੱਖਣ ਲਈ ਸ਼ਲਾਘਾ ਕੀਤੀ ਗਈ।ਇਸ ਮੌਕੇ ਇੱਕ ਮਤਾ ਪਾਸ ਕਰ ਕੇ ਸੰਸਾਰ ਭਰ ਦੇ ਵੱਖ-ਵੱਖ ਦੇਸ਼ਾਂ ਵਿੱਚ ਵੱਸਦੇ ਪੰਜਾਬੀਆਂ ਦਾ ਧੰਨਵਾਦ ਵੀ ਕੀਤਾ ਗਿਆ ਕਿ ਉਨ੍ਹਾਂ ਨੇ ਇਸ ਅੰਦੋਲਨ ਦੇ ਹੱਕ ਵਿੱਚ ਥਾਂ-ਥਾਂ ਭਾਰਤੀ ਦੂਤ ਘਰਾਂ ਅਤੇ ਯੂ ਐਨ ਓ ਦੇ ਸਾਹਮਣੇ ਮੁਜ਼ਾਹਰੇ ਕੀਤੇ ਅਤੇ ਮੰਗ ਪੱਤਰ ਦਿੱਤੇ, ਜਿਸ ਨਾਲ ਭਾਰਤ ਸਰਕਾਰ 'ਤੇ ਅੰਦੋਲਨ ਦਾ ਦਬਾਅ ਬਣ ਰਿਹਾ ਹੈ। ਇਸ ਮੀਟਿੰਗ ਵਿੱਚ ਪੰਜਾਬ ਦੀਆਂ ਕਿਸਾਨ ਜਥੇਬੰਦੀਆਂ ਵੱਲੋਂ ਰੇਲ ਲਾਈਨਾਂ ਖਾਲੀ ਕਰ ਕੇ ਮਾਲ ਗੱਡੀਆਂ ਚਲਾਉਣ ਦੀ ਸਹਿਮਤੀ ਦਿੱਤੇ ਜਾਣ ਤੋਂ ਬਾਅਦ ਵੀ ਕੇਂਦਰ ਸਰਕਾਰ ਵੱਲੋਂ ਮਾਲ ਗੱਡੀਆਂ ਰੋਕੇ ਜਾਣ ਦੀ ਸਖਤ ਨਿਖੇਧੀ ਕੀਤੀ ਗਈ ਤੇ ਇਸ ਨੂੰ ਕਿਸਾਨ ਅੰਦੋਲਨ ਨੂੰ ਬਦਨਾਮ ਕਰਨ ਦੀ ਖੇਡ ਕਰਾਰ ਦਿੱਤਾ ਗਿਆ।

ਓਧਰ ਕੇਂਦਰ ਸਰਕਾਰ ਵੱਲੋਂ ਬਣਾਏ ਗਏ ਤਿੰਨ ਖੇਤੀ ਕਾਨੂੰਨਾਂ ਨੂੰ ਰੱਦ ਕਰਵਾਉਣ ਅਤੇ ਹਰਿਆਣਾ ਦੇ ਉਪ ਮੁੱਖ ਮੰਤਰੀ ਦੁਸ਼ਿਅੰਤ ਚੌਟਾਲਾ ਅਤੇ ਬਿਜਲੀ ਮੰਤਰੀ ਚੌਧਰੀ ਰਣਜੀਤ ਸਿੰਘ ਦੇ ਅਸਤੀਫਿਆਂ ਦੀ ਮੰਗ ਲਈ ਪੱਕੇ ਮੋਰਚੇ 'ਤੇ ਬੈਠੇ ਕਿਸਾਨਾਂ ਦੀ ਸ਼ਹੀਦ ਭਗਤ ਸਿੰਘ ਸਟੇਡੀਅਮ ਵਿੱਚ ਭੁੱਖ ਹੜਤਾਲ ਜਾਰੀ ਹੈ। ਕਿਸਾਨਾਂ ਨੇ ਪੰਜਾਬ ਦੇ ਕਿਸਾਨਾਂ ਦੀ ਤਰ੍ਹਾਂ ਟੋਲ ਪਲਾਜ਼ਿਆਂ ਉੱਤੇ ਧਰਨਾ ਦੇਣ ਤੇ ਮਰਨ ਵਰਤ ਰੱਖਣ ਦੀ ਚਿਤਾਵਨੀ ਦਿੱਤੀ ਹੈ। ਖੇਤੀ ਕਾਨੂੰਨ ਰੱਦ ਕਰਾਉਣ ਤੇ ਹਰਿਆਣਾ ਦੇ ਡਿਪਟੀ ਮੁੱਖ ਮੰਤਰੀ ਦੁਸ਼ਿਅੰਤ ਚੌਟਾਲਾ ਤੇ ਬਿਜਲੀ ਮੰਤਰੀ ਚੌਧਰੀ ਰਣਜੀਤ ਸਿੰਘ ਦੇ ਅਸਤੀਫਿਆਂ ਦੀ ਮੰਗ ਬਾਰੇ ਕਿਸਾਨ ਜਥੇਬੰਦੀਆਂ ਵੱਲੋਂ ਸ਼ਹੀਦ ਭਗਤ ਸਿੰਘ ਸਟੇਡੀਅਮ ਵਿੱਚ ਲਾਇਆ ਪੱਕਾ ਮੋਰਚਾ ਨਾ ਸਿਰਫ ਜਾਰੀ ਹੈ ਸਗੋਂ ਕਿਸਾਨਾਂ ਨੇ ਸੰਘਰਸ਼ ਨੂੰ ਤੇਜ਼ ਕਰਦਿਆਂ ਭੁੱਖ ਹੜਤਾਲ ਸ਼ੁਰੂ ਕਰ ਦਿਤੀ ਹੈ।

ਇਸ ਬਾਰੇ ਕਿਸਾਨਾਂ ਨੇ ਕਿਹਾ ਹੈ ਕਿ ਉਹ ਪੰਜਾਬ ਦੇ ਕਿਸਾਨਾਂ ਦੀ ਤਰ੍ਹਾਂ ਪਲਿਆਂਇੱਕ ਟੋਲ ਪਲਾਜ਼ੇ ਉੱਤੇ ਧਰਨਾ ਦੇਣਗੇ ਤੇ ਇਸ ਨੂੰ ਦੂਜੇ ਟੋਲ ਪਲਾਜ਼ਿਆਂ ਤੱਕ ਵਧਾਇਆ ਜਾਵੇਗਾ। ਕਿਸਾਨ ਆਗੂਆਂ ਨੇ ਪੰਜਾਬ ਦੀਆਂ ਮਾਲ ਗੱਡੀਆਂ ਬੰਦ ਕੀਤੇ ਜਾਣ 'ਤੇ ਕੇਂਦਰ ਦੀ ਭਾਜਪਾ ਸਰਕਾਰ ਖਿਲਾਫ ਜ਼ੋਰਦਾਰ ਨਾਅਰੇਬਾਜ਼ੀ ਕੀਤੀ ਤੇ ਆਪਣੇ ਅੰਦੋਲਨ ਨੂੰ ਹੋਰ ਤੇਜ਼ ਕਰਨ ਦਾ ਆਹਿਦ ਲਿਆ। ਇਸ ਮੌਕੇ ਕਈਆਂ ਪਿੰਡਾਂ ਦੇ ਕਿਸਾਨ ਵੀ ਮੌਜੂਦ ਸਨ।

## ਜ਼ਹਿਰੀਲੀ ਸ਼ਰਾਬ ਕੇਸ ਵਿੱਚ ਨਾਮਜ਼ਦ 120 ਮੁਲਜ਼ਮਾਂ ਦਾ ਚਲਾਨ ਪੇਸ਼

ਤਰਨ ਤਾਰਨ, 29 ਅਕਤੂਬਰ (ਪੋਸਟ ਬਿਊਰੋ)- ਇਸ ਜ਼ਿਲ੍ਹੇ ਵਿੱਚ ਜ਼ਹਿਰੀਲੀ ਸ਼ਰਾਬ ਕਾਂਡ ਦੇ ਦੌਰਾਨ ਕਰੀਬ 104 ਵਿਅਕਤੀਆਂ ਦੀ ਮੌਤ ਹੋਈ ਅਤੇ ਅੱਠਾਂ ਦੀਆਂ ਅੱਖਾਂ ਦੀ ਰੋਸ਼ਨੀ ਚਲੀ ਗਈ ਸੀ। ਇਸ ਸਬੰਧੀ ਥਾਣਾ ਸਿਟੀ ਅਤੇ ਸਦਰ ਤਰਨ ਤਾਰਨ ਦੀ ਪੁਲਸ ਨੇ ਕਰੀਬ 120 ਮੁਲਜ਼ਮਾਂ ਦੇ ਖਿਲਾਫ ਧਾਰਾ ਐਕਸਾਈਜ਼ ਐਕਟ 302, 304, 307, 328 ਆਈ ਪੀ ਸੀ ਦਾ ਕੇਸ ਦਰਜ ਕਰ ਕੇ ਮੁਲਜ਼ਮਾਂ ਨੂੰ ਗ੍ਰਿਫਤਾਰ ਕਰ ਲਿਆ ਸੀ ਅਤੇ ਚਾਲਾਨ ਪੇਸ਼ ਕਰ ਦਿੱਤੇ ਹਨ।

ਮਿਲੀ ਜਾਣਕਾਰੀ ਅਨੁਸਾਰ ਜ਼ਿਲ੍ਹੇ ਦੇ ਵੱਖ-ਵੱਖ ਪਿੰਡਾਂ 'ਚ ਜੁਲਾਈ ਅਤੇ ਅਗਸਤ ਦੌਰਾਨ ਜ਼ਹਿਰੀਲੀ ਸ਼ਰਾਬ ਦੀ ਵਰਤੋਂ ਕੀਤੇ ਜਾਣ ਕਾਰਨ 104 ਵਿਅਕਤੀਆਂ ਦੀ ਮੌਤ ਹੋ ਗਈ ਤੇ ਅੱਠ ਵਿਅਕਤੀਆਂ ਦੀ ਅੱਖਾਂ ਦੀ ਰੋਸ਼ਨੀ ਸਦਾ ਲਈ ਚਲੀ ਗਈ ਸੀ, ਜਿਸ ਬਾਰੇ ਥਾਣਾ ਸਦਰ ਅਤੇ ਸਿਟੀ ਦੀ ਪੁਲਸ ਵੱਲੋਂ ਕਰੀਬ 120 ਵਿਅਕਤੀਆਂ ਖਿਲਾਫ ਐਕਸਾਈਜ਼ ਐਕਟ ਅਤੇ ਪੁਆਇਜ਼ਨ ਐਕਟ ਤੋਂ ਇਲਾਵਾ ਧਾਰਾ 302, 304, 307, 328 ਆਈ ਪੀ ਸੀ ਹੇਠ ਕੇਸ ਦਰਜ ਕਰ ਕੇ ਉਨ੍ਹਾਂ ਨੂੰ ਗ੍ਰਿਫਤਾਰ ਕੀਤਾ ਗਿਆ ਸੀ। ਇਸ ਮਾਮਲੇ ਵਿੱਚ ਬਰਾਮਦ ਕੀਤੀ ਗਈ ਜ਼ਹਿਰੀਲੀ ਸ਼ਰਾਬ ਦੀ ਲੈਬਾਰਟਰੀ ਜਾਂਚ ਦੌਰਾਨ ਇਹ ਗੱਲ ਸਾਹਮਣੇ ਆਈ ਕਿ ਜ਼ਹਿਰੀਲੀ ਸ਼ਰਾਬ ਨੂੰ ਮੀਥਾਨੋਲ ਵਰਗੇ ਜਾਨਲੇਵਾ ਕੈਮੀਕਲ ਨਾਲ ਤਿਆਰ ਕੀਤਾ ਗਿਆ ਸੀ, ਜਿਸ ਕਾਰਨ ਮੌਤਾਂ ਦੀ ਗਿਣਤੀ ਜ਼ਿਆਦਾ ਹੋਈ ਸੀ। ਐਸ ਐਸ ਪੀ ਧਰੁੱਮਨ ਐਚ ਨਿੰਬਾਲੇ ਨੇ ਦੱਸਿਆ ਕਿ ਜ਼ਹਿਰੀਲੀ ਸ਼ਰਾਬ ਮਾਮਲੇ ਵਿੱਚ ਨਾਮਜ਼ਦ ਮੁਲਜ਼ਮਾਂ ਨੂੰ ਸਖਤ ਸਜ਼ਾ ਦਿਵਾਉਣ ਲਈ ਪੁਲਸ ਪੂਰੀ ਮਿਹਨਤ ਨਾਲ ਸਬੂਤਾਂ ਦੇ ਆਧਾਰ ਉੱਤੇ ਕੰਮ ਕਰ ਰਹੀ ਹੈ ਤਾਂ ਜੋ ਪੀੜਤ ਪਰਵਾਰਾਂ ਨੂੰ ਇਨਸਾਫ ਮਿਲ ਸਕੇ।

## ਪੈਸੇ ਚਾਰ ਗੁਣਾਂ ਕਰਨ ਦਾ ਲਾਲਚ ਦੇ ਕੇ ਲੱਖਾਂ ਰੁਪਏ ਠੱਗ ਲਏ

* ਬਾਅਦ ਵਿੱਚ ਕੰਪਨੀ ਦਫਤਰ ਬੰਦ ਕਰ ਕੇ ਭੱਜ ਗਈ




ਜਲੰਧਰ, 29 ਅਕਤੂਬਰ (ਪੋਸਟ ਬਿਊਰੋ)- ਈ-ਟੋਕਰੀ ਕੰਪਨੀ ਨੇ ਲੋਕਾਂ ਨੂੰ ਪੈਸੇ ਚਾਰ ਗੁਣਾਂ ਕਰ ਕੇ ਦੇਣ ਦਾ ਲਾਲਚ ਦੇ ਕੇ ਲੱਖਾਂ ਰੁਪਏ ਠੱਗ ਲਏ ਹਨ। ਇਸ ਦਾ ਖੁਲਾਸਾ ਉਦੋਂ ਹੋਇਆ,ਜਦੋਂ ਕੰਪਨੀ ਦਾ ਦਫਤਰ ਬੰਦ ਹੋ ਗਿਆ।

ਲੱਧੇਵਾਲੀ ਪਿੰਡ ਦੀ ਰਹਿਣ ਵਾਲੀ ਬੇਅੰਤ ਕੌਰ ਅਤੇ ਉਸ ਦੇ ਭਰਾ ਹਰਦੇਵ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੇ ਈ-ਟੋਕਰੀ ਵਿੱਚ ਪੈਸੇ ਲਾਏ ਸਨ। ਇਹ ਕੰਪਨੀ ਲੋਕਾਂ ਨੂੰ ਮੋਟਾ ਮੁਨਾਫਾ ਤੇ ਕਮਿਸ਼ਨ ਦੇ ਰਹੀ ਸੀ। ਕੰਪਨੀ ਦੇ ਪ੍ਰਤੀਨਿਧਾਂ ਨੇ ਉਨ੍ਹਾਂ ਨੂੰ ਦੱਸਿਆ ਸੀ ਕਿ ਈ-ਟੋਕਰੀ ਸਕੀਮ ਵਿੱਚ 1500 ਰੁਪਏ ਦੀ ਆਈ ਡੀ ਬਣੇਗੀ ਅਤੇ ਜਿੰਨੀਆਂ ਆਈ ਡੀਜ਼ ਕੋਈ ਬਣਾਏਗਾ, ਉਸੇ ਹਿਸਾਬ ਨਾਲ ਉਨ੍ਹਾਂ ਦੇ ਪੈਸੇ ਦੁੱਗਣੇ ਅਤੇ ਚਾਰ ਗੁਣਾਂ ਕੀਤੇ ਜਾਣਗੇ।ਬੇਅੰਤ ਕੌਰ ਨੇ ਦੱਸਿਆ ਕਿ ਦੋ ਨਵੰਬਰ 2018 ਨੂੰ ਉਸ ਨੇ ਆਪਣੇ ਪਤੀ ਦੇ ਇੱਕ ਖਾਤੇ ਰਾਹੀਂ ਕੰਪਨੀ ਨੂੰ ਇੱਕ ਲੱਖ ਰੁਪਏ ਤੋਂ ਵੱਧ ਪੈਸੇ ਭੇਜੇ ਸਨ, ਜਿਸ ਦੀਆਂ ਉਸ ਨੇ 67 ਆਈ ਡੀਜ਼ ਬਣਾਈਆਂ ਸਨ। ਫਿਰ ਉਨ੍ਹਾਂ ਨੇ ਇੱਕ ਹਫਤੇ ਬਾਅਦ ਕੰਪਨੀ ਨੂੰ 27 ਹਜ਼ਾਰ ਰੁਪਏ ਭੇਜ ਕੇ 18 ਹੋਰ ਆਈ ਡੀਜ਼ ਬਣਾ ਲਈਆਂ।ਆਈ ਡੀ ਬਣਾਉਣ ਲਈ ਕੰਪਨੀ ਲੋਕਾਂ ਕੋਲੋਂਉਨ੍ਹਾਂ ਦੇ ਬੈਂਕ ਖਾਤਿਆਂ ਅਤੇ ਹੋਰ ਨਿੱਜੀ ਜਾਣਕਾਰੀ ਲੈਂਦੀ ਸੀ ਅਤੇ ਓ ਟੀ ਪੀ ਭੇਜ ਕੇ ਇਸ ਨਾਲ ਆਈ ਡੀ ਚਲਾਉਣ ਲਈ ਕਿਹਾ ਜਾਂਦਾ ਸੀ। ਬੇਅੰਤ ਕੌਰ ਨੇ ਦੱਸਿਆ ਕਿ ਕੰਪਨੀ ਨੇ ਨਾ ਉਸ ਨੂੰ ਕੋਈ ਮੁਨਾਫਾ ਦਿੱਤਾ ਤੇ ਨਾ ਨਿਵੇਸ਼ ਕੀਤੇ ਪੈਸੇ ਵਾਪਸ ਕੀਤੇ। ਉਲਟਾ ਕੰਪਨੀ ਵਾਲਿਆਂ ਨੇ ਉਸ ਨੂੰ ਧਮਕਾਉਣਾ ਸ਼ੁਰੂ ਕਰ ਦਿੱਤਾ। ਬੇਅੰਤ ਕੌਰ ਦਾ ਕਹਿਣਾ ਸੀ ਕਿ ਉਸ ਦੇ ਭਰਾ ਤੇ ਹੋਰ ਰਿਸ਼ਤੇਦਾਰਾਂ ਨੇ ਵੀ ਇਸ ਕੰਪਨੀ ਵਿੱਚ ਪੈਸੇ ਜਮਾਂ ਕਰਵਾਏ ਸਨ।ਕੰਪਨੀ ਨੇ ਬਾਅਦ ਵਿੱਚ ਆਪਣਾ ਦਫਤਰ ਬੰਦ ਕਰ ਦਿੱਤਾ ਹੈ ਤੇ ਇਸ ਦੀ ਸ਼ਿਕਾਇਤ ਜਲੰਧਰ ਪੁਲਸ ਕਮਿਸ਼ਨਰ ਨੂੰ ਕੀਤੀ ਗਈ ਹੈ। ਪੁਲਸ ਨੇ ਈ-ਟੋਕਰੀ ਕੰਪਨੀ ਦੇ ਮੋਹਾਲੀ ਵਿੱਚ ਰਹਿਣ ਵਾਲੇ ਡਾਇਰੈਕਟਰ ਸਰਬਜੀਤ ਸਿੰਘ, ਬਲਜਿੰਦਰ ਸਿੰਘ ਅਤੇ ਪੀ ਪੀ ਸਿੰਘ ਦੇ ਵਿਰੁੱਧ ਧੋਖਾਧੜੀ ਦਾ ਕੇਸ ਦਰਜ ਕਰ ਕੇ ਉਨ੍ਹਾਂ ਦੀ ਭਾਲ ਵਿੱਚ ਛਾਪੇਮਾਰੀ ਸ਼ੁਰੂ ਕਰ ਦਿੱਤੀ ਹੈ।

# ਫਤਹਿਜੰਗ ਬਾਜਵਾ ਵੱਲੋਂ ਲਾਡੀ ਵਿਰੁੱਧ ਵਰਤੀ ਤਿੱਖੀ ਸ਼ਬਦਾਵਲੀ ਦੀ ਵੀਡੀਓ ਵਾਇਰਲ



ਬਟਾਲਾ, 29 ਅਕਤੂਬਰ (ਪੋਸਟ ਬਿਊਰੋ)- ਕਾਂਗਰਸ ਪਾਰਟੀ ਦੇ ਇੱਕ ਵਿਧਾਇਕ ਵੱਲੋਂ ਪਾਰਟੀ ਦੇ ਦੂਸਰੇ ਵਿਧਾਇਕ ਵਿਰੁੱਧ ਵਰਤੀ ਗਈ ਤਿੱਖੀ ਸ਼ਬਦਾਵਲੀ ਦੀ ਵੀਡੀਓ ਸੋਸ਼ਲ ਮੀਡੀਆ 'ਤੇ ਚਰਚਾ ਦਾ ਵਿਸ਼ਾ ਬਣੀ ਹੋਈ ਹੈ।

ਪੁਲਸ ਜ਼ਿਲ੍ਹਾ ਬਟਾਲਾ ਹੇਠਲੇ ਹਲਕਾ ਕਾਦੀਆਂ ਤੋਂ ਵਿਧਾਇਕ ਫਤਹਿਜੰਗ ਸਿੰਘ ਬਾਜਵਾ ਦੀ ਕਸਬਾ ਘੁਮਾਣ ਵਿੱਚ ਦੁਸਹਿਰੇ ਮੌਕੇ ਸਥਾਨਕ ਵਿਧਾਇਕ ਬਲਵਿੰਦਰ ਸਿੰਘ ਲਾਡੀ ਵਿਰੁੱਧ 'ਤਾਬੂਤ ਵਿੱਚ ਪਾ ਕੇ ਵਾਪਸ ਭੇਜਣ' ਤੇ ਹੋਰ ਤਿੱਖੀ ਸ਼ਬਦਾਵਲੀ ਬੋਲਣ ਦੀ ਵੀਡੀਓ ਵਾਇਰਲ ਹੋਈ ਹੈ। ਇਸ ਵੀਡੀਓ ਤੋਂਸਾਫ ਹੁੰਦਾ ਹੈ ਕਿ ਕਾਂਗਰਸ ਦੇ ਵਿਧਾਇਕ ਪਾਰਟੀ ਦੀ ਬਜਾਏ ਆਪੋ-ਆਪਣੇ ਧੜੇ ਨੂੰ ਮਜ਼ਬੂਤ ਕਰਨ ਲੱਗੇ ਹੋਏ ਹਨ।ਸ਼ਾਇਦ ਇਹ ਪਹਿਲਾ ਮੌਕਾ ਹੋਵੇ,ਜਦੋਂ ਵਿਧਾਇਕ ਫਤਹਿਜੰਗ ਸਿੰਘ ਬਾਜਵਾ ਨੇ ਵਿਧਾਇਕ ਬਲਵਿੰਦਰ ਸਿੰਘ ਲਾਡੀ ਵਿਰੁੱਧ ਤਿੱਖੀ ਸ਼ਬਦਾਵਲੀ ਵਰਤੀ ਹੈ। ਇਸ ਦੌਰਾਨ ਬਾਜਵਾ ਦੇ ਸਮਰੱਥਕਾਂ ਨੇ ਜੈਕਾਰੇ ਵੀ ਛੱਡੇ, ਜਿਸ ਤੋਂ ਲੱਗਦਾ ਹੈ ਕਿ ਆਉਂਦੇ ਦਿਨਾਂ ਵਿੱਚ ਪਾਰਟੀ ਵਿੱਚ ਧੜੇਬੰਦੀ ਦੀ ਲਕੀਰ ਹੋਰ ਡੂੰਘੀ ਹੋ ਸਕਦੀ ਹੈ।ਕੁਝ ਟਕਸਾਲੀ ਕਾਂਗਰਸੀ ਆਗੂਆਂ ਦਾ ਕਹਿਣਾ ਹੈ ਕਿ ਜੇ ਬਾਜਵਾ ਨੂੰ ਲਾਡੀ 'ਤੇ ਕੋਈ ਸ਼ਿਕਵਾ ਹੈ ਤਾਂ ਇਹ ਮਾਮਲਾ ਪਾਰਟੀ ਹਾਈ ਕਮਾਨ ਦੇ ਨੋਟਿਸ ਵਿੱਚ ਲਿਆਉਂਦੇ। ਮੰਚ ਉਤੇ ਅਜਿਹੀ ਤਿੱਖੀ ਸ਼ਬਦਾਵਲੀ ਨਹੀਂ ਵਰਤਣੀ ਚਾਹੀਦੀ ਸੀ। ਪਤਾ ਲੱਗਾ ਹੈ ਕਿ ਪਾਰਟੀ ਹਾਈ ਕਮਾਨ ਵੱਲੋਂ ਦੋਵਾਂ ਵਿਧਾਇਕਾਂ ਵਿਚਾਲੇ ਗਿਲੇ-ਸ਼ਿਕਵੇ ਦੂਰ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਵਰਨਣ ਯੋਗ ਹੈ ਕਿ ਹਲਕਾ ਸ੍ਰੀ ਹਰਗੋਬਿੰਦਪੁਰ ਦੇ ਕਸਬਾ ਘੁਮਾਣ ਵਿੱਚ ਇਸ ਵਾਰ ਦੁਸਹਿਰੇ ਮੌਕੇ ਦੋ ਜਗ੍ਹਾ ਇਕੱਠ ਹੋਇਆ। ਇਨ੍ਹਾਂ ਵਿੱਚੋਂ ਇੱਕ ਵਿੱਚ ਵਿਧਾਇਕ ਲਾਡੀ ਗਏ ਅਤੇ ਦੂਸਰੇ ਵਿੱਚ ਵਿਧਾਇਕ ਫਤਹਿਜੰਗ ਸਿੰਘ ਬਾਜਵਾ ਨੇ ਸ਼ਿਰਕਤ ਕੀਤੀ ਸੀ।




## ਲੜਕੀ ਦੀ ਲੋੜ

ਰਵਿਦਾਸ ਲੜਕਾ, ਉਮਰ 27 ਸਾਲ, ਕੱਦ 6'2'', ਕੈਨੇਡੀਅਨ ਪੀ ਆਰ, ਜੋਬ ਟਰੱਕ ਚਲਾਉਂਦਾ ਹੈ ਅਤੇ ਵੇਲ ਸਟੈਲਡ ਹੈ, ਲਈ ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਸਟੂਡੈਂਟ/ ਵਰਕ ਪਰਮਟ ਹੋਲਡਰ ਲੜਕੀਆਂ ਵੀ ਸੰਪਰਕ ਕਰ ਸਕਦੇ ਹਨ। ਵਧੇਰੀ ਜਾਣਕਾਰੀ ਲਈ ਕਾਲ ਕਰੋ: 416-419-6097 ਜਾਂ 437-993-7620

ਜੱਟ ਸਿੱਖ ਗਰੇਵਾਲ ਲੜਕਾ, 1994, ਕੱਦ 6'2'', ਜੋ ਕਿ ਆਸਟ੍ਰੇਲੀਆ 'ਚ ਸਟੱਡੀ ਵੀਜ਼ੇ 'ਤੇ ਰਹਿ ਰਿਹਾ ਹੈ, ਲਈ ਕੈਨੇਡਾ ਤੋਂ ਲੜਕੀ ਦੀ ਲੋੜ ਹੈ। ਲੜਕੇ ਦੀ ਇਕ ਭੈਣ ਕੈਨੇਡਾ (ਟੋਰਾਂਟੋ) ਤੇ ਦੂਸਰੀ ਭੈਣ ਆਸਟ੍ਰੇਲੀਆ 'ਚ ਸੈਟਲਡ ਹੈ। ਲੜਕੇ ਦੇ ਮਾਤਾ ਜੀ ਸੁਪਰ ਵੀਜ਼ੇ 'ਤੇ ਕੈਨੇਡਾ ਆਏ ਹੋਏ ਹਨ। ਸੰਪਰਕ:-647-772-6650, ਵਟਸ ਐਪ ਨੰਬਰ:- 99156-62207

Match for Handsome Jat Sikh boy 40/5'10"(Issueless divorce), B.Tech, M.S (USA) Working in MNC as Senior Software Engineer in the USA. Family of Doctors and Engineers. Please respond with recent pics. Email match52020@gmail.com, Whats-app: +91-9815787350

ਕੈਨੇਡਾ ਵਿੱਚ ਵੈੱਲ ਸੈਟਲਡ, ਵਿੰਨੀਪੈਗ ਰਹਿ ਰਹੇ ਕੈਨੇਡਾ ਤੋਂ ਐਮਬੀਏ ਦੀ ਡਿਗਰੀ ਪ੍ਰਾਪਤ ਗੁਲਾਟੀ ਪਰਿਵਾਰ ਦੇ 29 ਸਾਲਾ ਲੜਕੇ, ਕੱਦ 6 ਫੁੱਟ 3 ਇੰਚ ਲਈ ਲੰਮੀਂ ਉੱਚੀ ਤੇ ਪੜ੍ਹੀ ਲਿਖੀ ਯੋਗ ਕੰਨਿਆ ਦੀ ਜ਼ਰੂਰਤ ਹੈ। ਤਰਨਤਾਰਨ ਵਿੱਚ ਪਰਿਵਾਰ ਦਾ ਜਿਊਲਰੀ ਦਾ ਕਾਰੋਬਾਰ ਹੈ। ਚਾਹਵਾਨ ਸੱਜਣ ਇਨ੍ਹਾਂ ਨੰਬਰਾਂ ਉੱਤੇ ਸੰਪਰਕ ਕਰ ਸਕਦੇ ਹਨ-9815908662, 9815032106,416-817-4684.

ਜੱਟ ਸਿੱਖ ਧਨੋਆ ਲੜਕਾ, ਉਮਰ 27 ਸਾਲ ਕੱਦ 5'11'' ਮਿਕੈਨੀਕਲ ਇੰਜਨੀਅਰ ਅੰਮ੍ਰਿਤਧਾਰੀ ਵਿਜ਼ਿਟਰ ਵੀਜ਼ੇ ਉਤੇ ਆਏ, ਲਈ PR/Citizen/Studentਲੜਕੀ ਦੀ ਲੋੜ ਹੈ। ਲੜਕਾ ਆਪਣੇ ਮਾਮਾ-ਮਾਮੀ ਕੋਲ ਰਹਿ ਰਿਹਾ ਹੈ। ਤਲਾਕਸ਼ੁਦਾ ਉਤੇ ਵੀ ਗੌਰ ਕੀਤੀ ਜਾ ਸਕਦੀ ਹੈ। (Studentਦਾ ਖਰਚਾ ਵੀ ਕਰ ਸਕਦੇ ਹਾਂ) ਲੜਕੇ ਦਾ ਭਰਾ ਆਸਟ੍ਰੇਲੀਆ ਰਹਿ ਰਿਹਾ ਹੈ। ਸੰਪਰਕ: 416-708-4100

ਕੈਨੇਡੀਅਨ ਇਮੀਗ੍ਰੈਂਟ ਕੰਬੋਜ ਸਿੱਖ (ਚਤਰਥ) ਲੜਕਾ ਉਮਰ 32 ਸਾਲ 5'8'' ਸੋਹਣਾ ਸੁਨੱਖਾ, ਲਈ ਪੜ੍ਹੀ ਲਿਖੀ ਕੈਨੇਡਾ ਰਹਿੰਦੀ ਲੜਕੀ ਦੀ ਲੋੜ ਹੈ। ਮੁੰਡੇ ਦਾ ਸਾਰਾ ਪਰਿਵਾਰ ਕੈਨੇਡਾ ਸੈਟਲਡ ਹੈ। ਸੰਪਰਕ: 780-297-7375

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5'10'', Dentist, MBAਆਸਟਰੇਲੀਆ ਵਿੱਚ ਵੱਰਕ ਪਰਮਿਟ ਤੇ ਰਹਿੰਦੇ ਲੜਕੇ ਲਈ ਵਧੀਆ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ :647-280-6503 । +91-98142-02918 (Whatsapp)

Seeking a suitable match for their son, never married, 43 years, 6' tall, fair, Ramdasia Gursikh, Amritdhari, Canadian citizen. Father class 1 retied officer and well settled family. Serious queries please respond on email sukhi_cancer@yahoo.com or call 416-721-5191 or 647-308-4411(contact after 5 pm)

## ਲੜਕੀ ਦੀ ਲੋੜ

ਸਿੱਖ ਅਰੋੜਾ ਲੜਕੇ ਲਈ ਯੋਗ ਕੰਨਿਆ ਦੀ ਜ਼ਰੂਰਤ: ਇਸ ਸਮੇਂ ਵਿਜ਼ਿਟਰ ਵੀਜ਼ੇ ਉਤੇ ਕੈਨੇਡਾ ਵਿਚ ਰਹਿ ਰਹੇ ਸਿੱਖ ਅਰੋੜਾ ਲੜਕੇ ਲਈ ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤਪਾਤ ਦਾ ਕੋਈ ਫਰਕ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

ਹਿੰਦੂ ਖਤਰੀ ਲੜਕਾ, ਕੱਦ 5'8'', ਉਮਰ 28 ਸਾਲ, ਰੰਗ ਸਾਫ, ਯੋਗਤਾ ਬੈਚਲਰ ਇਨ ਹੋਸਪੀਟੇਲਟੀ ਮਨੇਜਮੈਂਟ। ਓਬਰਾਏ, ਤਾਜ ਵਰਗੇ ਚੰਗੀ ਕੰਪਨੀਆਂ ਵਿੱਚ 8 ਸਾਲ ਕੰਮ ਦਾ ਤਜ਼ਰਬਾ ਅਤੇ ਇੰਡੀਆ ਵਿੱਚ ਚੰਗੀ ਜੋਬ ਕਰਦੇ ਲੜਕੇ ਲਈ ਕੈਨੇਡੀਅਨ ਪੀ ਆਰ ਜਾਂ ਵਰਕ ਪਰਮਟ ਹੋਲਡਰ ਲੜਕੀ ਦੀ ਲੋੜ ਹੈ। ਪੰਜਾਬ ਭਾਖੜਾ ਨੰਗਲ ਨਾਲ ਸੰਬੰਧ ਰੱਖਦੇ ਹਨ। ਵਧੇਰੀ ਜਾਣਕਾਰੀ ਲਈ ਕਾਲ ਜਾਂ ਵਟਸਐਪ ਕਰੋ:+91-94173-58712

ਸੁੰਨਿਆਰਾ ਲੜਕਾ, ਉਮਰ 25 ਸਾਲ, ਕੱਦ 5'8'', ਕੈਨੇਡੀਅਨ ਸਿਟੀਜ਼ਨ, ਵੈਲ ਸੇਟਲਡ, ਆਪਣਾ ਕਾਰੋਬਾਰ ਲਈ ਕੈਨੇਡੀਅਨ/ਅਮਰੀਕਨ ਸਿਟੀਜਨ ਜਾਂ ਪੀ ਆਰ ਲੜਕੀ ਦੀ ਲੋੜ ਹੈ। ਸਟੂਡੈਂਟ ਜਾਂ ਵਰਕ ਪਰਮਟ ਹੋਲਡਰ ਵੀ ਸੰਪਰਕ ਕਰ ਸਕਦੇ ਹਨ। ਕਿਰਪਾ ਕਰਕੇ ਆਪਣੇ ਬਰਾਦਰੀ ਵਾਲੇ ਹੀ ਸੰਪਰਕ ਕਰਨ। ਕਾਲ : 647-739-3600 ।

ਅਰੋੜਾ ਸਿੱਖ ਲੜਕਾ, ਉਮਰ 36 ਸਾਲ, ਕੱਦ 5'11',ਕੇਨੈਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰ ਰਹੇ ਲੜਕੇ ਲਈ ਘਰੇਲੂ ਅਤੇ ਪੀ ਆਰ/ ਵਰਕ ਪਰਮਿਟ ਲੜਕੀ ਦੀ ਲੋੜ ਹੈ। ਕਿਰਪਾ 30 ਤੋ ਵੱਧ ਉਮਰ ਦੀਆਂ ਲੜਕੀਆਂ ਹੀ ਸੰਪਰਕ ਕਰਨ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 431-998-8022

ਜੱਟ ਸਿੱਖ ਲੜਕਾ, ਉਮਰ 27 ਸਾਲ, ਕੱਦ 5'11'', ਕੈਨੇਡਾ ਵਿੱਚ ਪੀ ਆਰ ਹੈ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਓਹੀ ਸੰਪਰਕ ਕਰਨ ਜੋ ਲੜਕੇ ਦੇ ਦੁਬਈ ਰਹਿੰਦੇ ਭਰਾ ਦਾ ਕੈਨੇਡਾ ਰਿਸ਼ਤਾ ਕਰਵਾ ਸਕਣ। ਕਾਲ ਕਰੋ ਲੋਕਲ: (587)-936-0127 ਜਾਂ ਇੰਡੀਆ: +91-94179-16049

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5'7'', ਕੈਨੇਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੀ ਆਰ ਜਾਂ ਸਿਟੀਜਨ , ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਲੜਕੇ ਦਾ ਸਾਰਾ ਪਰਿਵਾਰ ਕੇਨੈਡਾ ਵਿੱਚ ਪੀ ਆਰ ਅਤੇ ਵਧੀਆ ਸੈਟਲਡ ਹੈ। ਪੰਜਾਬ ਤੋਂ ਮਾਝੇ ਜਿਲ੍ਹੇਂ ਨੂੰ ਪਹਿਲ ਦਿੱਤੀ ਜਾਵੇਗੀ। ਕਾਲ ਕਰੋ: 716-536-1939 ਜਾਂ ਵਟਸਐਪ ਕਰੋ: +91-98144-90449

## ਲੜਕੇ ਦੀ ਲੋੜ

Beautiful,well educated, 28 years old Punjabi Lubana girl, BSc software engineering from London England,project management from Canada,currently working with Suncor Company,PR IN CANADA. Looking for Sikh Sardar well educated Boy,cast no Bar,from Canada. Contact number 3238 470 404

**"Jat Sikh family seeking suitable match for their daughter 37 year 6 ft. tall, well versed with both cultures. Born & raised in Canada, did her medicine degree & residency (double in Emergency & Internal Medicine) in USA. A green card holder and willing to come to Canada as the opportune prevail. Please contact (519) 351-8043 or B200348@gmail.com"**

Seeking a suitable match for Canadian born punjabi tonk kshatriya girl, 36 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਜੱਟ ਸਿੱਖ ਢਿੱਲੋ ਲੜਕੀ, ਉਮਰ 31 ਸਾਲ, ਕੱਦ 5'-3'', ਪੜ੍ਹੀ-ਲਿਖੀ ਤੇ ਕੈਨੇਡਾ ਵਿੱਚ P.R ਲੜਕੀ ਲਈ ਪੜ੍ਹਿਆ-ਲਿਖੀਆ P.R ਜਾਂ Work Permit/Visitor Visa ਤੇ ਆਏ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 28 ਸਾਲ ਤੋ ਘੱਟ ਨਾ ਹੋਵੇ ਤੇ ਨਸ਼ਿਆ ਤੋਂ ਰਹਿਤ ਹੋਵੇ। ਮਾਲਵੇ ਨੂੰ ਪਹਿਲ। ਸੰਪਰਕ ਕਰੋ: +91 98881-21412 ਜਾਂ +91 97802-16716

ਰਸੂਖ਼ਦਾਰ ਪੰਜਾਬੀ ਖੱਤਰੀ ਪਰਿਵਾਰ ਦੀ ਖੂਬਸੂਰਤ ਤੇ ਚੰਗੀ ਪੜ੍ਹੀ ਲਿਖੀ ਲੜਕੀ ਲਈ ਵੈੱਲਸੈਟਲਡ ਤੇ ਯੋਗ ਵਰ ਦੀ ਭਾਲ ਹੈ। ਲੜਕੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਜੀਆਈਐਸ ਐਂਡ ਰਿਮੋਟ ਸੈਂਸਿੰਗ ਵਿੱਚ ਪੋਸਟ ਗ੍ਰੈਜੂਏਟ ਹੈ। ਲੜਕੀ ਦੀ ਉਮਰ 29 ਸਾਲ, ਕੱਦ 5 ਫੁੱਟ 1 ਇੰਚ ਹੈ। ਲੜਕੀ ਸੁਸ਼ੀਲ ਤੇ ਪਰਿਵਾਰਪੱਖੀ ਸੋਚ ਰੱਖਣ ਵਾਲੀ ਹੈ। ਲੜਕੀ ਭਾਰਤ ਦੀ ਨਾਗਰਿਕ ਹੈ ਤੇ ਇਸ ਸਮੇਂ ਭਾਰਤ ਵਿੱਚ ਹੀ ਹੈ। ਭਰਾ ਦਾ ਪਰਿਵਾਰ ਸਥਾਈ ਤੌਰ ਉੱਤੇ ਟੋਰਾਂਟੋ ਸੈਟਲਡ ਹੈ। ਇਸ ਸਮੇਂ ਪਿਤਾ ਟੋਰਾਂਟੋ ਵਿੱਚ ਹਨ। ਸੰਪਰਕ : 416-890-2725 (ਪਿਤਾ), 416-457-8631 (ਭਰਾ), email- mthapar21@gmail.com

## ਲੜਕੇ ਦੀ ਲੋੜ

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com

ਜੱਟ ਸਿੱਖ ਲੜਕੀ, ਉਮਰ 27 ਸਾਲ, ਕੱਦ 5'-5'', MBA, ਕੈਨੇਡੀਅਨ ਪੀ ਆਰ ਵਧੀਆ ਜੋਬ ਕਰ ਰਹੀ ਲੜਕੀ ਲਈ ਜੱਟ ਸਿੱਖ ਪੜੇ ਲਿੱਖੇ,ਪੀ ਆਰ ਅਤੇ ਸੈਟਲਡ ਲੜਕੇ ਦੀ ਲੋੜ ਹੈ। ਟੋਰਾਂਟੋ/ਕੇਲਗਰੀ ਨੂੰ ਪਹਿਲ ਦਿੱਤੀ ਜਾਵੇਗੀ। ਕਾਲ ਕਰੋ:647-569-3479 ਜਾਂ ਵਟਸਐਪ +91-94640-41287

ਜੱਟ ਸਿੱਖ ਲੜਕੀ, 35 ਸਾਲ, ਕੱਦ 5'3'', ਵਿਜੀਟਰ ਵੀਜ਼ੇ ਤੇ ਆਈ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਪੀ ਆਰ ਲੜਕੇ ਦੀ ਲੋੜ ਹੈ। ਕਾਲ 647-456-1772

ਜੱਟ ਸਿੱਖ ਗਿਲ ਲੜਕੀ, ਜਨਮ 1991, ਕੱਦ 5'-4'', Btech Electrical, ਕੈਨੇਡੀਅਨ ਪੀ ਆਰ ਲਈ ਗੁਰਸਿੱਖ, ਪੜੇ ਲਿੱਖੇ ਅਤੇ ਸੈਟਲਡ ਲੜਕੇ ਦੀ ਲੋੜ ਹੈ। ਲੜਕੀ ਦਾ ਸਾਰਾ ਪਰਿਵਾਰ ਇੰਡੀਆ ਵਿੱਚ ਰਹਿੰਦਾ ਹੈ। ਇੰਡੀਆ ਰਹਿੰਦੇ ਲੜਕੇ ਵੀ ਸੰਪਰਕ ਕਰ ਸਕਦੇ ਹਨ। ਸੰਪਰਕ ਕਰੋ: +91-94640-34653

ਜੱਟ ਸਿੱਖ ਲੜਕੀ, ਉਮਰ 29 ਸਾਲ , ਕੱਦ 5'5'', ਕਨੈਡੀਅਨ ਪੀ ਆਰ, M.A B.Ed , ਚੰਗੀ ਜੋਬ ਕਰ ਰਹੀ ਲੜਕੀ ਲਈ ਪੜ੍ਹਿਆ-ਲਿਖਿਆ, ਖਾਨਦਾਨੀ ਕੈਨੇਡੀਅਨ PR ਜਾਂ ਵੱਰਕ ਪਰਮਿਟ ਤੇ ਆਏ ਲੜਕੇ ਦੀ ਲੋੜ ਹੈ। ਸੰਪਰਕ ਕਰੋ : 437-233-7609 । ਟੋਰਾਂਟੋ ਰਹਿੰਦੇ ਲੜਕੇ ਨੂੰ ਪਹਿਲ ਦਿੱਤੀ ਜਾਵੇਗੀ।

Seeking a suitable match for Canadian born punjabi tonk kshatriya girl, 35 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਸਿੱਖ ਲੜਕੀ, ਉਮਰ 24 ਸਾਲ, ਕੱਦ 5 ਫੁਟ 3 ਇੰਚ, ਇੰਡੀਆ ਵਿਚ ਰਹਿੰਦੀ, ਯੋਗਤਾ ਐਮ.ਕਾਮ. ਤੇ ਕਾਲਜ ਵਿਚ ਲੈਕਚਰਾਰ ਦੀ ਨੌਕਰੀ ਕਰ ਰਹੀ ਹੈ। ਨੈਨੀ ਦਾ ਕੋਰਸ ਕੀਤਾ ਹੋਇਆ ਹੈ। ਰੰਗ ਸਾਫ਼, ਸੋਹਣੀ ਸੁਨੱਖੀ ਲੜਕੀ ਲਈ ਕੈਨੇਡੀਅਨ ਪੀ.ਆਰ. ਸਿੱਖ ਲੜਕੇ ਦੀ ਲੋੜ ਹੈ। ਜਾਤੀ ਬੰਧਨ ਨਹੀਂ। ਲੜਕੀ ਦੇ ਭੂਆ ਜੀ ਕੈਨੇਡਾ ਵਿਚ ਸੈਟਲਡ ਹਨ। ਸੰਪਰਕ: 905-749-1654

UPPAL LAW
IMMIGRATION SERVICES
* Visitor Visa
* Super Visa
* Study,Work,Visitor Extension Visa
* Spousal Applications
* Family Sponsorship
* Permanent Residence Card Renewal
* Citizenship Application
* All Invitation Letters
OTHER PRACTICES
* Criminal Law
* Family Law
* Power of Attorney
* Change of Name
* Notarization
* Travel Consent
* Affidavit
* Landlord and Tenant Matters
AVTAR UPPAL Manager
AMAN UPPAL Barrister,Solicitor
FREE Consultation
Tel: 905-500-1507
351 Parkhurst Square, # 16, Brampton,ON L6T 0C2, Fax: 905-672-7848
* PRIOR APPOINTMENT NECESSARY

ਫੋਨਾਂ ਦੇ ਸਸਤੇ ਪਲਾਨ ਗਾਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓ
15 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

STARLANE PAINTING
Residential • Commercial • Industrial
• Hotel • Motel • Exterior
• Interior • Spray Painting
• Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com
ਹਰਜੀਤ ਧਨੋਆ

# ਮੋਗਾ ਵਿਖੇ ਲਗਾਇਆ ਭ੍ਰਿਸ਼ਟਾਚਾਰ ਵਿਰੋਧੀ ਸੈਮੀਨਾਰ



ਮੋਗਾ, 29 ਅਕਤੂਬਰ (ਗਿਆਨ ਸਿੰਘ): ਵਿਜੀਲੈਂਸ ਬਿਊਰੋ ਵੱਲੋਂ ਭ੍ਰਿਸ਼ਟਾਚਾਰ ਵਿਰੁੱਧ ਜਾਗਰੂਕਤਾ ਹਫਤਾ ਮਨਾਇਆ ਜਾ ਰਿਹਾ ਹੈ, ਜਿਸਦੀ ਲੜੀ ਤਹਿਤ ਵਿਜੀਲੈਂਸ ਬਿਊਰੋ ਯੂਨਿਟ ਮੋਗਾ ਵੱਲੋਂ ਅੱਜ ਗੁਰੂ ਨਾਨਕ ਕਾਲਜ ਮੋਗਾ ਵਿਖੇ ਭ੍ਰਿਸ਼ਟਾਚਾਰ ਵਿਰੋਧੀ ਸੈਮੀਨਾਰ ਕੋਵਿਡ-19 ਸਬੰਧੀ ਸਰਕਾਰ ਵੱਲੋਂ ਜਾਰੀ ਹਦਾਇਤਾਂ/ਸਾਵਧਾਨੀਆਂ ਨੂੰ ਧਿਆਨ ਵਿੱਚ ਰੱਖਦੇ ਹੋਏ ਉਪ ਕਪਤਾਨ ਪੁਲਿਸ, ਵਿਜੀਲੈਂਸ ਬਿਊਰੋ ਯੂਨਿਟ ਮੋਗਾ ਕੇਵਲ ਕ੍ਰਿਸ਼ਨ, ਦੀ ਅਗਵਾਈ ਹੇਠ ਕੀਤਾ ਗਿਆ।



ਜਿਸ ਵਿੱਚ ਇੰਸਪੈਕਟਰ ਸੱਤਪ੍ਰੇਮ ਸਿੰਘ, ਐਸ.ਆਈ. ਸੁਰਿੰਦਰਪਾਲ ਸਿੰਘ, ਰੀਡਰ ਏ.ਐਸ.ਆਈ. ਮੁਖਤਿਆਰ ਸਿੰਘ, ਏ.ਐਸ.ਆਈ ਗੁਰਮੀਤ ਸਿੰਘ, ਏ.ਐਸ.ਆਈ ਬਲਦੇਵ ਰਾਜ ਅਤੇ ਸਮੂਹ ਕਰਮਚਾਰੀ ਵਿਜੀਲੈਂਸ ਬਿਊਰੋ ਯੂਨਿਟ ਮੋਗਾ ਵੱਲੋਂ ਸ਼ਾਮੂਲੀਅਤ ਕੀਤੀ ਗਈ। ਡਾਕਟਰ ਸਿਮਰਜੀਤ ਕੌਰ ਗਿੱਲ ਵੱਲੋਂ ਸਟੇਜ ਸੈਕਟਰੀ ਦੀ ਭੂਮਿਕਾ ਨਿਭਾਈ ਗਈ।

ਕੇਵਲ ਕ੍ਰਿਸ਼ਨ, ਉਪ ਕਪਤਾਨ ਪੁਲਿਸ, ਵਿਜੀਲੈਂਸ ਬਿਊਰੋ ਮੋਗਾ ਅਤੇ ਇੰਸਪੈਕਟਰ ਸੱਤਪ੍ਰੇਮ ਸਿੰਘ ਵਿਜੀਲੈਂਸ ਬਿਊਰੋ ਮੋਗਾ ਵੱਲੋਂ ਸੈਮੀਨਾਰ ਵਿੱਚ ਸ਼ਾਮਿਲ ਵਿਦਿਆਰਥੀਆਂ/ਪਬਲਿਕ ਨੂੰ ਆਪਣੇ ਸੰਬੋਧਨ ਰਾਹੀਂ ਭ੍ਰਿਸ਼ਟਾਚਾਰ ਵਿਰੁੱਧ ਜਾਗੂਰਕ ਕੀਤਾ ਗਿਆ ਅਤੇ ਟੋਲਫਰੀ ਨੰਬਰ 1800-1800-1000 ਬਾਰੇ ਜਾਣਕਾਰੀ ਦਿੱਤੀ ਗਈ। ਉਨ੍ਹਾਂ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਭ੍ਰਿਸ਼ਟਾਚਾਰ ਇੱਕ ਬੜੀ ਹੀ ਭਿਆਨਕ ਬਿਮਾਰੀ ਦੀ ਤਰ੍ਹਾਂ ਹੈ ਜਿਸ ਨੂੰ ਸਾਨੂੰ ਸਭ ਨੂੰ ਰਲ ਕੇ ਖਤਮ ਕਰਨਾ ਹੈ। ਸੈਮੀਨਾਰ ਦੇ ਅੰਤ ਵਿੱਚ ਹਾਜਰ ਨਾਗਰਿਕਾਂ ਵੱਲੋਂ ਦਿਆਨਤਦਾਰੀ ਦਾ ਸੰਕਲਪ ਵੀ ਲਿਆ ਗਿਆ।

ਐਸ.ਕੇ.ਬਾਂਸਲ ਜਿਲ੍ਹਾ ਕੋ-ਆਰਡੀਨੇਟਰ ਐਨ.ਜੀ.ਓ., ਓ.ਪੀ. ਕੁਮਾਰ ਪ੍ਰਧਾਨ ਸ਼ੋਸ਼ਲ ਵੈੱਲਫੇਅਰ ਕਲੱਬ ਮੋਗਾ, ਭਾਵਨਾ ਬਾਂਸਲ ਸ਼ੋਸ਼ਲ ਵਰਕਰ, ਵਿਸ਼ਾਲ ਅਰੋੜਾ ਬਲੱਡ ਡੋਨਰਜ ਕਲੱਬ ਮੋਗਾ ਅਤੇ ਗੁਰੂ ਨਾਨਕ ਕਾਲਜ ਮੋਗਾ ਦੇ ਪ੍ਰਿੰਸੀਪਲ ਡਾ. ਸਵਰਨਜੀਤ ਸਿੰਘ ਵੱਲੋਂ ਰਿਸ਼ਵਤਖੋਰੀ ਨੂੰ ਜੜ੍ਹੋਂ ਖਤਮ ਕਰਨ ਲਈ ਪਬਲਿਕ ਨੂੰ ਸਹਿਯੋਗ ਦੇਣ ਦੀ ਅਪੀਲ ਕੀਤੀ।


ਫੈਨਸਾਂ ਜਾਂ ਘਰਾਂ ਦੇ ਰੰਗ ਕਰਨ ਲਈ ਇਕੋ ਨਾਂ, ਇਕੋ ਨੂੰ:
647 202 7902 ਜਾਂ 647 794 6514
8 ਸਾਲਾਂ ਦਾ ਤਜਰਬਾ । ਵਾਜਿਬ ਰੇਟ ਤੇ ਸਮੇ ਸਿਰ ਕੰਮ
ਰੇਟ: $14/ਘੰਟਾ


# ਬਠਿੰਡਾ ਵਿਖੇ ਅਕਾਲੀ ਆਗੂਆਂ 'ਤੇ ਝੂਠਾ ਕੇਸ ਤੁਰੰਤ ਖਾਰਜ ਕਰੋ : ਮਲੂਕਾ

ਬਠਿੰਡਾ, 29 ਅਕਤੂਬਰ (ਗਿਆਨ ਸਿੰਘ): ਬਠਿੰਡਾ ਵਿਖੇ ਸ਼੍ਰੋਮਣੀ ਅਕਾਲੀ ਦਲ (ਬ) ਬਠਿੰਡਾ ਸ਼ਹਿਰੀ ਦੇ ਦਫ਼ਤਰ ਵਿਖੇ ਸਾਬਕਾ ਕੈਬਨਿਟ ਮੰਤਰੀ,ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਕਿਸਾਨ ਵਿੰਗ ਸਿਕੰਦਰ ਸਿੰਘ ਮਲੂਕਾ, ਸਾਬਕਾ ਵਿਧਾਇਕ ਸਰੂਪ ਚੰਦ ਸਿੰਗਲਾ ਨੇ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਬੀਤੀ ਰਾਤ ਵਿੱਤ ਮੰਤਰੀ ਦੇ ਨਜਦੀਕੀ ਰਿਸਤੇਦਾਰ ਦੇ ਇਸਾਰੇ ਤੇ ਅਕਾਲੀ ਦਲ ਦੇ ਆਗੂਆਂ ਪਾਰਟੀ ਦੇ ਬੁਲਾਰੇ ਚਮਕੌਰ ਸਿੰਘ ਮਾਨ, ਸਾਬਕਾ ਕੌਂਸਲਰ ਨਿਰਮਲ ਸਿੰਘ ਸੰਧੂ ਅਤੇ ਯੂਥ ਆਗੂ ਰਾਜਦੀਪ ਸਿੰਘ ਢਿੱਲੋਂ ਤੇ ਮੇਅਰ ਦੀ ਸਰਕਾਰੀ ਰਿਹਾਇਸ ਵਿੱਚ ਵੜਣ ਦਾ ਝੂਠਾ ਕੇਸ ਦਰਜ ਕੀਤਾ ਗਿਆ ਹੈ ਜਿਸ ਵਿੱਚ ਕੋਈ ਸਚਾਈ ਨਹੀ ਹੈ । ਸਿੰਗਲਾ ਨੇ ਕਿਹਾ ਕਿ ਮੇਰੀ ਹਾਜਰੀ ਵਿੱਚ ਸਮੁੱਚੇ ਮੀਡੀਆ ਕਰਮੀਆਂ ਦੇ ਸਾਹਮਣੇ ਮੇਅਰ ਦੀ ਸਰਕਾਰੀ ਰਿਹਾਇਸ ਵਿੱਚ ਪਏ ਗਲ-ਸੜ ਰਹੇ ਰਾਂਸਨ ਦਾ ਖੁਲਾਸਾ ਅਸੀ ਕੀਤਾ ਤਾਂ ਕਿ ਸਾਰੀ ਸਚਾਈ ਸਮਾਜ ਅਤੇ ਪ੍ਰਸ਼ਾਸ਼ਨ ਅਧਿਕਾਰੀਆਂ ਦੇ ਸਾਹਮਣੇ ਆ ਸਕੇ ਪਰੰਤੂ ਪ੍ਰਸ਼ਾਸ਼ਨ ਵੱਲੋਂ ਇਸ ਅਣਗਹਿਲੀ ਲਈ ਜਿੰਮੇਵਾਰ ਅਧਿਕਾਰੀਆਂ ਤੇ ਕਾਰਵਾਈ ਕਰਨ ਦੀ ਬਜਾਏ, ਸਚਾਈ ਸਾਹਮਣੇ ਲਿਆਉਣ ਵਾਲੇ ਸਾਡੀ ਪਾਰਟੀ ਦੇ ਆਗੂਆਂ ਤੇ ਝੂਠਾ ਪਰਚਾ ਦਰਜ ਕਰਕੇ ਦਹਿਸਤ ਦਾ ਮਾਹੌਲ ਪੈਦਾ ਕੀਤਾ ਜਾ ਰਿਹਾ ਹੈ । ਦੋਵਾਂ ਹੀ ਆਗੂਆਂ ਨੇ ਜਿਲ੍ਹਾ ਪ੍ਰਸ਼ਾਸ਼ਨ ਨੂੰ ਚਿੰਤਾਵਨੀ ਦਿੱਤੀ ਕਿ ਅਗਰ ਉਕਤ ਆਗੂਆਂ ਤੇ ਦਰਜ ਝੂਠਾ ਕੇਸ ਖਾਰਜ ਨਾ ਕੀਤਾ ਗਿਆ ਅਤੇ ਇਸ ਘਟਨਾਕ੍ਰਮ ਲਈ ਜਿੰਮੇਵਾਰ ਸਰਕਾਰੀ ਅਧਿਕਾਰੀਆਂ ਤੇ ਕੇਸ ਦਰਜ ਕਰਕੇ ਕਾਰਵਾਈ ਨਾ ਕੀਤੀ ਗਈ ਤਾਂ ਸੰਘਰਸ ਨੂੰ ਹੋਰ ਤੇਜ ਕੀਤਾ ਜਾਵੇਗਾ ਅਤੇ ਕਮਿਸ਼ਨਰ ਨਗਰ ਨਿਗਮ ਬਠਿੰਡਾ ਦੇ ਦਫ਼ਤਰ ਦਾ ਘਿਰਾਓ ਕੀਤਾ ਜਾਵੇਗਾ । ਉਹਨਾਂ ਕਿਹਾ ਕਿ ਬਹੁਤ ਹੀ ਸਰਮਨਾਕ ਅਤੇ ਮੰਦਭਾਗੀ ਗੱਲ ਹੈ ਕਿ ਲਾਕਡਾਊਨ ਦੌਰਾਨ ਕੇਦਰ ਸਰਕਾਰ, ਦਾਨੀ ਸੱਜਣਾਂ ਅਤੇ ਸਮਾਜਸੇਵੀ ਜੱਥੇਬੰਦੀਆਂ ਵੱਲੋਂ ਗਰੀਬ ਲੋਕਾਂ ਦੀ ਮੱਦਦ ਲਈ ਇਕੱਠੇ ਕੀਤੇ ਰਾਂਸ਼ਨ ਨੂੰ ਗਰੀਬ ਲੋਕਾਂ ਵਿੱਚ ਵੰਡਣ ਦੀ ਬਜਾਏ ਕਾਂਗਰਸੀ ਆਗੂਆਂ ਦੇ ਇਸ਼ਾਰੇ ਤੇ ਅਧਿਕਾਰੀਆਂ ਵੱਲੋਂ ਰੋਜਗਾਰਡਨ ਕੋਲ ਨਗਰ ਨਿਗਮ ਦੀ ਕਲੌਨੀ ਵਿੱਚ ਸਥਿਤ ਮੇਅਰ ਦੀ ਸਰਕਾਰੀ ਰਿਹਾਇਸ ਵਿੱਚ ਜਮਾਂ ਕੀਤਾ ਗਿਆ ।ਉਹਨਾਂ ਕਿਹਾ ਕਿ ਖਦਸ਼ਾ ਹੈ ਕਿ ਇਹ ਰਾਂਸਨ ਨਗਰ ਨਿਗਮ ਦੀਆਂ ਚੋਣਾਂ ਵਿੱਚ ਕਾਂਗਰਸ ਆਗੂਆਂ ਨੇ ਆਪਣਾ ਰਾਸ਼ਨ ਕਹਿ ਕੇ ਕਾਂਗਰਸ ਪਾਰਟੀ ਵੱਲੋਂ ਵੰਡਣਾਂ ਸੀ ਪਰੰਤੂ ਜਿਆਦਾ ਸਮਾਂ ਪਿਆ ਹੋਣ ਕਾਰਨ ਇਹ ਰਾਂਸਨ ਖਰਾਬ ਹੋ ਗਿਆ ਜਿਸਨੂੰ ਪਿਛਲੇ ਦਿਨੀ ਯੋਗਰ ਪਾਰਕ ਵਿੱਚ ਟੋਆ ਪੁੱਟ ਕੇ ਦੱਬਣ ਦੀ ਜਦੋ ਕੋਸ਼ਿਸ਼ ਕੀਤੀ ਜਾ ਰਹੀ ਸੀ ਤਾ ਮੀਡੀਆ ਕਰਮਚਾਰੀਆਂ ਨੇ ਇਸਦਾ ਭਾਂਡਾ ਫੋੜ ਦਿੱਤਾ ਸੀ । ਮਲੂਕਾ ਅਤੇ ਸਿੰਗਲਾ ਨੇ ਕਿਹਾ ਕਿ ਅਸੀਂ ਲਾਕਡਾਊਨ ਦੇ ਦੌਰਾਨ ਵੀ ਪ੍ਰੈੱਸ ਅਤੇ ਸੋਸਲ ਮੀਡੀਆਂ ਰਾਂਹੀ ਵਾਰ ਵਾਰ ਸਰਕਾਰੀ ਨੂੰ ਚਿਤਾਵਨੀ ਵੀ ਦਿੰਦੇ ਰਹੇ ਕਿ ਕੇਦਰ,ਪੰਜਾਬ ਸਰਕਾਰ ਅਤੇ ਦਾਨੀ ਸੱਜਣਾਂ ਵੱਲੋਂ ਇਕੱਠੇ ਕੀਤੇ ਰਾਂਸਨ ਦੀ ਕਾਂਗਰਸੀ ਆਗੂਆਂ ਵੱਲੋ ਦੁਰਵਰਤੋ ਕੀਤੀ ਜਾ ਰਹੀ ਹੈ ਅਤੇ ਅਨਾਜ ਨੂੰ ਆਪਣੇ ਚਹੇਤਿਆਂ ਕੋਲ ਜਮਾਂ ਕੀਤਾ ਜਾ ਰਿਹਾ ਹੈ ਪਰ ਉਸ ਸਮੇ ਕਾਂਗਰਸੀ ਆਗੂ ਜੈਜੀਤ ਜੋਹਲ ਕਿਹਾ ਕਰਦੇ ਸਨ ਕਿ ਇਹ ਸਾਰਾ ਰਾਜਨੀਤੀ ਸਟੰਟ ਹੈ ਅਤੇ ਸਾਨੂੰ ਅਤੇ ਕਾਗਰਸੀ ਪਾਰਟੀ ਨੂੰ ਬੇਵਜ੍ਹਾ ਬਦਨਾਮ ਕੀਤਾ ਜਾ ਰਿਹਾ ਹੈ ਪਰੰਤੂ ਹੁਣ ਅਨਾਜ ਦੇ ਬਰਾਮਦ ਹੋਏ ਜਖੀਰੇ ਅਤੇ ਖਰਾਬ ਹੋਏ ਅਨਾਜ ਨੂੰ ਯੋਗਰ ਪਾਰਕ ਵਿੱਚ ਦੱਬਣ ਦੀ ਘਟਨਾਂ ਨੇ ਇਹ ਸਾਬਤ ਕਰ ਦਿੱਤਾ ਹੈ ਕਿ ਅਸੀਂ ਉਸ ਸਮੇ ਵੀ ਸੱਚ ਬੋਲਦੇ ਸੀ ਅਤੇ ਅੱਜ ਵੀ ਸੱਚ ਬੋਲ ਰਹੇ ਹਾਂ । ਉਹਨਾਂ ਕਮਿਸਨਰ ਨਗਰ ਨਿਗਮ ਬਠਿੰਡਾ ਵੱਲੋਂ ਰਾਤ ਨੂੰ ਹੀ ਰਾਂਸ਼ਨ ਨੂੰ ਚੁਕਵਾ ਕੇ ਹੋਰ ਜਗ੍ਹਾ ਭੇਜਣ ਦੇ ਦੋਸ ਲਾਉਦਿਆਂ ਕਿਹਾ ਕਿ ਅੱਜ ਸਵੇਰੇ ਕਮਿਸ਼ਨ ਨਗਰ ਨਿਗਮ ਨੇ ਮੇਅਰ ਦੀ ਸਰਕਾਰੀ ਕੋਠੀ ਵਿੱਚ ਪ੍ਰੈੱਸ ਕਾਂਨਫਰੰਸ ਕਰਕੇ ਜੋ ਆਪਣੇ ਗੁਨਾਹਾਂ ਤੇ ਪਰਦਾ ਪਾਉਣ ਦੀ ਕੋਸਿਸ਼ ਕੀਤੀ ਹੈ ਉਸਤੋ ਬਠਿੰਡਾ ਸ਼ਹਿਰ ਦਾ ਹਰ ਨਾਗਰਿਕ ਜਾਣੂ ਹੈ । ਉਹਨਾਂ ਕਿਹਾ ਕੱਲ ਜਦੋ ਸਮੁੱਚੇ ਪੱਤਰਕਾਰ ਭਾਈਚਾਰੇ ਦੇ ਸੱਜਣ ਉਥੇ ਹਾਜਰ ਸਨ ਤਾਂ ਉਹਨਾਂ ਡੀਸੀ ਬਠਿੰਡਾ ਅਤੇ ਕਮਿਸ਼ਨਰ ਨਗਰ ਨਿਗਮ ਬਠਿੰਡਾ ਨੂੰ ਵਾਰ ਵਾਰ ਫੋਨ ਕੀਤੇ ਗਏ ਕਿ ਅੰਦਰ ਕੋਠੀ ਵਿੱਚ ਅਨਾਜ ਸੜ ਰਿਹਾ ਹੈ ਤਾਂ ਕਿ ਅਫ਼ਸਰਾਂ ਦੀ ਹਾਜਰੀ ਵਿੱਚ ਕੋਠੀ ਨੂੰ ਖੁਲਵਾਇਆ ਜਾ ਸਕੇ ਪਰੰਤੂ ਦੋਵਾਂ ਅਫ਼ਸਰਾਂ ਨੇ ਮੀਡੀਆ ਕਰਮੀਆਂ ਦੇ ਵੀ ਫੋਨ ਨਹੀ ਚੁੱਕੇ ਹੁਣ ਰਾਤ ਨੂੰ ਰਾਸ਼ਨ ਚੁਕਵਾ ਕੇ ਸਵੇਰੇ ਸੱਚੇ ਹੋਣ ਦਾ ਡਰਾਮਾਂ ਕੀਤਾ ਜਾ ਰਿਹਾ ਹੈ । ਦੋਵਾਂ ਆਗੂਆਂ ਨੇ ਕਮਿਸ਼ਨਰ ਨਗਰ ਨਿਗਮ ਬਠਿੰਡਾ , ਡੀਸੀ ਬਠਿੰਡਾ ਅਤੇ ਵਿੱਤ ਮੰਤਰੀ ਸਾਹਿਬ ਨੂੰ ਸਵਾਲ ਕੀਤਾ ਕਿ ਉਹ ਇਸ ਗੱਲ ਦਾ ਜੁਵਾਬ ਦੇਣ ਕੇ ਜਿਹਨਾਂ ਅਧਿਕਾਰੀਆਂ ਦੀ ਵਜ੍ਹਾ ਕਾਰਨ ਰਾਂਸਨ ਖਰਾਬ ਹੋਇਆ ਹੈ ਅਤੇ ਯੋਗਰ ਪਾਰਕ ਵਿੱਚ ਟੋਆ ਪੁੱਟ ਕੇ ਨੱਪਿਆ ਗਿਆ ਹੈ ਜਿਸਦੀਆਂ ਤਸਵੀਰਾਂ ਪ੍ਰੈੱਸ ਅਤੇ ਸੋਸਲ ਮੀਡੀਆ ਤੇ ਆਮ ਦੇਖੀਆਂ ਜਾ ਸਕਦੀਆਂ ਹਨ ਉਹਨਾਂ ਅਧਿਕਾਰੀਆਂ ਦੇ ਖਿਲਾਫ ਤੁਸੀ ਕੀ ਕਾਰਵਾਈ ਕੀਤੀ ਜਾਂ ਕੀ ਐਕਸ਼ਨ ਲਿਆ ਇਹ ਬਠਿੰਡਾ ਦੀ ਜਨਤਾਂ ਜਾਨਣਾਂ ਚਾਹੁੰਦੀ ਹੈ । ਇਸ ਮੌਕੇ ਹੋਰਨਾਂ ਤੋ ਇਲਾਵਾ ਬਲਕਾਰ ਸਿੰਘ ਬਰਾੜ ਮੈਂਬਰ ਕੋਰ ਕਮੇਟੀ ਯੂਥ ਵਿੰਗ ਪੰਜਾਬ, ਡਾ. ਓਮ ਪ੍ਰਕਾਸ਼ ਸ਼ਰਮਾਂ ਜ਼ਿਲ੍ਹਾ ਪ੍ਰੈੱਸ ਸਕੱਤਰ ਸ਼੍ਰੋਮਣੀ ਅਕਾਲੀ ਦਲ, ਪਾਰਟੀ ਦੇ ਬੁਲਾਰੇ ਚਮਕੌਰ ਸਿੰਘ ਮਾਨ, ਯੂਥ ਆਗੂ ਰਾਜਦੀਪ ਢਿੱਲੋਂ,ਯੂਥ ਆਗੂ ਰਾਕੇਸ਼ ਸਿੰਗਲਾ, ਗੁਰਪ੍ਰੀਤ ਬੇਦੀ, ਗੋਰਵ ਸ਼ਰਮਾਂ, ਸੁਰਜੀਤ ਨਾਂਗੀ ਆਦਿ ਹਾਜਰ ਸਨ ।





MARVES HARDWOOD FLOORING
Services:
Fence - Hardwood Flooring
Stairs - Small Renovation
John
416-787-6551


## ਬੇਟੇ ਨਾਲ ਰੰਜਿਸ਼ ਵਿੱਚ ਇੱਟਾਂ ਮਾਰ ਕੇ ਮਾਂ ਦਾ ਕਤਲ

ਬਿਆਸ, 29 ਅਕਤੂਬਰ (ਪੋਸਟ ਬਿਊਰੋ)- ਥਾਣਾ ਬਿਆਸ ਦੇ ਕਸਬਾ ਰਈਆ ਦੀ ਲਵਲੀ ਸਵੀਟ ਵਾਲੀ ਗਲੀ ਵਿੱਚ ਮੰਗਲਵਾਰ ਸਵੇਰੇ ਇੱਕ ਲੜਕੇ ਨੇ ਘਰ ਵਿੱਚ ਵੜ ਕੇ ਇੱਕ ਔਰਤ ਦੀ ਇੱਟਾਂ ਨਾਲ ਲਗਾਤਾਰ ਵਾਰ ਕਰ ਕੇ ਹੱਤਿਆ ਕਰ ਦਿੱਤੀ, ਜਦ ਕਿ ਉਸ ਦੇ ਬੇਟੇ ਨੂੰ ਵੀ ਗੰਭੀਰ ਰੂਪ ਵਿੱਚ ਜ਼ਖਮੀ ਕਰ ਦਿੱਤਾ। ਉਸ ਨੂੰ ਇਲਾਜ ਦੇ ਲਈ ਹਸਪਤਾਲ ਦਾਖਲ ਕਰਾਇਆ ਗਿਆ ਹੈ। ਵਾਰਦਾਤ ਦੇ ਬਾਅਦ ਦੋਸ਼ੀ ਮੌਕੇ ਤੋਂ ਫਰਾਰ ਹੋ ਗਿਆ। ਮ੍ਰਿਤਕਾ ਦੀ ਪਛਾਣ ਰੇਖੀ ਰਾਣੀ (55) ਵਾਸੀ ਟੁਣਕੀ ਰਈਆ ਦੇ ਰੂਪ ਵਿੱਚ ਹੋਈ ਹੈ।


KARWACHAUTH SPECIAL
Get your hand filled with beautiful Henna design this Karwachauth.
Facial is also available on request !!
ਇਸ ਕਰਵਾਚੌਥ ਨੂੰ ਆਪਣੇ ਹੱਥਾਂ ਨੂੰ ਸੁੰਦਰ ਮਹਿੰਦੀ ਦੇ ਡਿਜਾਇਨ ਨਾਲ ਭਰੋ!!
Call for Booking:
416-628-6468



ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
CLASSIFIEDS
Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ ਕਾਲ ਕਰੋ: 905-793-2202

jobs! jobs! jobs! jobs! jobs!
DUNDAS·JAFINE
HELP WANTED
ਕਾਮਿਆਂ ਦੀ ਲੋੜ
ਜਨਰਲ ਲੇਬਰ ਦਾ ਕੰਮ ਉਪਲੱਬਧ ਹੈ
ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।
ਤਿੰਨੋਂ ਸ਼ਿਫਟਾਂ : Day ਅਤੇ Afternoon Available ਹਨ
ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ
ਅਪਲਾਈ ਕਰਨ ਲਈ ਆਪ ਪਹੁੰਚੋ:
110 Glidden Rd., Brampton
ਜਾਂ ਫੇਰ ਈ-ਮੇਲ ਕਰੋ:
jbrown@dundasjafine.com
kkaur@dundasjafine.com

CALL TODAY FOR ANY CLASSIFIED OR MATRIMONIAL AD !!!
905-793-2202

GREAT OPPOURTUNITY TO INVEST IN NIAGRA FALLS

- Freehold Traditional 2-Storey townhouse
- 3 Bedroom + 2 Bedroom finished basement
- Deposit less than 10% in 5 months
Starting from low 400,000
✓ Freehold ✓ 25x100ft lot
✓ Individual Yard & Driveway ✓ Finished Basement
40k Deposit Structure
$10,000 Submitted with offer
$10,000 Submitted 90 days after Offer Date
$20,000 Submitted 150 days after Offer Date
Jagdish Grewal
Sales Representative
Residential | Commercial | Investment
(416) 970-5005
Century 21 President Realty Inc Brokerage* Independently Owned and Operated.
www.vipcondonetwork.com
27 Armthorpe Rd Brampton #3,
ON L6T 5M4 | Fax : 905-488-2101
Office: 905-488-2100 Ext. 348

A/Z CITY DRIVER WANTED
INNOVATION Transportation
◦A/Z City Drivers Needed
◦Good Pay and good Mileage
◦Day, Afternoon & Weekend Shifts
◦Weekly Pay
$22 /Hour
◦7 Days Work ◦All Shifts Available
Toronto ਤੇ Montreal ਲਈ ਵੀ ਡਰਾਇਵਰਾਂ ਦੀ ਲੋੜ ਹੈ
Call : 416- 268-9952
70 Delta Park Blvd, Unit # 4, Brampton

Call for Free Estimates
A-1 RENOVATION GTA INC
416-456-1462
OVER 15 YEARS OF SERVICE
Professionals in Completing Basements within 3 Weeks
$1,000
Services:
- Complete Basement
- Tiles
- Bathrooms
- Plumbing
- Laminate
- Hardwood Floor
- Painting
info@a1renovationgta.com
www.a1renovationgta.com
A-1 RENOVATION GTA INC.
22 Listcreek Road, Brampton L6p 2n6

AL EMPLOYMENT SERVICES INC
ਕੀ ਤੁਸੀਂ ਕੰਮ ਲੱਭ ਰਹੇ ਹੋ?
ਤਾਂ ਅੱਜ ਹੀ ਕਾਲ ਕਰੋ!
Looking for Experienced:
◦ Machine Operators ◦ AZ-DZ Drivers
◦ Forklift Driver ◦ Machine Mechanic
◦ Millwright's
(905) 564-2322 | (416) 700 0011
Monday-Friday (10am to 5:30pm)
6630 Tomken Rd., Mississauga, L5T 1N1

HOMELIFE SILVERCITY Realty Inc. Brokerage
Kulwinder Chhina
SALES REPRESENTATIVE
647.293.2327
www.Kulwinderchhina.com

CELLNTELL DISTRIBUTION INC
1-401 Traders Blvd E, Mississauga. ON
Requires F/T Permanent Position. "General Manager Financial Communication and Services to do the following:
• Create and establish finance operational methods /policies or strategies by evaluating trends to increase the growth of business.
• Determine the company's mission and strategic direction as conveyed through policies and concrete objectives which are met through the effective management of human, financial and material resources
• Authorize and organize the establishment of major departments and associated senior staff positions
• Plan, Monitor and review job contributions and compensation strategies.
• Establish productivity, quality and customer service strategies.
• Conduct operation strategies to improve, reduce cost and system enhancement.
• Monitor and Manage support services for accounts and finance. Facilitate coordination and communication between support functions.
• Represent the organization, or delegate representatives to act in negotiations or other official functions.
Salary: $58 per hour with 35hrs week, Experience:5 yrs, Bachelor's Degree (Required) with English Proficiency.
Email Resume : umar.w@cellntell.com

PESTAGON Ltd
PEST CONTROL SERVICES
* RESIDENTIAL * COMMERCIAL
LICENCED BY GOVERNMENT
INSURED & BONDED
EVERY SERVICE
WITH WARRANTY
SERVING GTA
CALL: 905-463-2153
Ants, Wasp, Centepede, Fleas, Bed Bugs

You can Place Your Business Here
(905)793-2202
To Reach Wider Audience

# ਫੋਰਡ ਸਰਕਾਰ ਨੇ ਹਸਪਤਾਲਾਂ ਵਿੱਚ 760 ਬੈੱਡਜ਼ ਵਧਾਉਣ ਦਾ ਕੀਤਾ ਐਲਾਨ



ਓਨਟਾਰੀਓ, 29 ਅਕਤੂਬਰ (ਪੋਸਟ ਬਿਊਰੋ): ਇੱਕ ਪਾਸੇ ਪ੍ਰੋਵਿੰਸ ਨੂੰ ਹਸਪਤਾਲਾਂ ਵਿੱਚ ਜਮ੍ਹਾਂ ਭੀੜ ਨਾਲ ਸਿੱਝਣਾ ਪੈ ਰਿਹਾ ਹੈ ਉੱਥੇ ਹੀ ਦੂਜੇ ਪਾਸੇ ਹਸਪਤਾਲਾਂ ਵਿੱਚ ਬੈੱਡਾਂ ਦੀ ਗਿਣਤੀ ਵੀ ਸੀਮਤ ਹੀ ਹੈ, ਅਜਿਹੇ ਵਿੱਚ ਹਾਲਾਤ ਨੂੰ ਸਾਜ਼ਗਾਰ ਬਣਾਉਣ ਲਈ ਫੋਰਡ ਸਰਕਾਰ ਵੱਲੋਂ ਨਵੇਂ ਮਾਪਦੰਡਾਂ ਦਾ ਐਲਾਨ ਕੀਤਾ ਗਿਆ ਹੈ।
ਮੰਗਲਵਾਰ ਨੂੰ ਸਰਕਾਰ ਨੇ ਆਖਿਆ ਕਿ ਉਨ੍ਹਾਂ ਵੱਲੋਂ ਹਸਪਤਾਲ ਦੀ ਸਮਰੱਥਾ ਵਧਾਉਣ, ਉਡੀਕ ਸਮਾਂ ਘਟਾਉਣ ਤੇ ਪ੍ਰੋਵਿੰਸ ਦੇ 32 ਹਸਪਤਾਲਾਂ ਵਿੱਚ ਕੋਵਿਡ-19 ਦੇ ਮਰੀਜ਼ਾਂ ਦੀ ਸਾਂਭ ਸੰਭਾਲ ਲਈ 116.5 ਮਿਲੀਅਨ ਡਾਲਰ ਦਾ ਨਿਵੇਸ਼ ਕੀਤਾ ਜਾ ਰਿਹਾ ਹੈ ਤੇ ਇਸ ਦੇ ਨਾਲ ਹੀ 760 ਬੈੱਡਜ਼ ਵੀ ਵਧਾਏ ਜਾ ਰਹੇ ਹਨ।

ਮੰਗਲਵਾਰ ਨੂੰ ਪ੍ਰੀਮੀਅਰ ਡੱਗ ਫੋਰਡ ਨੇ ਆਖਿਆ ਕਿ ਸਾਡੀ ਸਰਕਾਰ ਨੇ ਹਾਲਵੇਅ ਹੈਲਥ ਕੇਅਰ ਨੂੰ ਖਤਮ ਕਰਨ, ਹਸਪਤਾਲਾਂ ਵਿੱਚ ਉਡੀਕ ਸਮੇਂ ਵਿੱਚ ਕਟੌਤੀ ਕਰਨ, ਬਿਹਤਰ ਤੇ ਇੱਕ ਦੂਜੇ ਨਾਲ ਜੁੜਿਆ ਹੋਇਆ ਹੈਲਥ ਕੇਅਰ ਸਿਸਟਮ, ਜਿਸ ਵਿੱਚ ਮਰੀਜ਼ਾਂ ਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਪਹਿਲ ਦਿੱਤੀ ਜਾਵੇ, ਕਾਇਮ ਕਰਨ ਦਾ ਤਹੱਈਆ ਕੀਤਾ ਹੋਇਆ ਹੈ।

ਅਸੀਂ ਪ੍ਰੋਵਿੰਸ ਭਰ ਦੇ ਹਸਪਤਾਲਾਂ ਵਿੱਚ ਸੈਂਕੜੇ ਬੈੱਡ ਜੋੜ ਕੇ ਇਸ ਵਾਅਦੇ ਨੂੰ ਪੂਰਾ ਕਰਨ ਦੀ ਕੋਸ਼ਿਸ਼ ਕਰ ਰਹੇ ਹਾਂ। ਇਸ ਨਾਲ ਨਾ ਸਿਰਫ ਇਹ ਯਕੀਨੀ ਬਣਾਇਆ ਜਾਵੇਗਾ ਕਿ ਅਸੀਂ ਕੋਵਿਡ-19 ਦੇ ਮਾਮਲਿਆਂ ਵਿੱਚ ਹੋਣ ਵਾਲੇ ਵਾਧੇ ਨਾਲ ਸਿੱਝਣ ਲਈ ਤਿਆਰ ਹਾਂ ਸਗੋਂ ਮਰੀਜ਼ਾਂ ਨੂੰ ਉਨ੍ਹਾਂ ਦੇ ਘਰਾਂ ਦੇ ਲਾਗੇ ਬਿਹਤਰੀਨ ਸਿਹਤ ਸਹੂਲਤਾਂ ਵੀ ਮੁਹੱਈਆ ਕਰਵਾਈਆਂ ਜਾਣਗੀਆਂ।

ਇਹ ਐਲਾਨ ਉਸ ਸਮੇਂ ਆਇਆ ਜਦੋਂ ਓਨਟਾਰੀਓ ਦੇ ਹਸਪਤਾਲਾਂ, ਖਾਸਤੌਰ ਉੱਤੇ ਜਿਹੜੇ ਕੋਵਿਡ-19 ਹੌਟਸਪੌਟਸ ਵਿੱਚ ਸਥਿਤ ਹਨ, ਦੀ ਸਮਰੱਥਾ 100 ਫੀ ਸਦੀ ਭਰ ਜਾਣ ਤੋਂ ਬਾਅਦ ਟੋਰਾਂਟੋ ਤੇ ਪੀਲ ਹੈਲਥ ਅਧਿਕਾਰੀਆਂ ਵੱਲੋਂ ਆਉਣ ਵਾਲੇ ਹਫਤਿਆਂ ਵਿੱਚ ਇਨ੍ਹਾਂ ਹਾਲਾਤ ਦੇ ਹੋਰ ਬਦਤਰ ਹੋਣ ਦੀ ਪੇਸ਼ੀਨਿਗੋਈ ਕੀਤੀ ਜਾ ਰਹੀ ਹੈ। ਸਿਹਤ ਮੰਤਰੀ ਕ੍ਰਿਸਟੀਨ ਐਲੀਅਟ ਨੇ ਆਖਿਆ ਕਿ ਉਹ ਆਪ ਤੇ ਫੋਰਡ ਸਰਕਾਰ ਇਸ ਸਬੰਧ ਵਿੱਚ ਪੂਰੀ ਤਰ੍ਹਾਂ ਜਾਣੂ ਹਨ।

ਇਸ ਸਮੇਂ ਜਿਨ੍ਹਾਂ ਹਸਪਤਾਲਾਂ ਨੂੰ ਲੋੜ ਹੈ ਉਨ੍ਹਾਂ ਵਿੱਚ ਵਿਲੀਅਮ ਓਸਲਰ ਹੈਲਥ ਸਿਸਟਮ ਇੱਕ ਹੈ, ਜਿਸ ਨੂੰ ਕੁੱਲ ਮਿਲਾ ਕੇ 87 ਬੈੱਡ ਹਾਸਲ ਹੋਣਗੇ, ਓਸਲਰਜ਼ ਬਰੈਂਪਟਨ ਸਿਵਿਕ ਹਸਪਤਾਲ ਨੂੰ 41 ਬੈੱਡਜ਼ ਤੇ ਓਸਲਰਜ਼ ਇਟੋਬੀਕੋ ਜਨਰਲ ਹਸਪਤਾਲ ਨੂੰ 46 ਬੈੱਡ ਦਿੱਤੇ ਜਾ ਰਹੇ ਹਨ। ਮੇਅਰ ਪੈਟ੍ਰਿਕ ਬ੍ਰਾਊਨ ਨੇ ਆਖਿਆ ਕਿ ਇਹ ਐਲਾਨ ਬਰੈਂਪਟਨ ਵਾਸੀਆਂ ਲਈ ਚੰਗੀ ਖਬਰ ਹੈ।

# ਹੈਲਥ ਕੇਅਰ ਲੋੜਾਂ ਦੇ ਸਮਰਥਨ ਵਿੱਚ ਫੋਰਡ ਸਰਕਾਰ ਵੱਲੋਂ ਕੀਤੇ ਐਲਾਨ ਦਾ ਬਰੈਂਪਟਨ ਵੱਲੋਂ ਸਵਾਗਤ

ਬਰੈਂਪਟਨ, 29 ਅਕਤੂਬਰ (ਪੋਸਟ ਬਿਊਰੋ) : ਬਰੈਂਪਟਨ ਦੀਆਂ ਹੈਲਥ ਕੇਅਰ ਲੋੜਾਂ ਦੇ ਸਮਰਥਨ ਵਿੱਚ ਓਨਟਾਰੀਓ ਦੇ ਪ੍ਰੀਮੀਅਰ ਵੱਲੋਂ ਕੀਤੇ ਐਲਾਨ ਦਾ ਸਿਟੀ ਆਫ ਬਰੈਂਪਟਨ ਵੱਲੋਂ ਸਵਾਗਤ ਕੀਤਾ ਗਿਆ ਹੈ।
ਬਰੈਂਪਟਨ ਦੇ ਹੈਲਥਕੇਅਰ ਸਿਸਟਮ ਵਿੱਚ ਅਹਿਮ ਨਿਵੇਸ਼ ਲਈ ਕੀਤੇ ਗਏ ਐਲਾਨ ਸਮੇਂ ਪ੍ਰੀਮੀਅਰ ਡੱਗ ਫੋਰਡ, ਸਿਹਤ ਮੰਤਰੀ ਕ੍ਰਿਸਟੀਨ ਐਲੀਅਟ, ਐਸੋਸਿਏਟ ਮੰਤਰੀ ਤੇ ਬਰੈਂਪਟਨ ਸਾਊਥ ਤੋਂ ਐਮਪੀਪੀ ਪ੍ਰਭਮੀਤ ਸਰਕਾਰੀਆ, ਵਿਲੀਅਮ ਓਸਲਰ ਹੈਲਥ ਸਿਸਟਮ ਦੇ ਪ੍ਰੈਜ਼ੀਡੈਂਟ ਤੇ ਸੀਈਓ ਡਾ. ਨਵੀਦ ਮੁਹੰਮਦ ਨਾਲ ਮੇਅਰ ਪੈਟ੍ਰਿਕ ਬ੍ਰਾਊਨ ਵੀ ਸ਼ਾਮਲ ਹੋਏ। ਇਸ ਦੌਰਾਨ ਵਿਲੀਅਮ ਓਸਲਰ ਹੈਲਥ ਸਿਸਟਮ ਨੂੰ 87 ਨਵੇਂ ਬੈੱਡ ਮਿਲਣਗੇ, ਜਿਸ ਨਾਲ ਹਸਪਤਾਲ ਦੀ ਸਮਰੱਥਾ ਵਧੇਗੀ ਤੇ ਉਡੀਕ ਸਮੇਂ ਵਿੱਚ ਕਮੀ ਆਵੇਗੀ ਅਤੇ ਬਰੈਂਪਟਨ ਸਿਵਿਕ ਹਸਪਤਾਲ ਨੂੰ ਵੀ 41 ਬੈੱਡ ਦਿੱਤੇ ਜਾਣਗੇ।
ਓਨਟਾਰੀਓ ਸਰਕਾਰ ਪ੍ਰੋਵਿੰਸ ਭਰ ਦੇ ਹਸਪਤਾਲਾਂ ਤੇ ਬਦਲਵੀਆਂ ਹੈਲਥ ਫੈਸਿਲਿਟੀਜ਼ ਵਿੱਚ ਵਾਧੂ ਬੈੱਡ ਜੋੜਨ ਲਈ ਆਪਣੇ 2.8 ਬਿਲੀਅਨ ਡਾਲਰ ਦੇ ਕੋਵਿਡ-19 ਸਬੰਧੀ ਪਲੈਨ ਨੂੰ ਅਮਲੀ ਜਾਮਾ ਪਹਿਨਾਉਣ ਦੀ ਕੋਸ਼ਿਸ਼ ਕਰ ਰਹੀ ਹੈ। ਪ੍ਰੋਵਿੰਸ ਅਨੁਸਾਰ ਜੇ ਵਧੇਰੇ ਬੈੱਡਜ਼ ਉਪਲਬਧ ਹੋਣਗੇ ਤਾਂ ਉਸ ਨਾਲ ਸਰਜੀਕਲ ਬੈਕਲਾਗ ਖਤਮ ਹੋਵੇਗਾ ਤੇ ਕੋਵਿਡ-19 ਦੌਰਾਨ ਹੈਲਥ ਕੇਅਰ ਵਿੱਚ ਸੁਧਾਰ ਹੋਵੇਗਾ।



ਇੱਥੇ ਦੱਸਣਾ ਬਣਦਾ ਹੈ ਕਿ ਦਸੰਬਰ 2019 ਵਿੱਚ ਕਾਊਂਸਲ ਨੇ ਇੱਕ ਮਤਾ ਪਾਸ ਕੀਤਾ ਸੀ, ਜਿਸ ਵਿੱਚ ਬਰੈਂਪਟਨ ਦੇ ਹੈਲਥ ਕੇਅਰ ਸਿਸਟ ਦੀਆਂ ਵਿਲੱਖਣ ਤੇ ਜ਼ਰੂਰੀ ਲੋੜਾਂ ਦੀ ਪਛਾਣ ਕੀਤੀ ਗਈ। ਇਨ੍ਹਾਂ ਵਿੱਚ ਫੰਡਿੰਗ ਵਿੱਚ ਘਾਟ, ਲੰਮੇਂ ਉਡੀਕ ਸਮੇਂ ਤੇ ਹਾਲਵੇਅ ਮੈਡੀਸਿਨ ਆਦਿ ਵਰਗੀਆਂ ਲੋੜਾਂ ਵੀ ਸ਼ਾਮਲ ਸਨ। ਇਸ ਮਤੇ ਵਿੱਚ ਹੈਲਥ ਕੇਅਰ ਸਿਸਟਮ ਮੁਹੱਈਆ ਕਰਵਾਉਣ ਵਾਲਿਆਂ ਤੋਂ ਫੌਰੀ ਤੌਰ ਉੱਤੇ ਇਸ ਪਾਸੇ ਕੁੱਝ ਕਰਲ ਦੀ ਬੇਨਤੀ ਵੀ ਕੀਤੀ ਗਈ ਸੀ।
ਜਨਵਰੀ 2020 ਵਿੱਚ ਬਰੈਂਪਟਨ ਸਿਟੀ ਕਾਊਂਸਲ ਨੇ ਸਰਬਸੰਮਤੀ ਨਾਲ ਬਰੈਂਪਟਨ ਵਿੱਚ ਹੈਲਥ ਕੇਅਰ ਐਮਰਜੰਸੀ ਐਲਾਨ ਦਿੱਤੀ ਗਈ। ਸਿਟੀ ਵੱਲੋਂ ਬਰੈਂਪਟਨ ਹੈਲਥ ਕੇਅਰ ਸਿਸਟਮ ਦੇ ਸਹਿਯੋਗ ਲਈ ਤੇ ਹੋਰ ਫੰਡਿੰਗ ਲਈ ਕਈ ਪਹਿਲਕਦਮੀਆਂ ਕੀਤੀਆਂ। ਇਸ ਤੋਂ ਇਲਾਵਾ ਸਿਟੀ ਵੱਲੋਂ ਇਸ ਸਬੰਧ ਵਿੱਚ ਲੋਕਾਂ ਵਿੱਚ ਜਾਗਰੂਕਤਾ ਫੈਲਾਉਣ ਅਤੇ ਸਮਰਥਨ ਹਾਸਲ ਕਰਨ ਲਈ ਬਰੈਂਪਟਨ ਹੈਲਥ ਕੇਅਰ ਲਈ ਐਡਵੋਕੇਸੀ ਕੈਂਪੇਨ ਵੀ ਚਲਾਈ ਜਾ ਰਹੀ ਹੈ।

# ਆਪਣੇ 4 ਪਰਿਵਾਰਕ ਮੈਂਬਰਾਂ ਦਾ ਕਤਲ ਕਰਨ ਵਾਲੇ ਵਿਅਕਤੀ ਨੇ ਅਦਾਲਤ ਵਿੱਚ ਮੰਗੀ ਮੁਆਫੀ



ਮਾਰਖਮ, 29 ਅਕਤੂਬਰ (ਪੋਸਟ ਬਿਊਰੋ) : ਆਪਣੇ ਸਮੁੱਚੇ ਪਰਿਵਾਰ ਨੂੰ ਮਾਰਨ ਵਾਲੇ ਓਨਟਾਰੀਓ ਦੇ 24 ਸਾਲਾ ਵਿਅਕਤੀ ਨੇ ਸੋਮਵਾਰ ਨੂੰ ਅਦਾਲਤ ਵਿੱਚ ਮੁਆਫੀ ਮੰਗੀ। ਵਕੀਲਾਂ ਵੱਲੋਂ ਉਸ ਨੂੰ ਉਮਰ ਕੈਦ ਦੀ ਸਜ਼ਾ ਸੁਣਾਏ ਜਾਣ ਤੇ 40 ਸਾਲਾ ਤੱਕ ਪੈਰੋਲ ਨਾ ਦਿੱਤੇ ਜਾਣ ਦੀ ਅਪੀਲ ਕੀਤੀ ਗਈ।
ਜ਼ਿਕਰਯੋਗ ਹੈ ਕਿ ਮਹਿਨਾਜ਼ ਜ਼ਾਮਨ ਨੂੰ ਮਾਰਖਮ, ਓਨਟਾਰੀਓ ਸਥਿਤ ਆਪਣੇ ਘਰ ਵਿੱਚ 27 ਜੁਲਾਈ, 2019 ਵਿੱਚ ਆਪਣੇ ਮਾਪਿਆਂ, ਭੈਣ ਤੇ ਦਾਦੀ ਦਾ ਕਤਲ ਕਰਨ ਦੇ ਸਬੰਧ ਵਿੱਚ ਫਰਸਟ ਡਿਗਰੀ ਮਰਡਰ ਦੇ ਤਿੰਨ ਮਾਮਲਿਆਂ ਤੇ ਸੈਕਿੰਡ ਡਿਗਰੀ ਮਰਡਰ ਦੇ ਇੱਕ ਮਾਮਲੇ ਵਿੱਚ ਦੋਸ਼ੀ ਠਹਿਰਾਇਆ ਗਿਆ ਸੀ।
ਵੀਡੀਓ ਕਾਨਫਰੰਸ ਰਾਹੀਂ ਸਜ਼ਾ ਲਈ ਸੁਣਵਾਈ ਵਿੱਚ ਸ਼ਾਮਲ ਹੋਏ ਜ਼ਾਮਨ ਨੇ ਬੜੀ ਹੀ ਫਲੈਟ ਟੋਨ ਵਿੱਚ ਅਦਾਲਤ ਸਾਹਮਣੇ ਮੁਆਫੀ ਮੰਗੀ। ਕ੍ਰਾਊਨ ਤੇ ਬਚਾਅ ਪੱਖ ਦੇ ਵਕੀਲਾਂ ਨੇ ਆਖਿਆ ਕਿ ਉਹ ਚਾਹੁੰਦੇ ਹਨ ਕਿ ਫਰਸਟ ਡਿਗਰੀ ਮਾਮਲਿਆਂ ਵਿੱਚ ਮਹਿਨਾਜ਼ ਨੂੰ 25 ਸਾਲ ਤੇ ਸੈਕਿੰਡ ਡਿਗਰੀ ਮਾਮਲੇ ਵਿੱਚ 15 ਸਾਲ ਲਈ ਪੈਰੋਲ ਨਾ ਦਿੱਤੀ ਜਾਵੇ ਤੇ ਇਹ ਸੱਭ ਨਾਲੋ ਨਾਲ ਚੱਲੇ।
ਪੁਲਿਸ ਨੂੰ 70 ਸਾਲਾ ਫਿਰੋਜ਼ਾ ਬੇਗਮ, 59 ਸਾਲਾ ਮੋਨੀਰੂਜ਼ ਜ਼ਾਮਨ, 50 ਸਾਲਾ ਮੁਮਤਾਜ਼ ਬੇਗਮ ਤੇ 21 ਸਾਲਾ ਮਲੇਸਾ ਜ਼ਾਮਨ ਦੀਆਂ ਲਾਸ਼ਾਂ ਉਨ੍ਹਾਂ ਦੇ ਘਰ ਵਿੱਚੋਂ ਮਿਲੀਆਂ ਸਨ ਤੇ ਇਨ੍ਹਾਂ ਸੱਭਨਾਂ ਦੇ ਕਤਲ ਦੇ ਸਬੰਧ ਵਿੱਚ ਹੁਣ 24 ਸਾਲਾਂ ਨੂੰ ਢੁੱਕੇ ਮਹਿਨਾਜ਼ ਜ਼ਾਮਨ ਨੂੰ ਗ੍ਰਿਫਤਾਰ ਕੀਤਾ ਗਿਆ ਸੀ।

# ਸੈਨੋਵਸ ਵੱਲੋਂ 23.6 ਬਿਲੀਅਨ ਡਾਲਰ ਵਿੱਚ ਹਸਕੀ ਐਨਰਜੀ ਨੂੰ ਖਰੀਦਣ ਦੀ ਕੀਤੀ ਜਾ ਰਹੀ ਹੈ ਤਿਆਰੀ




ਕੈਲਗਰੀ, 29 ਅਕਤੂਬਰ (ਪੋਸਟ ਬਿਊਰੋ) : ਕੈਲਗਰੀ ਸਥਿਤ ਕੰਪਨੀ ਸੈਨੋਵਸ ਐਨਰਜੀ ਇਨਕਾਰਪੋਰੇਸ਼ਨ ਵੱਲੋਂ 23.6 ਬਿਲੀਅਨ ਡਾਲਰ ਵਿੱਚ ਹਸਕੀ ਐਨਰਜੀ ਇਨਕਾਰਪੋਰੇਸ਼ਨ ਨੂੰ ਖਰੀਦਣ ਦੀ ਤਿਆਰੀ ਕੀਤੀ ਜਾ ਰਹੀ ਹੈ। ਇਹ ਜਾਣਕਾਰੀ ਇੱਕ ਸਾਂਝੇ ਬਿਆਨ ਵਿੱਚ ਦੋਵਾਂ ਕੰਪਨੀਆਂ ਨੇ ਦਿੱਤੀ।

ਰਲੇਵੇਂ ਤੋਂ ਬਾਅਦ ਸੈਨੋਵਸ ਐਨਰਜੀ ਇਨਕਾਰਪੋਰੇਸ਼ਨ ਦਾ ਹੈੱਡਕੁਆਰਟਰ ਅਲਬਰਟਾ ਵਿੱਚ ਹੀ ਰਹੇਗਾ। ਬਿਆਨ ਵਿੱਚ ਆਖਿਆ ਗਿਆ ਕਿ ਇਸ ਡੀਲ ਤੋਂ ਬਾਅਦ ਇਹ ਦੋਵੇਂ ਕੰਪਨੀਆਂ ਨਵੇਂ ਤੇਲ ਤੇ ਗੈਸ ਬਿਜ਼ਨਸ ਵਿੱਚ ਹੋਰ ਵੱਡੇ ਨਾਂ ਵਜੋਂ ਉਭਰਨਗੀਆਂ। ਜਿਸ ਕੋਲ ਵਧੇਰੇ ਸਥਾਈ ਕੈਸ਼ ਹੋਵੇਗਾ। ਸੈਨੋਵਸ ਦੇ ਸੀਈਓ ਐਲੈਕਸ ਪੂਰਬਾਇਕਸ ਇਸ ਸਾਂਝੀ ਕੰਪਨੀ ਦੇ ਮੁਖੀ ਹੋਣਗੇ ਜਦਕਿ ਹਸਕੀ ਦੇ ਚੀਫ ਫਾਇਨਾਂਸ਼ੀਅਲ ਆਫੀਸਰ ਜੈੱਫ ਹਾਰਟ ਨਵੀਂ ਥਾਂ ਉੱਤੇ ਇਹੋ ਭੂਮਿਕਾ ਨਿਭਾਉਣਗੇ।
ਪੂਰਬਾਇਕਸ ਨੇ ਆਖਿਆ ਕਿ ਸਾਡੀ ਕੰਪਨੀ ਵਧੇਰੇ ਮਜ਼ਬੂਤ, ਇੱਕਜੁੱਟ ਕੰਪਨੀ ਵਜੋਂ ਉਭਰੇਗੀ ਤੇ ਐਨਰਜੀ ਦੇ ਖੇਤਰ ਵਿੱਚ ਅਹਿਮ ਭੂਮਿਕਾ ਨਿਭਾਵੇਗੀ। ਇੱਥੇ ਦੱਸਣਾ ਬਣਦਾ ਹੈ ਕਿ ਹਸਕੀ ਨੂੰ ਹਾਂਗਕਾਂਗ ਸਥਿਤ ਬਿਲੀਅਨੇਅਰ ਲੀ ਕਾ-ਸਿੰਗ ਵੱਲੋਂ ਹਚਿਸਨ ਵ੍ਹਾਮਪੋਆ ਯੂਰਪ ਇਨਵੈਸਟਮੈਂਟ ਐਸ ਏ ਆਰ ਐਲ (SARL) ਵੱਲੋਂ ਨਿਯੰਤਰਿਤ ਕੀਤਾ ਜਾਂਦਾ ਹੈ, ਜਿਸ ਕੋਲ ਕੰਪਨੀ ਦੇ 29.32 ਫੀ ਸਦੀ ਸ਼ੇਅਰ ਹਨ।

# ਇਸ ਸਮੇਂ 70 ਫੀ ਸਦੀ ਕੈਨੇਡੀਅਨ ਗੁਜ਼ਰ ਰਹੇ ਹਨ ਵਿੱਤੀ ਤਣਾਅ 'ਚੋਂ : ਰਿਪੋਰਟ




ਓਟਵਾ, 29 ਅਕਤੂਬਰ (ਪੋਸਟ ਬਿਊਰੋ) : ਇਸ ਸਮੇਂ ਸਾਰਿਆਂ ਨੂੰ ਹੀ ਕੋਵਿਡ-19 ਕਾਰਨ ਵਿੱਤੀ ਤਣਾਅ ਵਿੱਚੋਂ ਲੰਘਣਾ ਪੈ ਰਿਹਾ ਹੈ।
ਜੇ ਤੁਹਾਨੂੰ ਵੀ ਵਿੱਤੀ ਤਣਾਅ ਤੇ ਆਰਥਿਕ ਅਸਥਿਰਤਾ ਮਹਿਸੂਸ ਹੋ ਰਹੀ ਹੈ ਤਾਂ ਤੁਸੀਂ ਇੱਕਲੇ ਨਹੀਂ ਹੋ। ਮਨੂਲਾਈਫ ਫਾਇਨਾਂਸ਼ੀਅਲ ਵੱਲੋਂ ਕਰਵਾਏ ਗਏ ਸਰਵੇਖਣ ਅਨੁਸਾਰ ਕੋਵਿਡ-19 ਦਾ ਪਰਿਵਾਰਾਂ ਦੀ ਵਿੱਤੀ ਸਥਿਤੀ, ਇੰਪਲੌਇਰਜ਼ ਤੋਂ ਲੈ ਕੇ ਵਰਕਰਜ਼ ਤੱਕ ਸਾਰਿਆਂ ਦੀ ਆਰਥਿਕ ਸਥਿਤੀ ਉੱਤੇ ਨਕਾਰਾਤਮਕ ਅਸਰ ਪਿਆ ਹੈ।

ਸਰਵੇਖਣ ਵਿੱਚ ਹਿੱਸਾ ਲੈਣ ਵਾਲਿਆਂ ਅਨੁਸਾਰ ਵਿੱਤੀ ਤਣਾਅ ਇਸ ਸਮੇਂ 11 ਫੀ ਸਦੀ ਤੋਂ ਵੱਧ ਕੇ 27 ਫੀ ਸਦੀ ਤੱਕ ਪਹੁੰਚ ਗਿਆ ਹੈ। ਹਾਲਾਂਕਿ 44 ਫੀ ਸਦੀ ਕੈਨੇਡੀਅਨ ਮਹਾਂਮਾਰੀ ਤੋਂ ਪਹਿਲਾਂ ਵੀ ਵਿੱਤੀ ਦਿੱਕਤਾਂ ਹੰਢਾਅ ਰਹੇ ਸਨ ਪਰ ਆਊਟਬ੍ਰੇਕ ਤੋਂ ਬਾਅਦ ਇਹ ਅੰਕੜਾ 67 ਫੀ ਸਦੀ ਤੋਂ ਵੀ ਟੱਪ ਗਿਆ ਹੈ।

ਅੱਧੇ ਤੋਂ ਵੱਧ ਕੈਨੇਡੀਅਨਾਂ ਨੂੰ ਆਪਣੀ ਐਮਰਜੰਸੀ ਲਈ ਕੀਤੀ ਬਚਤ ਤੋਂ ਹੱਥ ਧੁਆਉਣੇ ਪਏ ਹਨ ਤੇ ਜਾਂ ਫਿਰ ਕਈ ਕੈਨੇਡੀਅਨਾਂ ਸਿਰ ਕਰਜ਼ਾ ਚੜ੍ਹ ਗਿਆ ਹੈ। ਇੱਥੇ ਹੀ ਬੱਸ ਨਹੀਂ ਹੁਣ ਕੈਨੇਡੀਅਨਾਂ ਵੱਲੋਂ ਫਾਇਨਾਂਸ਼ੀਅਲ ਪਲੈਨਰ ਦੀ ਵਰਤੋਂ ਕਰਨ ਬਾਰੇ ਸੋਚਿਆ ਜਾ ਰਿਹਾ ਹੈ ਤੇ ਕਈ ਕੈਨੇਡੀਅਨ ਆਪਣੇ ਇੰਪਲੌਇਰਜ਼ ਤੋਂ ਵੀ ਮਦਦ ਦੀ ਝਾਕ ਰੱਖ ਰਹੇ ਹਨ।
ਸਰਵੇ ਵਿੱਚ ਹਿੱਸਾ ਲੈਣ ਵਾਲਿਆਂ ਵਿੱਚੋਂ ਲੱਗਭਗ ਸਾਰਿਆਂ ਨੇ ਹੀ ਇਹ ਆਖਿਆ ਕਿ ਬਿਹਤਰ ਹੋਵੇਗਾ ਕਿ ਕੰਪਨੀਆਂ ਨੂੰ ਫਾਇਨਾਂਸ਼ੀਅਲ ਵੈੱਲਨੈਸ ਪ੍ਰੋਗਰਾਮ ਸ਼ੁਰੂ ਕਰਨੇ ਚਾਹੀਦੇ ਹਨ।

# ਟੀ ਡੀ ਐਸ ਬੀ ਨੂੰ ਪੈ ਸਕਦਾ ਹੈ 42 ਮਿਲੀਅਨ ਡਾਲਰ ਦਾ ਘਾਟਾ



ਟੋਰਾਂਟੋ, 29 ਅਕਤੂਬਰ (ਪੋਸਟ ਬਿਊਰੋ) : ਟੋਰਾਂਟੋ ਡਿਸਟ੍ਰਿਕਟ ਸਕੂਲ ਬੋਰਡ ਦੇ ਵਿਦਿਆਰਥੀਆਂ ਦੀ ਫੀਸ ਦਾ ਕੋਈ ਹਿਸਾਬ ਨਹੀਂ ਰਹਿ ਗਿਆ ਹੈ ਤੇ ਇਸ ਕਾਰਨ ਬੋਰਡ ਦੇ ਬਜਟ ਨੂੰ ਕਾਫੀ ਨੁਕਸਾਨ ਦਾ ਸਾਹਮਣਾ ਕਰਨਾ ਪੈ ਰਿਹਾ ਹੈ।
ਇੱਥੇ ਦੱਸਣਾ ਬਣਦਾ ਹੈ ਕਿ ਬੋਰਡਜ਼ ਨੂੰ ਪ੍ਰਤੀ ਵਿਦਿਆਰਥੀ ਫੰਡ ਹਾਸਲ ਹੁੰਦੇ ਹਨ ਤੇ ਟੀ ਡੀ ਐਸ ਬੀ ਦੀ ਫਾਇਨਾਂਸ ਕਮੇਟੀ ਵੱਲੋਂ ਪਿਛਲੇ ਹਫਤੇ ਦਿੱਤੀ ਗਈ ਜਾਣਕਾਰੀ ਅਨੁਸਾਰ ਇਸ ਸਕੂਲ ਵਰ੍ਹੇ ਉਨ੍ਹਾਂ ਨੂੰ ਪ੍ਰੋਵਿੰਸ਼ੀਅਲ ਫੰਡਿੰਗ ਦੇ ਰੂਪ ਵਿੱਚ 42 ਮਿਲੀਅਨ ਡਾਲਰ ਦਾ ਘਾਟਾ ਪੈ ਸਕਦਾ ਹੈ।
ਟੀ ਡੀ ਐਸ ਬੀ ਦੇ ਚੇਅਰ ਅਲੈਗਜ਼ੈਂਡਰ ਬ੍ਰਾਊਨ ਨੇ ਦੱਸਿਆ ਕਿ 5,500 ਵਿਦਿਆਰਥੀ, ਜਿਨ੍ਹਾਂ ਦੇ ਇਸ ਸਾਲ ਦੇ ਅੰਤ ਵਿੱਚ ਵਾਪਿਸ ਆਉਣ ਦੀ ਸੰਭਾਵਨਾ ਸੀ, ਉਨ੍ਹਾਂ ਦਾ ਕੋਈ ਹਿਸਾਬ ਨਹੀਂ ਲੱਗ ਰਿਹਾ। ਇਨ੍ਹਾਂ ਵਿੱਚ 800 ਹਾਈ ਸਕੂਲ ਵਿਦਿਆਰਥੀ ਤੇ 4700 ਐਲੀਮੈਂਟਰੀ ਵਿਦਿਆਰਥੀ ਸ਼ਾਮਲ ਹਨ।
ਬੋਰਡ ਵੱਲੋਂ ਪ੍ਰੋਵਿੰਸ ਨੂੰ ਅਪੀਲ ਕੀਤੀ ਗਈ ਹੈ ਕਿ ਉਨ੍ਹਾਂ ਨੂੰ 42 ਮਿਲੀਅਨ ਡਾਲਰ ਰੱਖਣ ਦੀ ਇਜਾਜ਼ਤ ਦਿੱਤੀ ਜਾਵੇ ਕਿਉਂਕਿ ਉਹ ਉਨ੍ਹਾਂ ਵਿਦਿਆਰਥੀਆਂ ਦੇ ਮਾਪਿਆਂ ਨੂੰ ਟਰੈਕ ਕਰਨ ਦੀ ਕੋਸ਼ਿਸ਼ ਕਰ ਰਹੇ ਹਨ ਜਿਹੜੇ ਲੱਭ ਨਹੀਂ ਰਹੇ।

# ਕੋਵਿਡ-19 ਪ੍ਰਤੀ ਫੈਡਰਲ ਸਰਕਾਰ ਦੀ ਪ੍ਰਤੀਕਿਰਿਆ ਦੇ ਅਧਿਐਨ ਸਬੰਧੀ ਮਤਾ ਪਾਸ




ਓਟਵਾ, 29 ਅਕਤੂਬਰ (ਪੋਸਟ ਬਿਊਰੋ) : ਲਿਬਰਲਾਂ ਦੇ ਵਿਰੋਧ ਦੇ ਬਾਵਜੂਦ ਵਿਰੋਧੀ ਧਿਰ ਦੀ ਇੱਕਜੁਟਤਾ ਦਾ ਮੁਜ਼ਾਹਰਾ ਉਸ ਸਮੇਂ ਹੋਇਆ ਜਦੋਂ ਕੰਜ਼ਰਵੇਟਿਵਾਂ ਵੱਲੋਂ ਫੈਡਰਲ ਸਰਕਾਰ ਦੀ ਕੋਵਿਡ-19 ਪ੍ਰਤੀ ਪ੍ਰਤੀਕਿਰਿਆ ਦੇ ਹੈਲਥ ਕਮੇਟੀ ਵੱਲੋਂ ਅਧਿਐਨ ਸਬੰਧੀ ਮਤਾ ਪਾਸ ਹੋ ਗਿਆ।
ਬਲਾਕ ਕਿਊਬਿਕੁਆ, ਐਨਡੀਪੀ ਤੇ ਗ੍ਰੀਨਜ਼ ਵੱਲੋਂ ਇਸ ਪ੍ਰਸਤਾਵ ਦੇ ਹੱਕ ਵਿੱਚ ਵੋਟ ਕੀਤਾ ਗਿਆ ਹੈ ਤੇ ਇਸ ਦੇ ਮੱਦੇਨਜ਼ਰ ਕੁੱਝ ਦਿਨਾਂ ਵਿੱਚ ਹੀ ਕਮੇਟੀ ਕਾਇਮ ਹੋਣ ਦੀ ਸੰਭਾਵਨਾ ਹੈ। ਇਸ ਤੋਂ ਬਾਅਦ ਅੱਜ ਤੱਕ ਲਿਬਰਲਾਂ ਵੱਲੋਂ ਮਹਾਂਮਾਰੀ ਦੇ ਸਬੰਧ ਵਿੱਚ ਜੋ ਵੀ ਪ੍ਰਤੀਕਿਰਿਆ ਦਿੱਤੀ ਗਈ ਹੈ ਉਸ ਸਬੰਧੀ ਜਾਣਕਾਰੀ ਵੱਖ ਵੱਖ ਵਿਭਾਗਾਂ ਤੇ ਏਜੰਸੀਆਂ ਤੋਂ ਮੰਗੀ ਜਾਵੇਗੀ।
ਫੈਡਰਲ ਸਰਕਾਰ ਵੱਲੋਂ ਮੌਜੂਦਾ ਹੈਲਥ ਸੰਕਟ ਨੂੰ ਜਿਸ ਤਰ੍ਹਾਂ ਹੈਂਡਲ ਕੀਤਾ ਗਿਆ ਹੈ ਉਸ ਬਾਰੇ ਹੋਰ ਡੂੰਘਾਈ ਨਾਲ ਜਾਣਕਾਰੀ ਹਾਸਲ ਕਰਨ ਦੇ ਫੈਸਲੇ ਬਾਰੇ ਪੈਣ ਵਾਲੇ ਪ੍ਰਭਾਵ ਦੇ ਸਬੰਧ ਵਿੱਚ ਪਬਲਿਕ ਸਰਵਿਸਿਜ਼ ਐਂਡ ਪ੍ਰੋਕਿਓਰਮੈਂਟ ਮੰਤਰੀ ਅਨੀਤਾ ਆਨੰਦ ਤੇ ਸਿਹਤ ਮੰਤਰੀ ਪੈਟੀ ਹਾਜ਼ਦੂ ਵੱਲੋਂ ਚੇਤਾਵਨੀ ਵੀ ਜਾਰੀ ਕੀਤੀ ਗਈ। ਲਿਬਰਲਾਂ ਨੇ ਇਹ ਤਰਕ ਦਿੱਤਾ ਕਿ ਸੈਕਿੰਡ ਵੇਵ ਦਰਮਿਆਨ ਇਸ ਸੱਭ ਕਾਸੇ ਦਾ ਮੁਲਾਂਕਣ ਕੀਤਾ ਜਾਣਾ ਸਹੀ ਨਹੀਂ ਹੈ। ਹੁਣ ਅਧਿਐਨ ਲਈ ਬਣੀ ਸਹਿਮਤੀ ਤਹਿਤ ਸਰਕਾਰ ਨੂੰ ਈਮੇਲਜ਼, ਦਸਤਾਵੇਜ਼, ਨੋਟਸ ਅਤੇ ਪ੍ਰਧਾਨ ਮੰਤਰੀ ਆਫਿਸ, ਪ੍ਰਿਵੀ ਕਾਊਂਸਲ ਆਫਿਸ, ਹੈਲਥ ਕੈਨੇਡਾ, ਪਬਲਿਕ ਹੈਲਥ ਏਜੰਸੀ ਆਫ ਕੈਨੇਡਾ ਤੇ ਕੈਬਨਿਟ ਮੰਤਰੀ ਆਫਿਸਿਜ਼ ਨਾਲ ਸਬੰਧਤ ਹੋਰ ਰਿਕਾਰਡਜ਼ ਮਾਰਚ ਦੇ ਮੱਧ ਤੋਂ ਉਜਾਗਰ ਕਰਨ ਲਈ ਆਖਿਆ ਜਾਵੇਗਾ।
ਇਹ ਮਤਾ 152 ਦੇ ਮੁਕਾਬਲੇ 176 ਵੋਟਾਂ ਨਾਲ ਪਾਸ ਹੋਇਆ। ਇਸ ਵੋਟ ਉੱਤੇ ਪ੍ਰਤੀਕਿਰਿਆ ਪ੍ਰਗਟਾਉਂਦਿਆਂ ਸਰਕਾਰ ਦੇ ਹਾਊਸ ਲੀਡਰ ਪਾਬਲੋ ਰੌਡਰਿਗਜ਼ ਨੇ ਵਿਰੋਧੀ ਧਿਰ ਉੱਤੇ ਵੰਡੀਆਂ ਪਾਉਣ ਵਾਲੀ ਸਿਆਸਤ ਖੇਡਣ ਦਾ ਦੋਸ਼ ਲਾਇਆ। ਉਨ੍ਹਾਂ ਆਖਿਆ ਕਿ ਇਸ ਫੈਸਲੇ ਨਾਲ ਲਿਬਰਲ ਕਾਫੀ ਨਿਰਾਸ਼ ਹਨ।

# ਮੇਅਰਜ਼ ਨੇ ਓਨਟਾਰੀਓ ਤੇ ਫੈਡਰਲ ਸਰਕਾਰ ਤੋਂ ਆਰਥਿਕ ਮਦਦ ਲਈ ਕੀਤੀ ਅਪੀਲ



ਟੋਰਾਂਟੋ, 29 ਅਕਤੂਬਰ (ਪੋਸਟ ਬਿਊਰੋ) : ਓਨਟਾਰੀਓ ਦੀਆਂ ਸੱਭ ਤੋਂ ਵੱਡੀਆਂ ਮਿਊਂਸਪੈਲਿਟੀਜ਼ ਵੱਲੋਂ ਫੈਡਰਲ ਤੇ ਪ੍ਰੋਵਿੰਸ਼ੀਅਲ ਸਰਕਾਰਾਂ ਕੋਲੋਂ ਇਨਫਰਾਸਟ੍ਰਕਚਰ ਪ੍ਰੋਜੈਕਟਸ ਲਈ ਫੌਰੀ ਤੌਰ ਉੱਤੇ ਫੰਡਾਂ ਵਿੱਚ ਵਾਧਾ ਕਰਨ ਦੀ ਅਪੀਲ ਕੀਤੀ ਜਾ ਰਹੀ ਹੈ।
ਮਿਊਸਪੈਲਿਟੀਜ਼ ਦਾ ਕਹਿਣਾ ਹੈ ਕਿ ਕੋਵਿਡ-19 ਮਹਾਂਮਾਰੀ ਕਾਰਨ ਆਰਥਿਕ ਰਿਕਵਰੀ ਨੂੰ ਹੁਲਾਰਾ ਦੇਣ ਲਈ ਉਨ੍ਹਾਂ ਨੂੰ ਮਦਦ ਦੀ ਲੋੜ ਹੈ।
ਪ੍ਰੋਵਿੰਸ ਦੇ ਸੱਭ ਤੋਂ ਵੱਡੇ ਸਿਟੀਜ਼ ਦੇ ਮੇਅਰਜ਼ ਦਾ ਕਹਿਣਾ ਹੈ ਕਿ ਗਲੋਬਲ ਹੈਲਥ ਸੰਕਟ ਨੇ ਆਮਦਨ ਵਿੱਚ ਖਾਸਾ ਵਾਢਾ ਲਾਇਆ ਹੈ ਤੇ ਇਸ ਲਈ ਮਿਊਸਪੈਲਿਟੀਜ਼ ਲਈ ਬੁਨਿਆਦੀ ਢਾਂਚੇ ਨਾਲ ਜੁੜੇ ਅਹਿਮ ਹਿੱਸਿਆਂ ਦੀ ਮੁਰੰਮਤ ਕਰਵਾਉਣਾ ਵੀ ਔਖਾ ਹੋਇਆ ਪਿਆ ਹੈ।
ਗੁਐਲਫ, ਓਨਟਾਰੀਓ ਦੇ ਮੇਅਰ ਤੇ ਓਨਟਾਰੀਓ ਦੇ ਬਿੱਗ ਸਿਟੀ ਮੇਅਰਜ਼ ਆਰਗੇਨਾਈਜ਼ੇਸ਼ਨ ਦੇ ਚੇਅਰ ਕੈਮ ਗੁਥਰੀ ਨੇ ਆਖਿਆ ਕਿ ਸਾਨੂੰ ਲੋੜ ਦੇ ਹਿਸਾਬ ਨਾਲ ਫੰਡਿੰਗ ਹਾਸਲ ਨਹੀਂ ਹੋ ਰਹੀ।
ਉਨ੍ਹਾਂ ਆਖਿਆ ਕਿ ਸਾਡੀ ਆਰਥਿਕ ਮਦਦ ਕੀਤੀ ਜਾਵੇ ਤਾਂ ਕਿ ਲੋਕਾਂ ਨੂੰ ਕੰਮ ਉੱਤੇ ਵਾਪਿਸ ਸੱਦਿਆ ਜਾ ਸਕੇ। ਓਨਟਾਰੀਓ ਦੇ ਬਿੱਗ ਸਿਟੀ ਮੇਅਰਜ਼ ਵੱਲੋਂ ਇਹ ਮੁੱਦਾ ਫੈਡਰਲ ਤੇ ਪ੍ਰੋਵਿੰਸ਼ੀਅਲ ਇਨਫਰਾਸਟ੍ਰਕਚਰ ਮੰਤਰੀਆਂ ਕੋਲ 15 ਅਕਤੂਬਰ ਨੂੰ ਹੋਈ ਮੀਟਿੰਗ ਵਿੱਚ ਉਠਾਇਆ ਗਿਆ ਸੀ। ਉਨ੍ਹਾਂ ਵੱਲੋਂ ਫੈਡਰਲ ਤੇ ਪ੍ਰੋਵਿੰਸ਼ੀਅਲ ਸਰਕਾਰ ਨੂੰ ਮਿਊਸਪਲ ਇਨਫਰਾਸਟ੍ਰਕਚਰ ਨੂੰ ਫੌਰੀ ਤੌਰ ਉੱਤੇ ਆਰਥਿਕ ਮਦਦ ਦੇਣ ਦੀ ਅਪੀਲ ਵੀ ਕੀਤੀ ਗਈ ਸੀ।
ਗਰੁੱਪ ਵੱਲੋਂ ਇਹ ਮਤਾ ਵੀ ਪਾਸ ਕੀਤਾ ਗਿਆ ਸੀ ਕਿ ਸਮਾਂ ਵਿਹਾਅ ਚੁੱਕੀ ਸੰਪਤੀ ਦੀ ਥਾਂ ਨਵੇਂ ਬੁਨਿਆਦੀ ਢਾਂਚੇ ਦੀ ਲੋੜ ਹੈ, ਗ੍ਰੀਨਹਾਊਸ ਗੈਸਾਂ ਦੇ ਰਿਸਾਅ ਨੂੰ ਘਟਾਉਣ, ਆਰਥਿਕ ਮੁਕਾਬਲੇਬਾਜ਼ੀ ਨੂੰ ਮਜ਼ਬੂਤ ਕਰਨ ਦੀ ਲੋੜ ਹੈ। ਗੁਥਰੀ ਨੇ ਆਖਿਆ ਕਿ ਮੀਟਿੰਗ ਤੋਂ ਉਹ ਕਾਫੀ ਉਤਸਾਹਿਤ ਹੋਏ ਹਨ। ਟੋਰਾਂਟੋ ਦੇ ਮੇਅਰ ਜੌਹਨ ਟੋਰੀ ਵੱਲੋਂ ਵੀ ਗੁਥਰੀ ਦੀਆਂ ਟਿੱਪਣੀਆਂ ਦੀ ਹਮਾਇਤ ਕੀਤੀ ਗਈ।

# ਸਿਆਹ ਨਸਲ ਦੇ ਵਿਦਿਆਰਥੀ ਉਤੇ ਹਮਲਾ ਕਰਨ ਵਾਲੇ ਵਿਅਕਤੀ ਨੂੰ ਕੀਤਾ ਗਿਆ ਚਾਰਜ




ਟੋਰਾਂਟੋ, 29 ਅਕਤੂਬਰ (ਪੋਸਟ ਬਿਊਰੋ) : ਟੋਰਾਂਟੋ ਡਿਸਟ੍ਰਿਕਟ ਸਕੂਲ ਬੋਰਡ ਨੇ ਦੱਸਿਆ ਕਿ ਸਿਆਹ ਨਸਲ ਦੇ ਲੋਕਾਂ ਖਿਲਾਫ ਟਿੱਪਣੀਆਂ ਕਰਨ ਤੇ ਬਲੈਕ ਐਲੀਮੈਂਟਰੀ ਸਟੂਡੈਂਟ ਉੱਤੇ ਹਮਲਾ ਕਰਨ ਦੇ ਮਾਮਲੇ ਵਿੱਚ ਇੱਕ ਵਿਅਕਤੀ ਨੂੰ ਗ੍ਰਿਫਤਾਰ ਕੀਤਾ ਗਿਆ ਹੈ।
ਗਲੈਨ ਏਮਜ਼ ਸੀਨੀਅਰ ਪਬਲਿਕ ਸਕੂਲ ਦੀ ਪ੍ਰਿੰਸੀਪਲ ਕ੍ਰਿਸਟੀਨਾ ਵੈਸੈਂਗਰ ਨੇ ਮਾਪਿਆਂ ਨੂੰ ਇੱਕ ਪੱਤਰ ਭੇਜ ਕੇ ਇਸ ਘਟਨਾ ਤੋਂ ਜਾਣੂ ਕਰਵਾਇਆ। ਇਹ ਘਟਨਾ ਉਸ ਸਮੇਂ ਵਾਪਰੀ ਜਦੋਂ ਇਹ ਵਿਦਿਆਰਥੀ ਸੋਮਵਾਰ ਨੂੰ ਸਕੂਲ ਅਟੈਂਡ ਕਰਨ ਤੋਂ ਬਾਅਦ ਆਪਣੇ ਘਰ ਜਾ ਰਿਹਾ ਸੀ। ਪ੍ਰਿੰਸੀਪਲ ਨੇ ਆਖਿਆ ਕਿ ਇਸ ਮਸ਼ਕੂਕ ਵੱਲੋਂ ਪਹਿਲਾਂ ਵੀ ਇਸ ਤਰ੍ਹਾਂ ਦੀ ਘਟਨਾ ਨੂੰ ਅੰਜਾਮ ਦਿੱਤਾ ਜਾ ਚੁੱਕਿਆ ਹੈ।
ਪੱਤਰ ਵਿੱਚ ਲਿਖਿਆ ਗਿਆ ਹੈ ਕਿ 14 ਅਕਤੂਬਰ ਨੂੰ ਵੀ ਇਸ ਤਰ੍ਹਾਂ ਦੀ ਘਟਨਾ ਵਾਪਰੀ ਸੀ ਤੇ ਇੱਕ ਅਣਪਛਾਤੇ ਵਿਅਕਤੀ ਵੱਲੋਂ ਲੰਚ ਕਰ ਰਹੇ ਵਿਦਿਆਰਥੀਆਂ ਵਿੱਚੋਂ ਇੱਕ ਉੱਤੇ ਹਮਲਾ ਕੀਤਾ ਗਿਆ ਸੀ। ਅੱਜ ਵੀ ਉਸੇ ਵਿਅਕਤੀ ਵੱਲੋਂ ਦੂਜੇ ਵਿਦਿਆਰਥੀ ਉੱਤੇ ਹਮਲਾ ਕੀਤਾ ਗਿਆ ਹੈ। ਇਸ ਦੌਰਾਨ ਟੋਰਾਂਟੋ ਪੁਲਿਸ ਵੱਲੋਂ ਜਾਰੀ ਇੱਕ ਰਲੀਜ਼ ਵਿੱਚ ਆਖਿਆ ਗਿਆ ਕਿ 14 ਅਕਤੂਬਰ ਨੂੰ ਇੱਕ ਵਿਅਕਤੀ ਸਵੇਰੇ ਸਵੇਰੇ ਵਿਲੀਅਮਸਨ ਰੋਡ ਤੇ ਲੀ ਐਵਨਿਊ ਏਰੀਆ ਵਿੱਚ ਇੱਕ ਵਿਦਿਆਰਥੀ ਕੋਲ ਗਿਆ ਤੇ ਉਸ ਨੇ ਜਿਨਸੀ ਟਿੱਪਣੀਆਂ ਕੀਤੀਆਂ। ਪਰ ਪੁਲਿਸ ਦੇ ਮੌਕੇ ਉੱਤੇ ਪਹੁੰਚਣ ਤੋਂ ਪਹਿਲਾਂ ਹੀ ਉਹ ਫਰਾਰ ਹੋ ਗਿਆ।
ਸੋਮਵਾਰ ਨੂੰ ਪੁਲਿਸ ਅਧਿਕਾਰੀਆਂ ਨੇ ਸਕੂਲ ਦੇ ਗ੍ਰਾਊਂਡ ਵਿੱਚ ਇੱਕ ਵਿਦਿਆਰਥੀ ਉੱਤੇ ਹਮਲਾ ਕਰਨ ਦੇ ਮਾਮਲੇ ਵਿੱਚ 22 ਸਾਲਾ ਟ੍ਰਿਸਟਨ ਲੋਪੇਜ਼ ਨੂੰ ਗ੍ਰਿਫਤਾਰ ਕਰਨ ਤੋਂ ਬਾਅਦ ਚਾਰਜ ਕੀਤਾ ਹੈ। ਮਾਪਿਆਂ ਨੂੰ ਇਹ ਵੀ ਦੱਸਿਆ ਗਿਆ ਕਿ ਇਸ ਵਿਅਕਤੀ ਦੇ ਸਕੂਲ ਦੀ ਸੰਪਤੀ ਦੇ 100 ਮੀਟਰ ਦੇ ਦਾਇਰੇ ਵਿੱਚ ਆਉਣ ਉੱਤੇ ਵੀ ਪਾਬੰਦੀ ਲਾ ਦਿੱਤੀ ਗਈ ਹੈ।

# ਸਕਾਰਬੌਰੋ ਵਿੱਚ ਚੌਥਾ ਫਲੂ ਸ਼ੌਟ ਕਲੀਨਿਕ ਲਾਂਚ ਕਰੇਗੀ ਟੋਰਾਂਟੋ ਪਬਲਿਕ ਹੈਲਥ



ਸਕਾਰਬੌਰੋ, 29 ਅਕਤੂਬਰ (ਪੋਸਟ ਬਿਊਰੋ) : ਟੋਰਾਂਟੋ ਪਬਲਿਕ ਹੈਲਥ ਵੱਲੋਂ ਸਕਾਰਬੌਰੋ ਵਿੱਚ ਫਲੂ ਸ਼ੌਟ ਲਈ ਚੌਥੀ ਲੋਕੇਸ਼ਨ ਲਾਂਚ ਕੀਤੀ ਜਾ ਰਹੀ ਹੈ।
ਇਹ ਨਵਾਂ ਵੈਕਸੀਨ ਕਲੀਨਿਕ 31 ਅਕਤੂਬਰ ਦਿਨ ਸ਼ਨਿੱਚਰਵਾਰ ਨੂੰ ਸਕਾਰਬੌਰੋ ਟਾਊਨ ਸੈਂਟਰ ਵਿੱਚ ਖੋਲ੍ਹਿਆ ਜਾਵੇਗਾ। ਜਿਨ੍ਹਾਂ ਨੇ ਵੈਕਸੀਨੇਸ਼ਨ ਕਰਵਾਉਣੀ ਹੈ ਉਨ੍ਹਾਂ ਨੂੰ ਪਹਿਲਾਂ ਆਨਲਾਈਨ ਅਪੁਆਇੰਟਮੈਂਟ ਬੁੱਕ ਕਰਵਾਉਣੀ ਪਵੇਗੀ। ਇਹ ਕਲੀਨਿਕ ਦਸੰਬਰ ਦੇ ਅੰਤ ਤੱਕ ਆਪਰੇਟ ਕਰਦਾ ਰਹੇਗਾ। ਹੈਲਥ ਏਜੰਸੀ ਨੇ ਆਖਿਆ ਕਿ ਪਿਛਲੇ ਹਫਤੇ ਲਾਂਚ ਕੀਤੇ ਜਾਣ ਤੋਂ ਬਾਅਦ ਹੁਣ ਤੱਕ 1000 ਫਲੂ ਸ਼ੌਟਸ ਲਾਏ ਜਾ ਚੁੱਕੇ ਹਨ।

# ਕੋਵਿਡ-19 ਸਬੰਧੀ ਫੈਡਰਲ ਸਰਕਾਰ ਨੇ ਲਾਂਚ ਕੀਤੀ ਨਵੀਂ ਐਡ ਕੈਂਪੇਨ



ਓਟਵਾ, 29 ਅਕਤੂਬਰ (ਪੋਸਟ ਬਿਊਰੋ) : ਇਸ ਸਮੇਂ ਕੈਨੇਡਾ ਵਿੱਚ ਕੋਵਿਡ-19 ਦੀ ਸੈਕੰਡ ਵੇਵ ਦਾ ਜ਼ੋਰ ਹੈ, ਅਜਿਹੇ ਵਿੱਚ ਫੈਡਰਲ ਸਰਕਾਰ ਵੱਲੋਂ ਨਵੀਂ ਐਡ ਕੈਂਪੇਨ ਚਲਾਈ ਜਾ ਰਹੀ ਹੈ ਜਿਸ ਵਿੱਚ ਕੈਨੇਡਾ ਦੇ ਉੱਘੇ ਡਾਕਟਰਾਂ ਨੂੰ ਦਰਸਾਇਆ ਗਿਆ ਹੈ। ਇਹ ਐਡ ਕੈਂਪੇਨ 30 ਸੈਕਿੰਡ ਦੀ ਹੈ ਤੇ ਇਹ ਅੰਗਰੇਜ਼ੀ ਤੇ ਫਰੈਂਚ ਭਾਸ਼ਾਵਾਂ ਵਿੱਚ ਹੈ। ਇਸ ਵਿੱਚ ਲੋਕਾਂ ਨੂੰ ਮੂਲ ਰੂਪ ਵਿੱਚ ਵਰਤੀਆਂ ਜਾਣ ਵਾਲੀਆਂ ਸਾਵਧਾਨੀਆਂ ਦਾ ਜ਼ਿਕਰ ਕੀਤਾ ਗਿਆ ਹੈ।

ਚੀਫ ਪਬਲਿਕ ਹੈਲਥ ਆਫੀਸਰ ਡਾ. ਥੈਰੇਸਾ ਟੈਮ ਦਾ ਕਹਿਣਾ ਹੈ ਕਿ ਕੈਨੇਡਾ ਵਿੱਚ ਕੋਵਿਡ-19 ਮਹਾਂਮਾਰੀ ਗੰਭੀਰ ਰੂਪ ਲੈ ਚੁੱਕੀ ਹੈ ਤੇ ਸਾਨੂੰ ਸਾਰੇ ਪਬਲਿਕ ਹੈਲਥ ਮਾਪਦੰਡਾਂ ਦਾ ਪਾਲਣ ਕਰਨਾ ਜਾਰੀ ਰੱਖਣਾ ਚਾਹੀਦਾ ਹੈ। ਉਨ੍ਹਾਂ ਅੱਗੇ ਆਖਿਆ ਕਿ ਇੱਕਠਾਂ ਲਈ ਲੋਕਲ ਗਾਈਡਲਾਈਨਜ਼ ਦਾ ਪਾਲਣ ਕੀਤਾ ਜਾਵੇ, ਫਿਜ਼ੀਕਲ ਡਿਸਟੈਂਸਿੰਗ ਮੇਨਟੇਨ ਕੀਤੀ ਜਾਵੇ, ਹੱਥਾਂ ਨੂੰ ਵਾਰੀ ਵਾਰੀ ਧੋਇਆ ਜਾਵੇ, ਮਾਸਕ ਜ਼ਰੂਰ ਪਾਇਆ ਜਾਵੇ ਤੇ ਇਸ ਤੋਂ ਇਲਾਵਾ ਕੋਵਿਡ ਐਲਰਟ ਐਪ ਜ਼ਰੂਰ ਡਾਊਨਲੋਡ ਕੀਤਾ ਜਾਵੇ। ਜੇ ਤੁਹਾਨੂੰ ਮਾਮੂਲੀ ਜਿਹੇ ਵੀ ਲੱਛਣ ਹਨ ਤਾਂ ਘਰ ਰਹੋ। ਆਪਣੀ ਤੇ ਦੂਜਿਆਂ ਦੀ ਹਿਫਾਜ਼ਤ ਕਰੋ।

ਫਰੈਂਚ ਭਾਸ਼ਾ ਵਿੱਚ ਡਿਪਟੀ ਪਬਲਿਕ ਹੈਲਥ ਆਫੀਸਰ ਡਾ. ਹੌਵਰਡ ਨਜੂ ਨੇ ਵੀ ਇਹੋ ਸਲਾਹ ਦਿੱਤੀ। ਇਹ ਐਡਵਰਟੀਜ਼ਮੈਂਟ ਇਸ ਹਫਤੇ ਟੀਵੀ, ਰੇਡੀਓ, ਡਿਜੀਟਲ ਪਲੇਟਫਾਰਮਜ਼ ਤੇ ਸੋਸ਼ਲ ਮੀਡੀਆ ਸਾਈਟਸ ਉੱਤੇ ਲਾਂਚ ਕੀਤੀ ਗਈ। ਸਰਕਾਰ ਨੇ ਇਹ ਨਹੀਂ ਦੱਸਿਆ ਕਿ ਇਸ ਕੈਂਪੇਨ ਉੱਤੇ ਕਿੰਨੀ ਲਾਗਤ ਆਵੇਗੀ ਪਰ ਇਸੇ ਤਰ੍ਹਾਂ ਦੇ ਇਸ਼ਤਿਹਾਰ ਉੱਤੇ ਬਸੰਤ ਵਿੱਚ 30 ਮਿਲੀਅਨ ਡਾਲਰ ਦਾ ਖਰਚਾ ਆਇਆ ਸੀ।








# NEW CONDOS COMING SOON

Beautiful nature, luxurious amenities, a rooftop lifestyle park, close to urban conveniences, in vibrant downtown Mississauga.

**Starting From $440,900**

## FREE ASSIGNMENT

**PERMISSION TO LEASE DURING OCCUPANCY**
**CAPPED DEVELOPMENT CHARGERS**

### QUICK FACTS

Developer: Liberty Developments
Nearest Intersection: Hurontario & Eglinton
Suite Types: 1 Bedroom – 3 Bedroom Suites

### EXTENDED DEPOSIT STRUCTURE

$5,000 with offer
Balance to 5% in 30 days
2.5% in 60 days
2.5% in 90 days
2.5% in 370 days
2.5% in 540 days
5% on Occupancy



Residential
Commercial
Investment

Century 21
President Realty Inc
Brokerage*
Independently Owned and Operated.
Grewalhomes.com

**Jagdish Grewal**
Sales Representative
416 877-6464
or E-mail Jagdish@grewalhomes.com




## FRESH & LARGE VARIETY

Bread , Derry & Eggs
Branded Foods
Fruits & Vegetables
Beverages & Confectionery
Grocery & Staples
Sweet & Samosas

**SERVING FROM ALL LOCATIONS IN GTA AREA:**

10 Westmore Drive
Etobicoke ON M9V-3Z7
416-740-3262

21 Lacoste Blvd,
Brampton, ON L6P 2K2
905 794-8109

621 Wanless drive, # 122
Brampton ON L7A 0A9
905-495-3336

1075 Ceremonial Drive
Mississauga ON L5R 2Z4
905-502-1600

80 Pertosa Drive
Brampton ON L5X-5E9
905-460-0009

10510 Torbram Road,
Brampton
905-790-0030

2120 North park Drive
Brampton ON L6S 0C9
905-793-1338

10 Pannahill Dr,
Brampton
905 913-8017

